
# ਤੀਜਾ ਨੇਤ੍ਰ



ਗਿ. ਸੰਤ ਸਿੰਘ ਮਸਕੀਨ

ੴ ਸਤਿਗੁਰ ਪ੍ਰਸਾਦਿ ॥

# ਤੀਜਾ ਨੇਤ੍ਰ

MATA GUJRI LIBRARY
G.T.B. GURDWARA
106 EAST PARK ROAD
LEICESTER
TEL: (0116) 276 0517

ਲੇਖਕ :
## ਗਿ: ਸੰਤ ਸਿੰਘ ਮਸਕੀਨ

ਗੁਰਮਤਿ ਸਮਾਗਮ ਅਸਥਾਨ
ਰੋਡ ਨੰ: 2,
ਅਲਵਰ - 301 001 (ਰਾਜਸਥਾਨ)
ਫ਼ੋਨ : 2331313

ਸੀਸ ਗਰਾਂ
ਅਲਵਰ - 301 001 (ਰਾਜਸਥਾਨ)
ਫ਼ੋਨ : 0144-2701123
ਮੋਬਾਇਲ : 98102-70140

TĪJĀ NETAR
*by*
GIANI SANT SINGH MASKEEN

©
ਸਭ ਹੱਕ ਲੇਖਕ ਦੇ ਰਾਖਵੇਂ ਹਨ।
ਬਿਨਾਂ ਆਗਿਆ ਕੋਈ ਨਾ ਛਾਪੇ।

ਪੰਜਵੀਂ ਵਾਰ ਮਾਰਚ 1995
ਛੇਵੀਂ ਵਾਰ ਮਾਰਚ 2001
ਸਤਵੀਂ ਵਾਰ ਮਾਰਚ 2005
ਅੱਠਵੀਂ ਵਾਰ ਜਨਵਰੀ 2006

**ਮੁੱਲ : 50-00 ਰੁਪਏ**

*ਮਿਲਣ ਦੇ ਪਤੇ :*

**ਗੁਰ ਜੋਤੀ ਐਂਟਰਪ੍ਰਾਈਜ਼ਜ਼**
ਰੋਡ ਨੰ: 2, ਅਲਵਰ - 301 001
ਫ਼ੋਨ : 0144-2344312, 2331313

**ਸਿੰਘ ਬ੍ਰਦਰਜ਼**
•
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006
•
S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001
E-mail : singhbro@vsnl.com
Website : www.singhbrothers.com

*ਲੇਖਕ ਤੇ ਪ੍ਰਕਾਸ਼ਕ :*
ਗਿ: ਸੰਤ ਸਿੰਘ ਮਸਕੀਨ
ਸੀਸ ਗਰਾਂ, ਅਲਵਰ - 301 001 (ਰਾਜਸਥਾਨ)
ਫ਼ੋਨ : 0144-2701123, 2335478 ਮੋਬਾਇਲ : 98102-70140

*ਪ੍ਰਿੰਟਰਜ਼ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ


| | | |
|---|---|---|
| ਭੂਮਿਕਾ | ਗਿਆਨੀ ਚੇਤ ਸਿੰਘ ਜੀ | 7 |
| ਮੁਖਬੰਧ | ਗਿਆਨੀ ਕਿਰਪਾਲ ਸਿੰਘ ਜੀ | 13 |
| ਦੋ ਸ਼ਬਦ | ਲੇਖਕ ਵੱਲੋਂ | 19 |

- ਸੰਤ 21
- ਜਤੀ 26
- ਤਿੰਨ ਗੁਣ 32
- ਸ਼ਕਤੀ 38
- ਜਪ 42
- ਸਮਾਧੀ 50
- ਅਰਦਾਸ 54
- ਚਰਨ-ਰਜ 57
- ਵਿਸਮਾਦ 62
- ਭੈ-ਸਾਗਰ 66
- ਮਾਨੁਸ਼ 70
- ਨਿਰਬਾਣ-ਪਦ 75
- ਪਰਚਾਰਕ 78
- ਉਦਾਸੀ 84
- ਨਿੰਦ੍ਹਾ 87
- ਜੀਵਨ 91
- ਨਾਮ-ਖ਼ੁਮਾਰੀ 95
- ਭੇਟਾ 101

# ਭੂਮਿਕਾ

ਅੱਜ ਦੇ ਸਮੇਂ ਵਿਚ ਭਾਵੇਂ ਧਰਮ ਦਾ ਨਾਸ ਬਿਲਕੁਲ ਤਾਂ ਨਹੀਂ ਹੋਇਆ, ਪਰ ਧਰਮ 'ਤੇ ਅਮਲ ਜ਼ਰੂਰ ਘਟਦਾ ਜਾ ਰਿਹਾ ਹੈ ਅਤੇ ਮਨੁੱਖਾਂ ਦੀ ਧਰਮ ਵੱਲੋਂ ਰੁਚੀ ਘਟਦੀ ਜਾ ਰਹੀ ਹੈ। ਮਾਇਆ ਦੇ ਪ੍ਰਭਾਵ ਹੇਠ ਮਨੁੱਖ ਨਾਸਤਿਕਤਾ ਵੱਲ ਜਾ ਰਹੇ ਹਨ। ਅੱਜ ਦੇ ਇਸ ਭਿਆਨਕ ਸਮੇਂ ਵਿਚ ਚੰਗੀ ਕਰਨੀ ਵਾਲੇ ਤੇ ਉੱਚੇ ਜੀਵਨ ਵਾਲੇ ਮਹਾਂਪੁਰਖ ਘੱਟ ਹੀ ਨਜ਼ਰ ਆਉਂਦੇ ਹਨ। ਫਿਰ ਭੀ ਉਸ ਮਾਲਕ ਦੀ ਕਿਰਪਾ ਨਾਲ ਉਤਲੇ ਮੰਡਲਾਂ ਵਿਚ ਉਡਾਰੀ ਲਾਉਣ ਵਾਲੇ ਗੁਰਮੁਖ ਸਿੱਖਾਂ ਦਾ ਸੰਸਾਰ ਵਿਚ ਅਭਾਵ ਨਹੀਂ, ਪਰ "ਹੈਨਿ ਵਿਰਲੇ ਨਾਹੀ ਘਣੇ" ਅਤੇ ਅਜਿਹੇ ਗੁਰਮੁਖ ਸਿੱਖ ਅਕਾਲ ਪੁਰਖ ਦੀ ਕਿਰਪਾ ਨਾਲ ਪ੍ਰਭੂਸੱਤਾ ਪਾ ਕੇ ਸੰਸਾਰ ਵਿਚ ਆ ਕੇ ਨਾਮ-ਬਾਣੀ ਦਾ ਅਭਿਆਸ ਕਰ ਕੇ ਸਮੇਂ ਸਿਰ ਆਪਣੀ ਸੱਚੀ ਆਵਾਜ਼ ਲੋਕਾਂ ਤਕ ਪਹੁੰਚਾਉਣ ਦਾ ਪੂਰਾ ਪੂਰਾ ਯਤਨ ਕਰਦੇ ਹਨ। "ਸਚੁ ਸੁਣਾਇਸੀ ਸਚ ਕੀ ਬੇਲਾ" ਅਤੇ ਉਨ੍ਹਾਂ ਦੀ ਰਸਨਾ ਤੋਂ ਨਿਕਲੇ ਬਚਨਾਂ ਦਾ ਪ੍ਰਭਾਵ ਸੰਸਾਰ ਦੇ ਤਪਤ ਹਿਰਦਿਆਂ ਨੂੰ ਸ਼ਾਂਤ ਕਰਦਾ ਹੈ। ਵੈਸੇ ਤਾਂ ਅਕਾਲ ਪੁਰਖ ਜਿਸ ਜੀਵ ਨੂੰ ਭੀ ਸੰਸਾਰ ਵਿਚ ਭੇਜਦਾ ਹੈ, ਉਸ ਨੂੰ ਜੀਵਨ ਬਤੀਤ ਕਰਨ ਦੇ ਕਰਮਾਂ ਅਨੁਸਾਰ ਸਾਧਨ ਭੀ ਬਖ਼ਸ਼ਦਾ ਹੈ, ਪਰ ਵੱਡੀ ਮਿਹਰ ਉਸ ਮਾਲਕ ਦੀ ਮਨੁੱਖ 'ਤੇ ਇਹ ਹੈ ਜੋ ਉਸ ਨੇ ਉੱਤਮ ਮਨੁੱਖਾ ਦੇਹੀ ਦਿੱਤੀ ਹੈ—"ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ ਅਵਰ ਜੋਨਿ ਤੇਰੀ ਪਨਿਹਾਰੀ॥" ਮਨੁੱਖਾ ਦੇਹੀ ਵਿਚ ਹੀ ਉਸ ਦੀ ਕਿਰਪਾ ਦੇ ਪਾਤਰ ਬਣ ਸਕੀਦਾ ਹੈ। ਮਨੁੱਖਾ ਜਨਮ ਵਿਚ ਹੀ ਉਸ ਦੀ ਮਿਹਰ ਤੇ ਕ੍ਰਿਪਾ-ਦ੍ਰਿਸ਼ਟੀ ਲਈ ਉਸ ਦੇ ਅੱਗੇ ਝੋਲੀ ਅੱਡ ਸਕਦੇ ਹਾਂ। ਉਸ ਅੱਗੇ ਜੋਦੜੀ ਕਰ ਸਕਦੇ ਹਾਂ ਅਤੇ ਉਸ ਵਾਹਿਗੁਰੂ ਅਕਾਲ ਪੁਰਖ ਪਾਸੋਂ ਨਾਮ ਦੀ ਦਾਤ ਪ੍ਰਾਪਤ ਕਰ ਸਕਦੇ ਹਾਂ। ਉਹ ਮਨੁੱਖਾ ਦੇਹੀ ਵਿਚ ਹੀ ਸੱਚੇ ਸੁੱਚੇ ਪ੍ਰੇਮੀਆਂ ਦੀ ਅਰਦਾਸ ਸੁਣ ਕੇ ਮਿਹਰ ਦੇ ਘਰ ਵਿਚ ਆ ਕੇ ਧੁਰੋਂ ਬਖ਼ਸ਼ੀਆਂ ਆਤਮਾਵਾਂ ਨੂੰ ਸੰਸਾਰ ਵਿਚ ਭੇਜਦਾ ਹੈ। ਉਨ੍ਹਾਂ ਪਾਸੋਂ ਨਾਮ-ਬਾਣੀ ਦਾ ਪ੍ਰਚਾਰ ਕਰਵਾ ਕੇ ਪਰਮਾਤਮਾ ਵੱਲੋਂ ਭੁੱਲੇ ਲੋਕਾਂ ਨੂੰ ਮਾੜੇ ਪਾਸਿਓਂ ਹਟਾ ਕੇ ਚੰਗੇ ਪਾਸੇ ਲਾਉਣ ਦਾ ਮਹਾਨ ਉਪਕਾਰ ਕਰਾਉਂਦਾ ਹੈ। ਅਜੋਕੇ ਸਮੇਂ ਵਿਚ ਧਾਰਮਿਕ ਰੁਚੀਆਂ ਰੱਖਣ ਵਾਲਾ ਕਿਹੜਾ ਸਿੱਖ ਹੈ

ਜੋ ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਨਾਮ ਤੋਂ ਜਾਣੂੰ ਨਹੀਂ। ਮਸਕੀਨ ਜੀ ਧਾਰਮਿਕ ਅਤੇ ਅਮਲੀ ਜੀਵਨ ਵਾਲੇ ਪੂਰਨ ਗੁਰਸਿੱਖ ਹਨ। ਅੰਮ੍ਰਿਤ ਵੇਲੇ ਉਠਦੇ, ਇਸ਼ਨਾਨ ਆਦਿ ਦੀ ਨਿੱਤ ਕਿਰਿਆ ਕਰਨ ਉਪਰੰਤ ਨਿੱਤਨੇਮ ਕਰਦੇ, ਉਪਰੰਤ ਅੰਤਰ-ਧਿਆਨ ਹੋ ਕੇ ਵਾਹਿਗੁਰੂ ਮੰਤਰ ਦਾ ਅਭਿਆਸ ਕਰਦੇ। ਆਪ ਕੀਰਤਨ ਦੇ ਆਸ਼ਕ ਹਨ। ਕਥਾ ਕਰਨ ਤੋਂ ਪਹਿਲਾਂ ਕੁਝ ਸਮਾਂ ਕੀਰਤਨ ਜ਼ਰੂਰ ਸੁਣਦੇ ਹਨ। ਆਪ ਦਾ ਇਹ ਵਿਸ਼ਵਾਸ ਹੈ ਕਿ ਕੀਰਤਨ ਵਿੱਚੋਂ ਜੋ ਸਤਿਗੁਰੂ ਮੈਨੂੰ ਸੁਝਾਅ ਬਖ਼ਸ਼ਦੇ ਹਨ—ਉਹ ਮੈਂ ਕਥਾ ਰਾਹੀਂ ਸੰਗਤਾਂ ਨੂੰ ਸੁਣਾ ਦਿੰਦਾ ਹਾਂ।

**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥**

*(ਪੰਨਾ 763)*

ਵਕਤੇ ਵਿਚ ਵਿਦਵਾਨਾਂ ਦੇ ਲਿਖੇ ਅਨੁਸਾਰ 14 ਗੁਣ ਚਾਹੀਦੇ ਹਨ—ਉਨ੍ਹਾਂ ਚੌਦਾਂ ਗੁਣਾਂ ਵਿੱਚੋਂ ਵਿਸ਼ੇਸ਼ ਗੁਣ ਮਸਕੀਨ ਜੀ ਵਿਚ ਪਾਏ ਜਾਂਦੇ ਹਨ: ਨਿਰਲੋਭੀ ਹਨ, ਸੰਤੋਖੀ ਹਨ, ਜ਼ਬਾਨ ਵਿਚ ਰਸ ਹੈ, ਅਦਾਇਗੀ ਬੜੀ ਸਰਲ ਹੈ, ਅਲੰਕਾਰ ਅਜਿਹਾ ਬੰਨ੍ਹਦੇ ਹਨ ਕਿ ਸੱਚ ਪ੍ਰਤੱਖ ਮੂਰਤੀਮਾਨ ਹੋ ਜਾਂਦਾ ਹੈ। ਸਰੋਤਿਆਂ ਦੀਆਂ ਬਿਰਤੀਆਂ ਨੂੰ ਬੰਨ੍ਹ ਕੇ ਆਪਣੇ ਵੱਲ ਖਿੱਚ ਲੈਂਦੇ ਹਨ। ਸੱਚੀ ਗੱਲ ਬੜੀ ਨਿਡਰਤਾ ਅਤੇ ਦਲੇਰੀ ਨਾਲ ਕਥਾ ਕਰਦਿਆਂ ਸੰਗਤ ਵਿਚ ਕਹਿ ਦਿੰਦੇ ਹਨ, ਭਾਵੇਂ ਕਿਸੇ ਦੇ ਬਰਖ਼ਿਲਾਫ਼ ਜਾਵੇ ਤੇ ਭਾਵੇਂ ਹੱਕ ਵਿਚ। ਉੱਚੇ ਆਚਰਨ ਦੀ ਤਾਂ ਮੂਰਤੀ ਹੀ ਹਨ। ਆਪ ਜੀ ਵਿਚ ਬਹੁਤ ਵੱਡਾ ਗੁਣ ਇਹ ਹੈ ਜੋ ਆਪ ਕਹਿੰਦੇ ਹਨ ਉਸ 'ਤੇ ਅਮਲ ਕਰਦੇ ਹਨ।

ਸਿੱਖ ਧਰਮ ਤੋਂ ਛੁੱਟ ਗ਼ੈਰ-ਧਰਮਾਂ ਦੀ ਪੂਰੀ ਪੂਰੀ ਵਾਕਫ਼ੀਅਤ ਰੱਖਦੇ ਹਨ—ਇਸੇ ਲਈ ਜਦੋਂ ਕੋਈ ਅਨਮੱਤ ਵਾਲਾ ਭੀ ਆਪ ਪਾਸ ਆ ਕੇ ਪ੍ਰਸ਼ਨ ਕਰਦਾ ਹੈ, ਉਸ ਨੂੰ ਬੜੀ ਗੰਭੀਰਤਾ ਨਾਲ ਉੱਤਰ ਦੇ ਕੇ ਉਸ ਦੀ ਪੂਰੀ ਤਰ੍ਹਾਂ ਤਸੱਲੀ ਕਰਾਉਂਦੇ ਹਨ।

ਸੰਸਾਰ ਵਿਚ ਘੱਟ ਹੀ ਇਸ ਤਰ੍ਹਾਂ ਦੇ ਵਿਦਵਾਨ ਵੇਖਣ ਵਿਚ ਆਉਂਦੇ ਹਨ, ਜੋ ਚੰਗੇ ਲਿਖਾਰੀ ਭੀ ਹੋਣ ਅਤੇ ਚੰਗੇ ਵਕਤੇ ਭੀ ਹੋਣ। ਜਿਹੜਾ ਚੰਗਾ ਲਿਖਾਰੀ ਹੋਵੇਗਾ, ਉਹ ਚੰਗਾ ਵਕਤਾ ਨਹੀਂ ਹੁੰਦਾ। ਜੋ ਚੰਗਾ ਵਕਤਾ ਹੋਵੇਗਾ, ਉਹ ਚੰਗਾ ਲਿਖਾਰੀ ਨਹੀਂ ਹੁੰਦਾ। ਮਸਕੀਨ ਜੀ ਵਿਚ ਇਹ ਦੋਵੇਂ ਹੀ ਮਹਾਨ ਗੁਣ ਹਨ—ਉਹ ਚੰਗੇ ਵਕਤੇ ਭੀ ਹਨ ਅਤੇ ਚੰਗੇ ਲਿਖਾਰੀ ਭੀ ਹਨ। ਕਥਾ ਜਦੋਂ ਕਰਦੇ ਹਨ, ਜਿਸ ਮਜ਼ਮੂਨ ਨੂੰ ਸ਼ੁਰੂ ਕਰਦੇ ਹਨ, ਕਈ ਗ੍ਰੰਥਾਂ ਦੇ ਹਵਾਲੇ ਤੇ ਪ੍ਰਮਾਣ ਦੇ ਕੇ, ਅਖ਼ੀਰ 'ਤੇ ਗੁਰਬਾਣੀ ਦੀ ਮੋਹਰ ਛਾਪ ਲਾ ਕੇ, ਗੁਰਬਾਣੀ ਦੀ ਮਹਾਨਤਾ ਦਰਸਾ ਕੇ ਆਪਣੇ ਸ਼ੁਰੂ ਕੀਤੇ ਮਜ਼ਮੂਨ ਨੂੰ ਪੂਰਾ ਕਰਦੇ ਹਨ।

ਅਲੰਕਾਰ ਅਜਿਹਾ ਬੰਨ੍ਹਦੇ ਹਨ ਜਿਸ ਨਾਲ ਸਰੋਤਿਆਂ ਨੂੰ ਪੂਰੀ ਪੂਰੀ ਸਮਝ ਪੈ ਜਾਂਦੀ ਹੈ ਅਤੇ ਸਰੋਤਿਆਂ ਦੀਆਂ ਬਿਰਤੀਆਂ ਕਥਾ ਵਿਚ ਗੱਡੀਆਂ ਜਾਂਦੀਆਂ ਹਨ। ਸਰੋਤੇ ਇਸ ਤਰ੍ਹਾਂ ਕੀਲੇ ਜਾਂਦੇ ਹਨ ਜਿਸ ਤਰ੍ਹਾਂ ਮਦਾਰੀ ਦੇ ਗਾਰੜੂ ਮੰਤਰ ਨਾਲ ਸੱਪ ਕੀਲਿਆ ਜਾਂਦਾ ਹੈ। ਕਈਆਂ ਨੂੰ ਤਾਂ ਕਥਾ ਸੁਣ ਕੇ ਨਾਮ ਦਾ ਅਜਿਹਾ ਰੰਗ ਚੜ੍ਹ ਜਾਂਦਾ ਹੈ ਕਿ ਉਨ੍ਹਾਂ ਦਾ ਜੀਵਨ ਹੀ ਬਦਲ ਜਾਂਦਾ ਹੈ, ਮਸਕੀਨ ਜੀ ਵਿਚ ਵਕਤਿਆਂ ਦੇ ਇਹ ਮਹਾਨ ਗੁਣ ਹਨ।

ਲਿਖਾਰੀ ਇਸ ਕਰਕੇ ਮਹਾਨ ਹਨ—ਆਪ ਨੇ ਪਹਿਲੇ ਦੋ ਪੁਸਤਕਾਂ ਲਿਖੀਆਂ ਹਨ—ਪਹਿਲੀ ਪੁਸਤਕ ਸੰਨ 1979 ਵਿਚ *(ਗੁਰੂ-ਚਿੰਤਨ)*, ਦੂਜੀ ਪੁਸਤਕ *(ਗੁਰੂ-ਜੋਤੀ)* ਸੰਨ 1982 ਵਿਚ। *ਗੁਰੂ-ਚਿੰਤਨ* ਜਿਸ ਵਿਚ ਦ੍ਵੰਦਵਾਦ 'ਤੇ ਵੱਖੋ-ਵੱਖ 61 ਲੇਖ ਲਿਖੇ ਹਨ। ਜੈਸਾ ਕਿ ਨਾਮ ਦੇ ਮੋਖ, ਭੋਜਨ ਤੇ ਭਜਨ, ਜੀਵਨ ਤੇ ਮੌਤ, ਹੱਸਣਾ ਤੇ ਰੋਣਾ ਆਦਿ ਲੇਖਾਂ ਨੂੰ ਬੜੇ ਸੁਚੱਜੇ ਢੰਗ ਨਾਲ ਲਿਖ ਕੇ ਪ੍ਰਮਾਣ ਅਤੇ ਦਲੀਲਾਂ ਦੇ ਕੇ ਦੋਹਾਂ ਪੱਖਾਂ ਨੂੰ ਬੜੀ ਸਿਆਣਪ ਨਾਲ ਸਿਰੇ ਚਾੜ੍ਹਿਆ ਹੈ। ਮੇਰੇ ਵੇਖਣ ਵਿਚ ਇਹ ਪਹਿਲੀ ਪੁਸਤਕ ਹੈ ਜਿਸ ਵਿਚ ਦ੍ਵੰਦਵਾਦ 'ਤੇ ਇਤਨੇ ਲੇਖ ਲਿਖੇ ਹਨ। ਇਸ ਪੁਸਤਕ ਦੇ ਪੜ੍ਹਨ ਨਾਲ ਦ੍ਵੰਦਵਾਦ ਦੇ ਦੋਹਾਂ ਪੱਖਾਂ ਦਾ ਪੂਰਨ ਗਿਆਨ ਪ੍ਰਾਪਤ ਹੋ ਜਾਂਦਾ ਹੈ।

ਦੂਸਰੀ ਪੁਸਤਕ ***ਗੁਰੂ-ਜੋਤੀ*** ਜਿਸ ਵਿਚ 42 ਲੇਖ ਵੱਖੋ-ਵੱਖ ਵਿਸ਼ਿਆਂ 'ਤੇ ਲਿਖੇ ਹਨ, ਜੈਸਾ ਕਿ 'ਮੈਂ ਬਨਜਾਰਨਿ ਰਾਮ ਕੀ', 'ਰਾਜੇ ਸੀਹ ਮੁਕਦਮ ਕੁਤੇ', 'ਸੁਪਨੈ ਆਇਆ ਭੀ ਗਇਆ', 'ਬਾਬਾ ਹੋਰੁ ਖਾਣਾ ਖੁਸੀ ਖੁਆਰੁ' ਆਦਿ। ਜਿਸ ਮਜ਼ਮੂਨ ਨੂੰ ਜਿਥੋਂ ਸ਼ੁਰੂ ਕੀਤਾ ਹੈ, ਉਥੇ ਹੀ ਉਸ ਨੂੰ ਪ੍ਰਮਾਣਾਂ ਅਤੇ ਦਲੀਲਾਂ ਨਾਲ ਸਪੱਸ਼ਟ ਕਰ ਕੇ ਬੜੇ ਸੁਚੱਜੇ ਢੰਗ ਨਾਲ ਸੰਪੂਰਨ ਕੀਤਾ ਹੈ—ਜਿਨ੍ਹਾਂ ਦੇ ਪੜ੍ਹਨ ਨਾਲ ਸ਼ੰਕਾਵਾਦੀਆਂ ਦੇ ਸਹਿਜੇ ਹੀ ਸ਼ੰਕੇ ਨਿਵਿਰਤ ਹੋ ਜਾਂਦੇ ਹਨ। ਇਸ ਪੁਸਤਕ ਤੋਂ ਕਥਾ-ਵਾਚਕਾਂ ਅਤੇ ਪ੍ਰਚਾਰਕਾਂ ਨੂੰ ਖ਼ਾਸ ਲਾਭ ਹੋਇਆ ਹੈ।

ਹੁਣ ਮਸਕੀਨ ਜੀ ਨੇ ਇਹ ਤੀਸਰੀ ਪੁਸਤਕ *(ਤੀਜਾ ਨੇਤ੍ਰ)* ਆਪਣੇ ਭਾਰੀ ਰੁਝੇਵਿਆਂ ਵਿੱਚੋਂ ਵਕਤ ਕੱਢ ਕੇ ਸੰਗਤਾਂ ਦੇ ਲਾਭ ਲਈ ਲਿਖੀ ਹੈ। ਇਸ ਪੁਸਤਕ ਵਿਚ ਭੀ ਬੜੇ ਵਿਦਵਤਾ-ਭਰਪੂਰ ਵੱਖੋ-ਵੱਖ 18 ਮਜ਼ਮੂਨਾਂ ਦੇ ਬੜੀ ਸੁਘੜਤਾ ਨਾਲ ਸੌਖੇ ਸ਼ਬਦਾਂ ਵਿਚ ਉੱਚੇ ਵਿਚਾਰ ਲਿਖੇ ਹਨ—ਜਿਨ੍ਹਾਂ ਨੂੰ ਪੜ੍ਹਨ ਵਾਲੇ ਪੜ੍ਹ ਕੇ ਤੇ ਅਮਲ ਕਰ ਕੇ ਆਦਰਸ਼ਕ ਜੀਵਨ ਹਾਸਲ ਕਰਨਗੇ, ਜੈਸਾ ਕਿ (ਸੰਤ) ਸ਼ਬਦ ਦੇ ਮਜ਼ਮੂਨ ਵਿਚ ਅਸਲੀ ਸੰਤ ਤੇ ਨਕਲੀ ਸੰਤ ਦੀ ਨਿਸ਼ਾਨੀ ਗੁਰਬਾਣੀ ਦੇ ਆਧਾਰ 'ਤੇ ਦਰਸਾ ਕੇ ਪਾਖੰਡ ਦੀਆਂ ਸੋਹਣੇ ਢੰਗ ਨਾਲ ਲਿਖ ਕੇ ਧੱਜੀਆਂ ਉਡਾਈਆਂ ਹਨ।

## ਜਤ

'ਜਤ' ਸ਼ਬਦ 'ਤੇ ਲਿਖੇ ਲੇਖ ਵਿਚ ਜਤੀ ਕੌਣ ਹੈ—"ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ॥" ਅਨੁਸਾਰ ਦੱਸ ਕੇ ਗ੍ਰਹਿਸਤ ਆਸ਼ਰਮ ਦੇ ਸਾਰੇ ਧਰਮਾਂ ਨਾਲੋਂ ਉੱਚਤਾ ਵਿਖਾਈ ਹੈ।

## ਜਪ

'ਜਪ' ਸ਼ਬਦ ਦੀ ਵਿਆਖਿਆ ਕਰਦਿਆਂ ਆਪ ਨੇ ਬੜੀ ਵਿਦਵਤਾ-ਭਰਪੂਰ ਖੋਜ ਅਨੁਸਾਰ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਗੁਰਬਾਣੀ ਵਿੱਚੋਂ ਹੀ ਦਿੱਤਾ ਹੈ। ਜਪ ਕਿਸ ਦਾ ਕਰਨਾ ਹੈ ? ਜਪ ਕਦੋਂ ਕਰਨਾ ਹੈ ? ਜਪ ਕਿਸ ਤਰ੍ਹਾਂ ਕਰਨਾ ਹੈ ?

## ਅਰਦਾਸ

ਇਸੇ ਤਰ੍ਹਾਂ ਆਪ ਜੀ ਨੇ ਇਸ ਪੁਸਤਕ ਵਿਚ ਸਿੱਖ ਧਰਮ ਨਾਲ ਵਿਸ਼ੇਸ਼ ਸੰਬੰਧ ਰੱਖਣ ਵਾਲੀ ਮਰਯਾਦਾ ਦਾ ਜੋ ਇਕ ਜ਼ਰੂਰੀ ਅੰਗ ਅਰਦਾਸ ਹੈ, ਅਰਦਾਸ 'ਤੇ ਇਕ ਬਹੁਤ ਜ਼ਰੂਰੀ ਲੇਖ ਲਿਖ ਕੇ ਸੰਗਤਾਂ ਉਪਰ ਭਾਰੀ ਉਪਕਾਰ ਕੀਤਾ ਹੈ। ਅਰਦਾਸ ਕਿਸ ਤਰ੍ਹਾਂ ਕਰਨੀ ਚਾਹੀਦੀ ਹੈ ? ਗੁਰਬਾਣੀ ਦੇ ਪ੍ਰਮਾਣ ਦੇ ਕੇ ਦੱਸਿਆ ਗਿਆ ਹੈ ਕਿ ਅਰਦਾਸ ਪ੍ਰਾਣਾਂ ਵਿੱਚੋਂ ਨਿਕਲੇ ਤੇ ਰੋਮ ਰੋਮ ਪ੍ਰਾਰਥਨਾ ਵਿਚ ਜੁਟ ਜਾਣ। ਐਸੀ ਪ੍ਰਾਰਥਨਾ ਵਿੱਚੋਂ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ, ਇਤਿਆਦਿਕ, ਬੜੀ ਸਿਆਣਪ ਨਾਲ ਗੁਰਬਾਣੀ ਦੇ ਆਧਾਰ 'ਤੇ ਗੁਰਮਤਿ ਅਨੁਸਾਰ ਬੜੇ ਸੁੰਦਰ 18 ਲੇਖ ਇਸ ਪੁਸਤਕ *(ਤੀਜਾ ਨੇਤ੍ਰ)* ਵਿਚ ਲਿਖ ਕੇ ਸੰਗਤਾਂ ਉੱਤੇ ਮਸਕੀਨ ਜੀ ਨੇ ਭਾਰੀ ਉਪਕਾਰ ਕੀਤਾ ਹੈ। ਇਹ ਮੈਂ ਕੇਵਲ ਦਾਲ ਵਿੱਚੋਂ ਦਾਣਾ ਵੇਖਣ ਵਾਂਗ ਵੰਨਗੀ-ਮਾਤਰ ਪਾਠਕਾਂ ਦਾ ਧਿਆਨ ਦਿਵਾਉਣ ਲਈ ਲਿਖਿਆ ਹੈ। ਜਿਉਂ ਜਿਉਂ ਪਾਠਕ ਸੱਜਣ ਇਹ ਪੁਸਤਕ ਪੜ੍ਹਨਗੇ, ਤਿਉਂ ਤਿਉਂ ਪੜ੍ਹ ਕੇ ਪੂਰਾ ਪੂਰਾ ਲਾਭ ਉਠਾਉਣਗੇ ਤੇ ਗਿਆਨ ਪ੍ਰਾਪਤ ਕਰਨਗੇ। ਮਸਕੀਨ ਜੀ ਦੇ ਹਿਰਦੇ ਵਿਚ ਕੇਵਲ ਗੁਰਮਤਿ ਪ੍ਰਚਾਰ ਦੀ ਰੀਝ ਹੈ ਕਿ ਕਿਸੇ ਤਰ੍ਹਾਂ ਮੇਰੇ ਖ਼ਿਆਲ ਸੰਗਤਾਂ ਤਕ ਪੁੱਜ ਸਕਣ। ਇਸੇ ਗੱਲ ਨੂੰ ਮੁੱਖ ਰੱਖ ਕੇ ਆਪ ਜੀ ਨੇ ਬਹੁਤ ਸਾਰੀਆਂ ਟੇਪਾਂ ਭੀ ਕਥਾ ਅਤੇ ਗੁਰਬਾਣੀ ਦੀ ਵਿਆਖਿਆ ਦੀਆਂ ਸੰਗਤਾਂ ਦੀ ਮੰਗ ਨੂੰ ਪੂਰਿਆਂ ਕਰਨ ਲਈ ਭਰਾਈਆਂ ਹਨ ਤਾਕਿ ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਦੇ ਖ਼ਿਆਲਾਂ ਦਾ ਕਿਣਕਾ-ਮਾਤਰ ਸੰਗਤਾਂ ਤਕ ਪੁੱਜ ਜਾਵੇ ਅਤੇ ਸ਼ਰਧਾਲੂ ਉਨ੍ਹਾਂ ਉੱਤੇ ਅਮਲ ਕਰ ਕੇ ਆਨੰਦ ਪ੍ਰਾਪਤ ਕਰ ਸਕਣ।

## ਅੰਤ ਵਿਚ

ਮਸਕੀਨ ਜੀ ਵਰਗੇ ਮਹਾਨ ਵਿਦਵਾਨ ਦੀ ਲਿਖੀ ਪੁਸਤਕ ਦੀ ਭੂਮਿਕਾ ਮੈਂ ਕੀ ਲਿਖ ਸਕਦਾ ਹਾਂ, ਕੇਵਲ ਉਨ੍ਹਾਂ ਦੇ ਪਿਆਰ ਦੀ ਇਹ ਝਲਕ ਹੈ, ਜਿਸ ਸਦਕਾ ਉਨ੍ਹਾਂ ਨੇ ਦਾਸ ਨੂੰ ਇਹ ਮਾਣ ਬਖ਼ਸ਼ਿਆ।

ਮੈਂ ਗੁਰੂ ਨਾਨਕ ਨਾਮ-ਲੇਵਾ ਸਮੂਹ ਸਿੱਖ ਸੰਗਤਾਂ, ਵਿਦਵਾਨਾਂ, ਰਾਗੀਆਂ ਤੇ ਪ੍ਰਚਾਰਕਾਂ ਨੂੰ ਇਹ ਬਿਨੈ ਕਰਦਾ ਹਾਂ ਕਿ ਉਹ ਇਸ ਪੁਸਤਕ ਨੂੰ ਪੜ੍ਹ ਕੇ ਪੂਰਾ ਪੂਰਾ ਲਾਭ ਪ੍ਰਾਪਤ ਕਰਨ ਤੇ ਆਪਣੇ ਵਿਚਾਰਾਂ ਵਿਚ ਹੋਰ ਵਾਧਾ ਕਰਨ।

## ਮੇਰੀ ਅਰਦਾਸ

ਅਖ਼ੀਰ ਸਤਿਗੁਰਾਂ ਜੀ ਦੇ ਚਰਨਾਂ ਵਿਚ ਮੈਂ ਆਪਣੇ ਦਿਲੋਂ ਨਿਮਰਤਾ ਸਹਿਤ ਅਰਦਾਸ ਕਰਦਾ ਹਾਂ ਕਿ ਹੇ ਸਤਿਗੁਰੂ ਜੀ! ਆਪ ਦੇ ਚਰਨਾਂ ਤੋਂ ਵਰੋਸਾਏ ਗੁਰਸਿੱਖ ਗਿਆਨੀ ਸੰਤ ਸਿੰਘ ਮਸਕੀਨ ਜੀ ਨੂੰ ਦੀਰਘ ਆਯੂ ਦੀ ਬਖ਼ਸ਼ਿਸ਼ ਕਰਨੀ ਅਤੇ ਨਾਮ-ਦਾਨ ਤੇ ਸਿੱਖੀ ਦਾਨ ਪ੍ਰਦਾਨ ਕਰਨਾ। ਮਨ ਨੀਵਾਂ ਤੇ ਮੱਤ ਉੱਚੀ ਦੇ ਕੇ ਚੜ੍ਹਦੀ ਕਲਾ ਵਿਚ ਰੱਖਣਾ ਤਾਕਿ ਆਪ ਜੀ ਦੀ ਕਿਰਪਾ ਸਦਕਾ ਦੇਸ-ਪਰਦੇਸ ਵਿਚ ਆਪ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਦੇ ਰਹਿਣ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

**ਗਿਆਨੀ ਚੇਤ ਸਿੰਘ**
*ਸਾਬਕਾ ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ*
*ਸ੍ਰੀ ਅੰਮ੍ਰਿਤਸਰ*

177, ਅਜੀਤ ਨਗਰ
ਸ੍ਰੀ ਅੰਮ੍ਰਿਤਸਰ।

# ਮੁਖਬੰਧ

ਇਸ ਪੁਸਤਕ ਦੇ ਲੇਖਕ ਸ੍ਰੀਮਾਨ ਗਿਆਨੀ ਸੰਤ ਸਿੰਘ ਮਸਕੀਨ ਜੀ ਗੁਰਮਤਿ ਦੇ ਮਹਾਨ ਵਿਦਵਾਨ, ਗੁਰਬਾਣੀ ਦੇ ਪ੍ਰਸਿੱਧ ਕਥਾਕਾਰ, ਸਿੱਖ ਧਰਮ, ਫ਼ਿਲਾਸਫ਼ੀ ਦੇ ਪ੍ਰਬੀਨ ਵਿਆਖਿਆਕਾਰ ਤੇ ਗੁਰਮਤਿ ਦਰਸ਼ਨ ਦੇ ਸੁਘੜ ਲੇਖਕ ਹਨ। ਆਪ ਇਸ ਸਮੇਂ ਸਮੁੱਚੇ ਖ਼ਾਲਸਾ ਪੰਥ ਅੰਦਰ ਬਹੁਤ ਸਤਿਕਾਰੀ ਜਾਣ ਵਾਲੀ ਧਾਰਮਿਕ ਸ਼ਖ਼ਸੀਅਤ ਹਨ। ਆਪ ਦੀ ਕਰਨੀ-ਸੰਪੰਨ ਦੈਵੀ ਜ਼ਿੰਦਗੀ ਦਾ ਹਰ ਵਰਗ ਦੇ ਸਿੱਖ ਉਪਰ ਡੂੰਘਾ ਪ੍ਰਭਾਵ ਪੈਂਦਾ ਹੈ। ਖ਼ਾਸ ਕਰਕੇ ਧਰਮ ਪ੍ਰਚਾਰਕ ਤੇ ਕਥਾ-ਵਾਚਕ ਸ਼੍ਰੇਣੀ ਲਈ ਤਾਂ ਆਪ ਜੀ ਦਾ ਗੁਰੂ-ਭਗਤੀ ਦੇ ਰੰਗ ਵਿਚ ਰੰਗਿਆ ਜੀਵਨ ਪੱਥ-ਪ੍ਰਦਰਸ਼ਕ ਦਾ ਕੰਮ ਕਰ ਰਿਹਾ ਹੈ। ਗੁਰਮਤਿ ਤੇ ਗੁਰਸਿੱਖ ਰਹੁ-ਰੀਤੀ ਤੋਂ ਭੁੱਲੇ, ਅਗਿਆਨਤਾ, ਭਰਮ, ਵਹਿਮ ਤੇ ਅਨਪੜ੍ਹਤਾ ਦੇ ਅੰਧੇਰੇ ਵਿਚ ਠੋਕਰਾਂ ਖਾਂਦੇ ਅਣਗਿਣਤ ਜਗਿਆਸੂਆਂ ਲਈ ਆਪ ਦੇ ਕਥਾ-ਵਖਿਆਨ ਚਾਨਣ-ਮੁਨਾਰੇ ਦਾ ਕੰਮ ਕਰਦੇ ਹਨ। ਆਪ ਨੇ ਭਾਸ਼ਣਕਾਰਾਂ ਦੀ ਦੁਨੀਆ ਵਿਚ ਜੋ ਨਾਮਨਾ ਖੱਟਿਆ ਹੈ, ਉਹ ਕੇਵਲ ਆਪ ਦੇ ਹੀ ਹਿੱਸੇ ਆਇਆ ਹੈ। ਦੇਸ਼ ਤੇ ਵਿਦੇਸ਼ ਵਿਚ ਆਪ ਦੇ ਭਾਸ਼ਣਾਂ ਦੀ ਧਾਕ ਪਈ ਹੋਈ ਹੈ। ਹਰ ਜਗ੍ਹਾ ਆਪ ਦੇ ਵਖਿਆਨਾਂ ਦੇ ਸਰੋਤੇ ਸੈਂਕੜੇ ਨਹੀਂ, ਸਗੋਂ ਹਜ਼ਾਰਾਂ ਦੀ ਗਿਣਤੀ ਵਿਚ ਆ ਜੁੜਦੇ ਹਨ ਤੇ ਕਥਾ ਦਾ ਅਕਹਿ ਰਸ ਮਾਣਦੇ ਹਨ।

ਆਪ ਮਹਾਨ ਵਿਦਵਾਨ, ਕਥਾਕਾਰ ਤੇ ਸਫਲ ਵਿਆਖਿਆਕਾਰ ਹੋਣ ਦੇ ਬਾਵਜੂਦ ਹਉਮੈ ਨੂੰ ਨੇੜੇ ਫਟਕਣ ਨਹੀਂ ਦੇਂਦੇ। ਸੁਭਾਵ ਦੇ ਮਿੱਠੇ, ਪਿਆਰੇ, ਨਰਮ, ਉਦਾਰ, ਤਿਆਗੀ, ਵਿਦਵਾਨਾਂ ਤੇ ਗੁਣੀਆਂ ਦੇ ਕਦਰਦਾਨ, ਨਿਮਰਤਾ ਦੀ ਮੂਰਤਿ ਤੇ ਦੈਵੀ ਗੁਣਾਂ ਦੇ ਖ਼ਜ਼ਾਨੇ ਹਨ।

## ਪੁਸਤਕ ਬਾਰੇ

ਇਹ *ਤੀਜਾ ਨੇਤ੍ਰ* ਨਾਂ ਦੀ ਹਥਲੀ ਪੁਸਤਕ ਮਾਨਯੋਗ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਆਪਣੀ ਲਿਖੀ ਤੀਜੀ ਪੁਸਤਕ ਹੈ। ਇਸ ਤੋਂ ਪਹਿਲਾਂ ਦੋ ਪੁਸਤਕਾਂ *ਗੁਰੂ-ਚਿੰਤਨ* ਤੇ *ਗੁਰੂ-ਜੋਤੀ* ਲਿਖ ਕੇ, ਛਪਵਾ ਕੇ ਪਾਠਕਾਂ ਦੀ ਭੇਟਾ ਕਰ ਚੁੱਕੇ ਹਨ। ਆਪ ਦੇ ਸੰਗਤਾਂ ਵਿਚ ਦਿੱਤੇ ਧਾਰਮਿਕ ਭਾਸ਼ਣਾਂ ਦੇ ਕੀਤੇ

ਟੇਪ-ਰੀਕਾਰਡਾਂ ਤੋਂ ਉਤਾਰਾ ਕਰ ਕੇ *ਮਸਕੀਨ ਜੀ ਦੇ ਚੋਣਵੇਂ ਲੈਕਚਰ* ਨਾਮ ਦੀ ਪੁਸਤਕ ਦੋ ਭਾਗਾਂ ਵਿਚ ਤਿੰਨ ਵਾਰ ਛਪ ਕੇ ਪਾਠਕਾਂ ਤਕ ਪੁੱਜ ਚੁੱਕੀ ਹੈ।

ਪਹਿਲੀਆਂ ਛਪ ਚੁੱਕੀਆਂ ਉਪਰੋਕਤ ਦੋਹਾਂ ਪੁਸਤਕਾਂ ਦੇ ਮੁਖਬੰਧਾਂ ਵਿਚ ਗਿਆਨੀ ਸੰਤ ਸਿੰਘ ਮਸਕੀਨ ਜੀ ਦਾ ਜੀਵਨ, ਗੁਣ, ਸੁਭਾਵ, ਪਰਉਪਕਾਰ, ਕਥਾ ਦਾ ਰਸ, ਵਿਆਖਿਆ ਦਾ ਪ੍ਰਭਾਵ, ਤਰਜ਼ਿ-ਬਿਆਨੀ, ਤਰਜ਼ਿ-ਤਹਰੀਰੀ, ਜੁਗਤੀਆਂ ਤੇ ਪ੍ਰਮਾਣ ਦੇਣ ਦੇ ਢੰਗ ਆਦਿ ਬਾਰੇ ਕਾਫ਼ੀ ਵਾਕਫ਼ੀਅਤ ਦਿੱਤੀ ਜਾ ਚੁੱਕੀ ਹੈ। ਇਸ ਲਈ ਇਸ ਪੁਸਤਕ ਵਿਚ ਆਏ ਮਜ਼ਮੂਨਾਂ ਵਿਚ ਦਿੱਤੀ ਮਸਕੀਨ ਜੀ ਦੀ ਨਵੀਨ-ਖੋਜ ਦਾ ਸਾਰੰਸ਼ ਹੀ ਲਿਖਣ ਦਾ ਯਤਨ ਕਰਾਂਗੇ।

ਇਸ ਨਵੀਨ ਪੁਸਤਕ ਵਿਚ ਨਵੇਂ ਵਿਸ਼ਿਆਂ 'ਤੇ ਖੋਜ-ਭਰਪੂਰ ਚਰਚਾ ਕੀਤੀ ਹੈ। ਇਹ ਵਿਸ਼ੇ ਹਨ—ਸੰਤ, ਜਤੀ, ਤਿੰਨ ਗੁਣ, ਸ਼ਕਤੀ, ਜਪ, ਸਮਾਧੀ, ਅਰਦਾਸ, ਚਰਨ-ਰਜ, ਵਿਸਮਾਦ, ਭੈ-ਸਾਗਰ, ਮਾਨੁਸ਼, ਨਿਰਬਾਣ-ਪਦ, ਪ੍ਰਚਾਰਕ, ਉਦਾਸੀ, ਨਿੰਦ੍ਰਾ, ਜੀਵਨ, ਨਾਮ-ਖ਼ੁਮਾਰੀ ਤੇ ਭੇਟਾ। ਇਨ੍ਹਾਂ ਉਪਰੋਕਤ 18 ਮਜ਼ਮੂਨਾਂ ਉਪਰ ਆਪ ਨੇ ਕਲਮ ਦੀ ਜ਼ੋਰ-ਅਜ਼ਮਾਈ ਕੀਤੀ ਹੈ।

ਆਪ ਨੇ ਇਹ ਗੁਰਮਤਿ ਸਿੱਧਾਂਤ ਦ੍ਰਿੜ੍ਹ ਕਰਵਾਇਆ ਹੈ ਕਿ ਸੰਤ ਕਿਸੇ ਭੇਖ ਦਾ ਨਾਮ ਨਹੀਂ ਬਲਕਿ ਜੀਵਨ ਦੀ ਇਕ ਕਲਾ ਹੈ। ਸਤਿ ਦਾ ਚਿੰਤਨ, ਸਤਿ ਦਾ ਹੀ ਅਧਿਐਨ ਤੇ ਸਤਿ ਦੀ ਹੀ ਲੋਚਾ ਕਰ ਕੇ ਸਤਿ ਸਰੂਪ ਹੋ ਜਾਣਾ ਹੀ ਸੰਤ ਦਾ ਜੀਵਨ ਹੈ। ਸਬਰ ਅੰਦਰ ਰਹਿਣਾ ਤੇ ਆਪਣੀ ਹੋਂਦ ਦਾ ਭੇਦ (ਢੰਡੋਰਾ) ਨਾ ਦੇਣਾ, ਹਰ ਜੀਵ ਲਈ ਖ਼ੈਰ ਮੰਗਣਾ, ਇਹ ਸੰਤ ਦਾ ਜੀਵਨ ਹੈ। ਪਰ ਅਜਿਹੇ ਸੰਤਾਂ ਦੀਆਂ ਮੰਡਲੀਆਂ ਨਹੀਂ ਹੁੰਦੀਆਂ, ਸਗੋਂ "ਹੈਨਿ ਵਿਰਲੇ ਨਾਹੀ ਘਣੇ", "ਇਕੁ ਅਧੁ ਨਾਇ ਰਸੀਅੜਾ", "ਕੋਟਨ ਮੈ ਨਾਨਕ ਕੋਊ" ਹੀ ਹੁੰਦੇ ਹਨ। ਤਾਹੀਉਂ ਤਾਂ ਇਕ ਕਵੀ ਨੇ ਕਿਹਾ ਹੈ:

*ਗਿਰ ਗਿਰ ਮਹਿ ਮਾਣਕ ਨਹੀ, ਗਜ ਗਜ ਮੋਤੀ ਨਾਹਿ।*
*ਬਨ ਬਨ ਤਰ ਚੰਦਨ ਨਹੀ, ਸੰਤ ਨ ਪੁਰਿ ਪੁਰਿ ਮਾਹਿ।*

ਪੁਰਾਣੀ ਧਾਰਮਿਕ ਧਾਰਨਾ ਅਨੁਸਾਰ ਸ਼ਾਦੀ ਨਾ ਕਰਾਉਣ ਵਾਲੇ, ਘਰ ਬਾਰ ਜਾਂ ਸਿਰਫ਼ ਖੱਲੜੀ ਦੀ ਸਪਰਸ਼ਤਾ ਦੇ ਤਿਆਗੀ ਨੂੰ ਜਤੀ ਆਖਿਆ ਗਿਆ ਹੈ—ਪਰ ਗੁਰੂ ਜੀ ਦਾ ਫ਼ੁਰਮਾਨ ਹੈ ਕਿ "ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥" ਗੁਰਮਤਿ ਵਿਚ 'ਇੰਦ੍ਰੀ ਜਿਤ ਪੰਚ ਦੋਖ ਤੇ ਰਹਿਤ' ਨੂੰ ਜਤੀ ਮੰਨਿਆ ਗਿਆ ਹੈ ਜਾਂ "ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ ॥" ਨੂੰ ਸਦਾ ਜਤੀ ਦਾ ਨਾਮ ਦਿੱਤਾ ਗਿਆ ਹੈ। ਇਸ ਉਪਰੋਕਤ ਤੱਤ ਦਾ ਬਾ-ਦਲੀਲ ਤੇ ਪ੍ਰਮਾਣਾਂ ਸਹਿਤ ਸੁੰਦਰ ਵਰਣਨ ਜਤੀ ਸਿਰਲੇਖ ਹੇਠ ਦਿੱਤਾ ਹੈ।

'ਤਿੰਨ ਗੁਣ' ਸਿਰਲੇਖ ਹੇਠ ਤਮੋ, ਰਜੋ ਤੇ ਸਤੋ ਦੇ ਲੱਛਣ, ਸਰੂਪ ਤੇ ਇਨ੍ਹਾਂ ਦੇ ਪ੍ਰਭਾਵਾਂ ਦੀ ਵਿਆਖਿਆ ਉਪਰੰਤ ਤਮੋ ਤੇ ਰਜੋ ਨਾਲੋਂ ਸਤੋ ਗੁਣ ਨੂੰ ਵਧੇਰੇ

ਉੱਤਮ ਵਰਣਨ ਕੀਤਾ ਹੈ। ਪਰ ਤਿੰਨੇ ਗੁਣ ਮਾਇਆ ਵਿਚ ਹੀ ਹਨ। ਇਨ੍ਹਾਂ ਤਿੰਨਾਂ ਗੁਣਾਂ ਤੋਂ ਉਪਰ ਤ੍ਰੈਗੁਣ ਅਤੀਤ ਚੌਥਾ ਪਦ ਹੈ, ਜਿਸ ਦੀ ਪ੍ਰਾਪਤੀ ਸਦਕਾ ਹੀ ਪਰਮ-ਪਦ 'ਤੇ ਅੱਪੜੀਦਾ ਹੈ, ਜੋ ਜਗਿਆਸੂ ਦੀ ਅੰਤਲੀ ਮੰਜ਼ਲ ਹੈ।

'ਸ਼ਕਤੀ' ਉਨਵਾਨ ਹੇਠ ਸੰਸਾਰਕ ਸ਼ਕਤੀਆਂ ਦਾ ਵਿਵਰਣ ਦੇ ਕੇ ਸਭ ਸ਼ਕਤੀਆਂ ਦੀ ਸ਼ਕਤੀ ਅਕਾਲ ਪੁਰਖ ਸਿੱਧ ਕੀਤਾ ਹੈ—ਜਿਸ ਦੀ ਸ਼ਕਤੀ ਤੋਂ ਹੀ ਸੰਸਾਰ ਦੀਆਂ ਵਿਅਕਤੀਆਂ ਵਿੱਚੋਂ ਸ਼ਕਤੀ ਪ੍ਰਗਟ ਹੋ ਰਹੀ ਹੈ। ਇਸ ਲਈ ਸੰਸਾਰਕ ਸ਼ਕਤੀਆਂ ਤੇ ਵਿਅਕਤੀਆਂ ਦੀ ਪੂਜਾ ਛੱਡ ਕੇ ਸਰਬ-ਸ਼ਕਤੀਮਾਨ ਅਕਾਲ ਪੁਰਖ ਜੀ ਦਾ ਚਿੰਤਨ ਕਰੋ ਤਾਕਿ ਤੁਸੀਂ ਵੀ ਉਸ ਸ਼ਕਤੀ ਰੂਪ ਵਾਹਿਗੁਰੂ ਜੀ ਦਾ ਹੀ ਰੂਪ ਬਣ ਸਕੋ।

ਇਕ ਧੁਨ ਨੂੰ ਬਾਰ ਬਾਰ ਅਲਾਪਣਾ ਜਪ ਅਖਵਾਉਂਦਾ ਹੈ, ਨਿਰੰਤਰ ਯਾਦ ਜਾਂ ਲਿਵ ਦਾ ਨਾਮ ਜਪ ਹੈ। ਰੱਬੀ ਮਿਲਾਪ ਦਾ ਸਾਧਨ ਜਪ ਹੈ। ਇਸ ਨੂੰ ਸਾਹਾਂ ਵਿਚ ਮਿਲਾਉਣਾ ਹੈ। ਇਸ ਨੂੰ ਰੋਮ ਰੋਮ ਵਿਚ ਵਸਾਉਣਾ ਹੈ। ਇਸ ਦਾ ਧਿਆਨ ਕਰਨਾ ਹੈ। ਇਸ ਨੂੰ ਸੁਣਨਾ ਹੈ। ਇਸੇ ਨੂੰ ਜਪਣਾ ਹੈ। ਜਪ ਜਪਣ ਦਾ ਸਮਾਂ ਅੰਮ੍ਰਿਤ ਵੇਲਾ ਹੈ। ਜਪ ਸਾਰ ਹੈ, ਜਪ ਅਧਿਆਤਮਕ ਜੀਵਨ ਹੈ, ਜਪ ਹੀ ਬੰਦਗੀ ਹੈ, ਜਪ ਹੀ ਜ਼ਿੰਦਗੀ ਹੈ। ਇਹ ਜਪ ਦੀ ਸੁਰਖ਼ੀ ਹੇਠ ਅੰਕਿਤ ਕੀਤਾ ਹੈ।

ਮਨ ਬੁੱਧੀ ਦਾ ਸਮਾ ਜਾਣਾ ਸਮਾਧੀ ਹੈ। ਸਮਾਧੀ ਪਰਮ-ਵਿਸ਼੍ਰਾਮ ਹੈ। ਫੁਰਨਿਆਂ ਦਾ ਖ਼ਤਮ ਹੋਣਾ ਹੀ ਮਨ ਦੀ ਮੌਤ ਹੈ ਤੇ ਮਨ ਦੀ ਮੌਤ ਹੀ ਸਮਾਧੀ ਹੈ। ਜਾਂ ਇਉਂ ਸਮਝੋ ਕਿ ਮਨ ਦੀ ਮੌਤ ਹੀ ਵਾਹਿਗੁਰੂ ਦੀ ਪ੍ਰਾਪਤੀ ਹੈ।

ਪਰਮਾਤਮਾ ਪ੍ਰਸਾਦਿ (ਕ੍ਰਿਪਾ) ਨਾਲ ਮਿਲਦਾ ਹੈ। ਬਖ਼ਸ਼ਿਸ਼ ਨਾਲ ਮਿਲਦਾ ਹੈ। ਵਾਸ਼ਨਾ ਕਰਕੇ ਜਗਤ ਨਾਲ ਸੰਬੰਧ ਜੁੜਦਾ ਹੈ ਤੇ ਅਰਦਾਸ ਨਾਲ ਕਰਤੇ ਨਾਲ ਸੰਬੰਧ ਜੁੜਦਾ ਹੈ। ਅਰਦਾਸ ਦੇ ਫੁੱਲ ਵਿੱਚੋਂ ਪਰਮਾਤਮਾ ਰੂਪ ਫਲ ਨਿਕਲਦਾ ਹੈ। ਜਪ ਤਪ ਸੇਵਾ ਤੇ ਪੁੰਨ ਦਾਨ ਨਿਤਨੇਮ ਇਸ ਲਈ ਕਰਨਾ ਹੈ ਕਿ ਅਸਲ ਅਰਦਾਸ ਦਾ ਅੰਦਰ ਜਨਮ ਹੋ ਸਕੇ, ਅਰਦਾਸ ਪ੍ਰਾਣਾਂ 'ਚੋਂ ਨਿਕਲ ਸਕੇ। ਅਜਿਹੀ ਅਰਦਾਸ ਹੀ ਸਫਲ ਹੁੰਦੀ ਹੈ।

**ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥** *(ਪੰਨਾ 819)*

'ਚਰਨ-ਰਜ' ਸਿਰਲੇਖ ਹੇਠ ਸਾਧ ਸੰਗਤ ਦੀ, ਗੁਰਸਿੱਖਾਂ ਦੀ ਚਰਨ-ਧੂੜ ਦੀ ਅਹਿਮੀਅਤ ਦਰਸਾਈ ਹੈ। ਚਰਨ-ਧੂੜ ਇਕ ਅਕਸੀਰ ਹੈ। ਪਾਪਾਂ ਦੀ ਮੈਲ ਧੋਣ ਦੀ ਸਮਰੱਥਾ ਸਾਧੂ-ਧੂੜ ਵਿਚ ਹੈ। ਗੰਗਾ-ਜਮਨਾ-ਸਰਸਵਤੀ ਤੇ ਗੋਦਾਵਰੀ ਆਦਿ ਪਵਿੱਤਰ ਨਦੀਆਂ ਵੀ ਉਸ ਚਰਨ-ਧੂੜ ਦੀ ਪ੍ਰਾਪਤੀ ਲਈ ਉੱਦਮ ਕਰਦੀਆਂ ਹਨ : "ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ

ਗਵਾਈ ॥" ਅਤੇ "ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥"

'ਵਿਸਮਾਦ' ਸਿਰਲੇਖ ਹੇਠ ਉਸ ਪਰਮ ਅਸਚਰਜ ਅਵਸਥਾ ਦਾ ਮੁਲਾਂਕਣ ਕੀਤਾ ਹੈ, ਜਿਸ ਅਵਸਥਾ ਦਾ ਕਥਨ ਨਹੀਂ ਕੀਤਾ ਜਾ ਸਕਦਾ, ਸਿਰਫ਼ ਅਨੰਦ ਤੇ ਰਸ ਹੀ ਮਾਣਿਆ ਜਾ ਸਕਦਾ ਹੈ। ਗੁੰਗੇ ਦੇ ਗੁੜ ਖਾਣ ਵਾਲੀ ਹਾਲਤ ਵਾਪਰਦੀ ਹੈ। ਗੁਰਮੁਖ ਉਸ ਅਵਸਥਾ ਦਾ ਸਹੀ ਅਨੰਦ ਮਾਣਦੇ ਹਨ।

'ਭੈ-ਸਾਗਰ' ਸਿਰਲੇਖ ਹੇਠ ਸੰਸਾਰ ਨੂੰ ਭੈ ਦਾ ਸਮੁੰਦਰ ਕਿਹਾ ਹੈ। ਵਿਦਵਾਨਾਂ ਨੇ ਸੱਤ ਤਰ੍ਹਾਂ ਦੇ ਭੈ ਮੰਨੇ ਹਨ :

ਯਿਹ ਭੈ, ਭੈ ਪ੍ਰਲੋਕ, ਭੈ ਜਨਮ, ਬੇਦਨਾ ਜਾਤ।
ਅਨ-ਰਖਿਆ ਅਰ ਗੁਪਤ ਭੈ ਅਕਸ ਮਾਤ੍ਰ ਭੈ ਸਾਤ।

ਇਨ੍ਹਾਂ ਸੱਤ ਪ੍ਰਕਾਰ ਦੇ ਭੈਆਂ ਤੋਂ ਵੱਖਰਾ ਇਕ ਪਰਮੇਸ਼ਰ ਦਾ ਭੈ ਹੈ, ਜਿਸ ਨੂੰ ਗੁਰਬਾਣੀ ਵਿਚ ਨਿਰਮਲ ਭਉ ਕਿਹਾ ਹੈ। ਜਿਨ੍ਹਾਂ ਨੂੰ ਵਾਹਿਗੁਰੂ ਜੀ ਦਾ ਬਹੁਤ ਭੈ ਹੈ, ਉਨ੍ਹਾਂ ਨੂੰ ਦੂਜੇ ਭੈ ਨਹੀਂ ਹੁੰਦੇ। ਜਿਹੜੇ ਰੱਬੀ ਭੈ ਤੋਂ ਨਿਰਭੈ ਹੋਏ ਫਿਰਦੇ ਹਨ, ਉਨ੍ਹਾਂ ਨੂੰ ਦੁਨੀਆ ਦੇ ਤੇ ਜਮਾਂ ਦੇ ਬਹੁਤ ਭੈ ਰਹਿੰਦੇ ਹਨ।

**ਜਿਨਾ ਭਾਉ ਤਿਨ ਨਾਹਿ ਭਉ ਮੁਚੁ ਭਉ ਅਗੈ ਨਿਭਵਿਆਹਾ ॥**

*(ਭਾਈ ਗੁਰਦਾਸ ਜੀ, ਵਾਰ 26, ਪਉੜੀ 9)*

ਇਸ ਲੇਖ ਵਿਚ ਇਹ ਦ੍ਰਿੜ੍ਹ ਕਰਵਾਇਆ ਹੈ ਕਿ ਰੱਬੀ ਭੈ ਵਿਚ ਰਹਿਣਾ ਹੀ ਸਾਰਿਆਂ ਭੈਆਂ ਤੋਂ ਛੁਟਕਾਰਾ ਦਿਵਾ ਸਕਦਾ ਹੈ।

'ਮਾਨੁਸ਼' ਦੀ ਵਿਆਖਿਆ ਕਰਦਿਆਂ ਕੁਝ ਇਸ ਤਰ੍ਹਾਂ ਦੇ ਵਿਚਾਰ ਪ੍ਰਗਟਾਏ ਹਨ : ਮਾਨੁਸ਼ ਉਹ ਹੈ ਜਿਸ ਕੋਲ ਮਨ ਹੈ, ਜੋ ਸੋਚ ਸਕਦਾ ਹੈ, ਜੋ ਸਮਝ ਸਕਦਾ ਹੈ, ਜੋ ਚੇਤਾ ਰੱਖ ਸਕਦਾ ਹੈ। ਮਨ ਤੋਂ ਥੱਲੇ ਦਾ ਜੀਵਨ ਪਸ਼ੂ-ਜੀਵਨ ਹੈ ਤੇ ਉਪਰ ਦਾ ਜੀਵਨ ਦੇਵਤਾ ਜੀਵਨ ਹੈ ਜਾਂ ਜੋ ਜੀਵਨ ਤਨ ਤਕ ਹੀ ਸੀਮਤ ਹੈ—ਉਹ ਪਸ਼ੂ ਜੀਵਨ ਹੈ। ਜੋ ਜੀਵਨ ਮਨ ਦੇ ਆਸਰੇ 'ਤੇ ਖੜ੍ਹਾ ਹੈ ਭਾਵ ਜਿਸ ਵਿਚ ਸੋਚ-ਸਮਝ, ਵਿਚਾਰ ਤੇ ਚੇਤਾ-ਸ਼ਕਤੀ ਹੈ, ਉਹ ਮਾਨੁਸ਼ ਜੀਵਨ ਹੈ। ਪਰ ਜੋ ਜੀਵਨ ਮਨ ਤੋਂ ਉਪਰ ਚਲਾ ਗਿਆ ਹੈ ਭਾਵ ਜੋ ਆਤਮਾ ਦੇ ਸਹਾਰੇ 'ਤੇ ਖੜ੍ਹਾ ਹੈ, ਉਹ ਦੇਵ-ਜੀਵਨ ਹੈ।

'ਨਿਰਬਾਣ ਪਦ' ਦੇ ਅਰਥ ਕੀਤੇ ਹਨ ਕਿ ਉਹ ਅਵਸਥਾ ਜੋ ਅਡੋਲ ਹੈ। ਬਾਣ ਤੋਂ ਬਿਨਾਂ ਹੈ, ਹਰਕਤ ਤੋਂ ਬਗ਼ੈਰ ਹੈ ਭਾਵ ਪੂਰਨ ਟਿਕਾਉ ਦੀ ਅਵਸਥਾ ਹੈ—ਜਿਸ ਵਿਚ ਧਿਆਤਾ, ਧਿਆਨ ਤੇ ਧੇਅ ਵਿਚ ਇਕ ਰੂਪ ਹੋ ਜਾਣ, ਜਿਸ ਦਾ ਕਥਨ ਕਰਨ ਵਾਲਾ ਤੇ ਸੁਣਨ ਵਾਲਾ ਦੋਨੋਂ ਉਸੇ ਦਾ ਹੀ ਰੂਪ ਹੋ ਜਾਣ—ਜਿਸ ਦਾ ਕਥਨ ਕੀਤਾ ਜਾ ਰਿਹਾ ਸੀ। "ਆਪਿ ਕਥੈ ਆਪਿ ਸੁਨਨੈਹਾਰੁ ॥" ਇਸ ਉਪਰੋਕਤ ਅਡੋਲ ਅਵਸਥਾ ਦਾ ਨਾਮ ਹੀ ਨਿਰਬਾਣ ਪਦ ਹੈ।

'ਪਰਚਾਰਕ' ਦੇ ਲੱਛਣ ਕਰਦਿਆਂ ਲਿਖਿਆ ਹੈ ਕਿ ਜੋ ਦੂਜਿਆਂ ਨੂੰ ਵਿੱਦਿਆ ਗਿਆਨ, ਆਚਰਨ ਸਿਖਾਵੇ ਉਹ ਪਰਚਾਰਕ ਹੈ। ਪਰਚਾਰਕ ਦਾ ਮੁਖ ਨਿਸ਼ਾਨਾ ਇਹ ਹੋਵੇ ਕਿ ਉਹ ਜੋ ਕੁਝ ਲੋਕਾਂ ਨੂੰ ਕਹਿੰਦਾ ਹੈ ਉਹੋ ਜੇਹਾ ਜੀਵਨ ਜੀਉ ਕੇ ਲੋਕਾਂ ਨੂੰ ਵਿਖਾਵੇ ਭਾਵ ਕਹਿਣੀ ਤੇ ਕਥਨੀ ਦਾ ਸੂਰਮਾ ਹੋਵੇ। ਪਰਚਾਰਕ ਵਿਚ ਵਿਦਵਾਨਾਂ ਨੇ ਚੌਦਾਂ ਗੁਣ ਕਹੇ ਹਨ। ਸਾਰੇ ਨਾ ਹੋਣ ਤਾਂ ਇਹ ਤਿੰਨ ਮੁਖ ਖੂਬੀਆਂ ਤਾਂ ਲਾਜ਼ਮੀ ਹਨ : 1. ਸ਼ਬਦ ਪ੍ਰਮਾਣ, 2. ਦਲੀਲ, 3. ਅਨੁਭਵ। ਇਨ੍ਹਾਂ ਤਿੰਨਾਂ ਗੁਣਾਂ ਤੋਂ ਬਿਨਾਂ ਕੋਈ ਵੀ ਪ੍ਰਚਾਰਕ ਕਾਮਯਾਬ ਪਰਚਾਰਕ ਨਹੀਂ ਹੋ ਸਕਦਾ।

'ਉਦਾਸੀ' ਦਾ ਅੱਖਰੀਂ ਅਰਥ ਕੀਤਾ ਹੈ–ਉਦ-ਆਸਨ, ਭਾਵ ਆਪਣੇ ਕੋਲ ਬੈਠਣਾ, ਐਸਾ ਉਪਰਾਮਤਾ ਨਾਲ ਹੀ ਹੋ ਸਕਦਾ ਹੈ। ਉਦਾਸੀ ਜਾਂ ਉਪਰਾਮਤਾ ਦੋ ਤਰ੍ਹਾਂ ਦੀ ਹੈ : ਇਕ ਦਾ ਆਧਾਰ ਅਗਿਆਨ ਹੈ ਜਦ ਕਿ ਦੂਜੀ ਗਿਆਨ ਆਸ਼੍ਰਿਤ ਹੈ। ਇਹ ਦੂਜੀ ਉਦਾਸੀ ਪ੍ਰਭੂ-ਚਿੰਤਨ ਤੇ ਗਿਆਨ ਸਾਧਨਾ ਤੋਂ ਉਤਪੰਨ ਹੁੰਦੀ ਹੈ।

'ਨਿੰਦ੍ਰਾ' ਬਾਰੇ ਵਿਚਾਰ ਕਰਦਿਆਂ ਲਿਖਿਆ ਹੈ ਕਿ ਨਿੰਦ੍ਰਾ ਵੀ ਸਰੀਰ ਲਈ ਭੋਜਨ ਤੇ ਪਾਣੀ ਜਿਤਨੀ ਹੀ ਜ਼ਰੂਰੀ ਹੈ। ਭੋਜਨ ਤੇ ਪਾਣੀ ਸਾਨੂੰ ਲੱਭਣਾ ਪੈਂਦਾ ਹੈ ਪਰ ਨੀਂਦ ਨੂੰ ਤਾਂ ਸਰੀਰ ਆਪਣੇ ਆਪ ਹੀ ਲੱਭ ਲੈਂਦਾ ਹੈ। ਨੀਂਦ ਸਰੀਰ ਨੂੰ ਤਾਜ਼ਗੀ ਪ੍ਰਦਾਨ ਕਰਦੀ ਹੈ। ਜਿਥੇ ਸਰੀਰ ਲਈ ਨੀਂਦ ਲਾਜ਼ਮੀ ਹੈ ਉਥੇ ਆਤਮਾ ਲਈ ਮਨ ਦਾ ਜਾਗਣਾ ਅਤੀ ਜ਼ਰੂਰੀ ਹੈ। ਮਨ ਜਾਗੇ ਦੀ ਨਿਸ਼ਾਨੀ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ : 'ਮਨ ਜਾਗੇ ਕੀ ਇਹੈ ਨਿਸ਼ਾਨੀ। ਮੀਠੀ ਲਗੇ ਗੁਰੂ ਕੀ ਬਾਨੀ।' ਮਨ ਜਗਾਣਾ ਕਿਵੇਂ ਹੈ ਤਾਂ ਹਜ਼ੂਰ ਦਾ ਫ਼ੁਰਮਾਨ ਹੈ, "ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ॥"

'ਜੀਵਨ' ਬਾਰੇ ਆਪ ਲਿਖਦੇ ਹਨ ਕਿ ਜੀਵਨ ਕੁਛ ਅਸਥੂਲ ਜੜ੍ਹ-ਪਦਾਰਥਾਂ ਦਾ ਸੰਸਾਰਕ ਹਿੱਸਾ ਹੈ ਅਤੇ ਜੀਵਨ-ਚੇਤਨਾ ਪਰਮ-ਪ੍ਰਕਾਸ਼ ਪਰਮਾਤਮਾ ਦਾ ਹਿੱਸਾ ਹੈ। ਸੰਸਾਰ ਤੋਂ ਪਰਮ-ਪ੍ਰਕਾਸ਼ ਤਕ ਪੁੱਜਣ ਲਈ ਜੀਵਨ ਇਕ ਮਾਰਗ ਹੈ ਜਾਂ ਜੀਵਨ ਇਕ ਪੌੜੀ ਹੈ ਜੋ ਸੰਸਾਰ ਤੋਂ ਨਿਰੰਕਾਰ ਤਕ ਅੱਪੜਨ ਦਾ ਵਸੀਲਾ ਹੈ।

'ਨਾਮ-ਖ਼ੁਮਾਰੀ' ਸਿਰਲੇਖ ਹੇਠ ਆਪ ਲਿਖਦੇ ਹਨ : ਮਖ਼ਮੂਰੀ, ਸਰੂਰ, ਖ਼ੁਮਾਰੀ ਸਿਰਫ਼ ਮਨੁੱਖ ਦੇ ਅਨੁਭਵ ਵਿਚ ਆਈ ਹੈ। ਬਾਕੀ ਜੂਨਾਂ ਇਸ ਤੋਂ ਅਨਜਾਣ ਹਨ। ਚਿੰਤਾ ਫ਼ਿਕਰ ਦੇ ਬੋਝ ਲੱਥਣ ਤੋਂ ਹੀ ਇਹ ਪ੍ਰਾਪਤ ਹੁੰਦੀ ਹੈ। ਚਿੰਤਾ ਮੇਟਦੀ ਹੈ, ਧੁਰ ਕੀ ਬਾਣੀ। ਇਸ ਬਾਣੀ ਤੋਂ ਹੀ ਨਾਮ ਪ੍ਰਾਪਤ ਹੁੰਦਾ ਹੈ ਤੇ ਨਾਮ ਤੋਂ ਹੀ ਅਸਲ ਖ਼ੁਮਾਰੀ ਪ੍ਰਾਪਤ ਹੁੰਦੀ ਹੈ। ਨਸ਼ਿਆਂ ਦੀ ਖ਼ੁਮਾਰੀ ਤਾਂ ਵੱਧ ਤੋਂ ਵੱਧ ਚਾਰ ਪਹਿਰ ਰਹਿੰਦੀ ਹੈ, ਫਿਰ ਉਤਰ ਜਾਂਦੀ ਹੈ ਪਰ ਨਾਮ-ਖ਼ੁਮਾਰੀ ਰਾਤ ਦਿਨ ਚੜ੍ਹੀ ਹੀ ਰਹਿੰਦੀ ਹੈ।

'ਭੇਟਾ' ਦੀ ਵਿਆਖਿਆ ਕਰਦੇ ਹੋਏ ਆਪ ਲਿਖਦੇ ਹਨ ਕਿ ਭੇਟਾ ਦਾਨ ਨਹੀਂ ਹੈ। ਪੱਛੜਿਆਂ ਨੂੰ ਦਿੱਤਾ ਗਿਆ ਪਦਾਰਥ ਦਾਨ ਹੈ। ਜੋ ਸਾਡੇ ਨਾਲੋਂ ਹਰ ਪੱਖ ਤੋਂ ਅੱਗੇ ਹੈ—ਉਸ ਦੇ ਅੱਗੇ ਕੁਝ ਰੱਖਿਆ ਜਾਵੇ, ਉਹ ਭੇਟਾ ਹੈ। ਵਾਹਿਗੁਰੂ ਸਾਥੋਂ ਸਾਰਿਆਂ ਤੋਂ ਅੱਗੇ ਹੈ, ਉਸ ਨੂੰ ਕੀ ਭੇਟਾ ਦੇਈਏ ? "ਤਨੁ ਮਨੁ ਅਰਪਉ ਪੂਜ ਚਰਾਵਉ ॥" ਜਾਂ "ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥"

ਆਪ ਦੀਆਂ ਲਿਖੀਆਂ ਪਹਿਲੀਆਂ ਦੋ ਪੁਸਤਕਾਂ *ਗੁਰੂ-ਚਿੰਤਨ* ਤੇ *ਗੁਰੂ-ਜੋਤੀ* ਸੰਗਤਾਂ ਨੇ ਹੱਥੋ ਹੱਥ ਚੁੱਕ ਲਈਆਂ, ਇਹੋ ਕਾਰਨ ਹੈ ਕਿ ਆਪ ਨੂੰ ਇਹ *ਤੀਜਾ-ਨੇਤ੍ਰ* ਨਾਮ ਦੀ ਤੀਜੀ ਪੁਸਤਕ ਲਿਖਣੀ ਪਈ। ਮਸਕੀਨ ਜੀ ਦੀ ਇਹ ਤੀਜੀ ਪੁਸਤਕ ਹੋਣ ਕਰਕੇ ਵੀ ਇਸ ਪੁਸਤਕ ਦਾ ਨਾਮ *ਤੀਜਾ-ਨੇਤ੍ਰ* ਸਾਰਥਕ ਹੈ ਭਾਵ ਇਸਮ ਬਾ-ਮੁਸੱਮਾ ਹੈ। 'ਤੀਜੇ-ਨੇਤ੍ਰ' ਦਾ ਭਾਵ ਗਿਆਨ ਜਾਂ ਅਨੁਭਵ ਦਾ ਨੇਤ੍ਰ ਹੈ, ਜਿਸ ਰਾਹੀਂ ਮਸਕੀਨ ਜੀ ਨੇ ਗੁਰਬਾਣੀ ਦੇ ਗਿਆਨ ਜਾਂ ਅਨੁਭਵ ਨੂੰ ਇਸ ਪੁਸਤਕ ਰਾਹੀਂ ਸੰਗਤਾਂ ਤਕ ਅਪੜਾਨ ਦਾ ਇਹ ਮਹਾਨ ਪਰਉਪਕਾਰੀ ਕਾਰਜ ਕੀਤਾ ਹੈ। ਕਲਗ਼ੀਧਰ ਜੀ ਨੇ ਗਿਆਨ ਨੂੰ ਹੀ ਗੁਰੂ ਕਿਹਾ ਹੈ: "ਗਿਆਨ ਗੁਰੂ ਆਤਮ ਉਪਦੇਸਹੁ" ਪਰ "ਗੁਰ ਬਿਨੁ ਗਿਆਨੁ ਨ ਹੋਵਈ" ਦੇ ਮਹਾਂਵਾਕ ਅਨੁਸਾਰ ਇਹ ਗਿਆਨ ਗੁਰਬਾਣੀ ਵਿੱਚੋਂ ਹੀ ਪ੍ਰਾਪਤ ਹੁੰਦਾ ਹੈ। ਇਸੇ ਲਈ ਸਤਿਗੁਰਾਂ ਨੇ "ਬਾਣੀ ਗੁਰੂ ਗੁਰੂ ਹੈ ਬਾਣੀ" ਦਾ ਸਿੱਧਾਂਤ ਸੰਸਾਰ ਨੂੰ ਬਖ਼ਸ਼ਿਆ ਹੈ।

ਮੈਂ ਆਸ ਕਰਦਾ ਹਾਂ ਕਿ ਇਸ ਪੁਸਤਕ ਦੇ ਪੜ੍ਹਨ, ਵਿਚਾਰਨ ਤੇ ਇਸ ਵਿਚ ਦਰਸਾਏ ਗਏ ਗੁਰਮਤਿ ਮਾਰਗ 'ਤੇ ਚੱਲ ਕੇ ਤੇ ਗੁਰਮਤਿ ਸਿੱਧਾਂਤਾਂ ਮੁਤਾਬਿਕ ਜ਼ਿੰਦਗੀ ਨੂੰ ਢਾਲ ਕੇ, ਪਾਠਕ ਆਪਣੇ ਅੰਦਰਲੇ ਅਨੁਭਵ ਦੇ ਤੀਜੇ ਨੇਤ੍ਰ ਨੂੰ ਖੋਲ੍ਹਣ ਵਿਚ ਸਫਲ ਹੋ ਸਕਣਗੇ।

ਅੰਤ ਵਿਚ ਮੈਂ ਵਿਦਵਾਨ ਖੋਜੀਆਂ, ਜਗਿਆਸੂਆਂ, ਗੁਰਮਤਿ ਦੇ ਪਾਂਧੀਆਂ ਪਾਸ ਪੁਰਜ਼ੋਰ ਅਪੀਲ ਕਰਾਂਗਾ ਕਿ ਉਹ ਇਸ ਪੁਸਤਕ ਦੀ ਯੋਗ ਕਦਰ ਕਰ ਕੇ ਆਪ ਲਾਭ ਉਠਾਉਣ ਅਤੇ ਹੋਰਨਾਂ ਨੂੰ ਵੀ ਇਹ ਪੁਸਤਕ ਖ਼ਰੀਦਣ ਤੇ ਪੜ੍ਹਨ ਦੀ ਪ੍ਰੇਰਨਾ ਕਰਨ, ਤਾਕਿ ਲੇਖਕ ਦੀ ਹੌਸਲਾ-ਅਫ਼ਜ਼ਾਈ ਹੋ ਸਕੇ ਤੇ ਲੇਖਕ ਅਜਿਹੀਆਂ ਹੋਰ ਪੁਸਤਕਾਂ ਲਿਖ ਕੇ ਸੰਗਤਾਂ ਦੀ ਭੇਟ ਕਰ ਸਕੇ।

**ਗਿਆਨੀ ਕਿਰਪਾਲ ਸਿੰਘ**

*ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ*

*ਸਾਬਕਾ ਹੈੱਡ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ*

258, ਅਜੀਤ ਨਗਰ,
ਸ੍ਰੀ ਅੰਮ੍ਰਿਤਸਰ।

# ਦੋ ਸ਼ਬਦ

ਜਿਸ ਨਾਲ ਪਰਮਾਤਮਾ ਦਿੱਸਦਾ ਹੈ, ਪਦਾਰਥ ਦਾ ਗਹਿਰਾ ਤਲ ਦਿਖਾਈ ਦੇਂਦਾ ਹੈ, ਜੀਵਨ ਦਾ ਮੂਲ ਝਲਕ ਪੈਂਦਾ ਹੈ ਤੇ ਮਨੁੱਖ ਆਪਣਾ ਆਦਿ ਅੰਤ ਵੇਖ ਲੈਂਦਾ ਹੈ, ਉਹ ਤੀਜੀ ਅੱਖ ਹੈ। ਤੀਜੀ ਅੱਖ ਅਨਭਉ ਪ੍ਰਕਾਸ਼ ਹੈ ਤੇ ਪਰਮਾਤਮਾ ਦਾ ਦਰਸ਼ਨ ਇਕ ਗਹਿਰਾ ਅਨਭਉ ਹੈ। ਇਨ੍ਹਾਂ ਦੋ ਅੱਖਾਂ ਨਾਲ ਸੰਸਾਰ ਦਿਖਾਈ ਦੇਂਦਾ ਹੈ, ਅਨਭਉ ਦੀ ਅੱਖ ਨਾਲ ਨਿਰੰਕਾਰ ਦਿਖਾਈ ਦਿੰਦਾ ਹੈ। ਇਹ ਦੋ ਅੱਖਾਂ ਤਾਂ ਜਨਮ ਨਾਲ ਖੁੱਲ੍ਹ ਜਾਂਦੀਆਂ ਹਨ ਪਰ ਤੀਜੀ ਅੱਖ ਤਾਂ ਗਹਿਰੀ ਸਾਧਨਾ ਨਾਲ ਖੁੱਲ੍ਹਦੀ ਹੈ।

ਤੀਜਾ ਨੇਤ੍ਰ ਉਹ ਪਰਮ ਗਿਆਨ ਹੈ—ਪਰਮ ਪ੍ਰਕਾਸ਼ ਹੈ, ਜਿਸ ਨਾਲ ਆਪਣਾ ਮੂਲ, ਆਪਣਾ ਸਿਰਜਨਹਾਰ ਨਿਰੰਕਾਰ ਵੇਖ, ਮਨੁੱਖ ਗਦ ਗਦ ਹੋ ਉਠਦਾ ਹੈ।

ਅਕਾਲ ਪੁਰਖ ਆਕਾਰ ਤੋਂ ਰਹਿਤ ਹੈ। ਉਸ ਨੂੰ ਵੇਖਣ ਲਈ ਆਕਾਰ-ਰਹਿਤ ਅੱਖ ਚਾਹੀਦੀ ਹੈ। ਆਕਾਰ-ਰਹਿਤ ਅੱਖ ਤਾਂ ਅਨੁਭਵ ਹੈ। ਗਿਆਨ ਸਾਧਨਾ, ਜਪ ਸਾਧਨਾ ਇਸ ਵਾਸਤੇ ਹੈ ਕਿ ਤੀਜੀ ਅੱਖ ਖੁੱਲ੍ਹ ਸਕੇ। ਅਕਸਰ ਤਾਂ ਐਸਾ ਹੁੰਦਾ ਹੈ ਕਿ ਇਹ ਦੋ ਅੱਖਾਂ ਵੀ ਹਮੇਸ਼ਾ ਲਈ ਬੰਦ ਹੋ ਜਾਂਦੀਆਂ ਹਨ ਤੇ ਫਿਰ ਵੀ ਉਹ ਤੀਜੀ ਅੱਖ ਨਹੀਂ ਖੁੱਲ੍ਹਦੀ ਤੇ ਇਹ ਜੀਵਨ ਵਿਅਰਥ ਚਲਾ ਜਾਂਦਾ ਹੈ।

*ਗੁਰੂ-ਚਿੰਤਨ* ਤੇ *ਗੁਰੂ-ਜੋਤੀ* ਨਾਮਕ ਦੋ ਪੁਸਤਕਾਂ ਦੇ ਬਾਅਦ ਸਤਿਗੁਰੂ ਸੱਚੇ ਪਾਤਸ਼ਾਹ ਦੀ ਮਿਹਰ ਸਦਕਾ ਇਹ ਤੀਜੀ ਪੁਸਤਕ *ਤੀਜਾ ਨੇਤ੍ਰ* ਪਾਠਕਾਂ ਤੇ ਗੁਰਮਤਿ ਹਿਤੈਸ਼ੀਆਂ ਦੇ ਸਾਹਮਣੇ ਰੱਖੀ ਹੈ।

ਸਤਿਗੁਰੂ ਜੀ ਕ੍ਰਿਪਾ ਕਰਨ ਕਿ *ਤੀਜਾ ਨੇਤ੍ਰ* ਨਾਂ ਦੀ ਇਹ ਪੁਸਤਕ ਤੀਜੀ ਅੱਖ ਖੋਲ੍ਹਣ ਵਿਚ ਸਹਾਇਕ ਹੋ ਸਕੇ।

**ਗਿਆਨੀ ਸੰਤ ਸਿੰਘ ਮਸਕੀਨ**
ਸੀਸਗਰਾਂ, ਅਲਵਰ (ਰਾਜਸਥਾਨ)

# ਸੰਤ

ਰਾਜਨੀਤਿਕ ਦੁਨੀਆ ਵਿਚ ਵੱਖ ਵੱਖ ਅਹੁਦੇ ਹਨ ਤੇ ਵਿੱਦਿਅਕ ਸੰਸਾਰ ਵਿਚ ਭਿੰਨ ਭਿੰਨ ਉਪਾਧੀਆਂ ਹਨ। ਤਿਵੇਂ ਅਧਿਆਤਮ ਮੰਡਲ ਵਿਚ ਵੀ ਵੱਖ ਵੱਖ ਦਰਜੇ ਹਨ : ਗੁਰਮੁਖ, ਗਿਆਨੀ, ਸਾਧੂ, ਭਗਤ, ਰਿਸ਼ੀ-ਮੁਨੀ। ਤਿਵੇਂ ਸੰਤ ਇਕ ਐਸੀ ਅਵਸਥਾ ਹੈ ਜੋ ਅਧਿਆਤਮ ਜਗਤ ਦੀ ਸਿਖਰਤਾ ਹੈ। ਜੀਵਨ ਦਾ ਸਾਰ ਪਰਮਾਤਮ ਰਸ ਦੈਵੀ ਗੁਣਾਂ ਦੀ ਸਾਰੀ ਸੰਪਦਾ ਸੰਤ ਦੇ ਅੰਦਰ ਹੁੰਦੀ ਹੈ।

ਸਾਡੇ ਦੇਸ਼ ਦਾ ਰਾਜਨੀਤੀ ਵਿਚ ਸਭ ਤੋਂ ਵੱਡਾ ਰੁਤਬਾ ਰਾਸ਼ਟਰਪਤੀ ਦਾ ਹੈ।

ਧਾਰਮਿਕ ਦੁਨੀਆ ਵਿਚ ਸੰਤ ਸ੍ਰੇਸ਼ਟ ਹੈ। ਸੰਤ ਪੂਰਨ ਪਦ ਹੈ। ਪੂਰਨ ਆਨੰਦ ਤੇ ਪੂਰਨ ਪ੍ਰਕਾਸ਼ ਹੈ। ਬੂੰਦ ਸਾਗਰ ਵਿਚ ਲੀਨ ਹੋ, ਸਾਗਰ ਹੋ ਗਈ। ਪੂਰਨ ਪਰਮਾਤਮਾ ਵਿਚ ਲੀਨ ਹੋ, ਪੁਰਖ ਪੂਰਨ ਹੋ ਜਾਂਦਾ ਹੈ, ਤੇ ਪੂਰਨ ਪੁਰਖ ਨੂੰ ਹੀ ਸੰਤ ਕਹਿੰਦੇ ਹਨ।

ਸੰਤ ਪਦ ਕਿਵੇਂ ਪ੍ਰਾਪਤ ਹੋਵੇ ? ਸੰਤ ਕੌਣ ਹੈ ? ਇਸ ਲੇਖ ਵਿਚ ਇਸੇ ਹੀ ਵਿਸ਼ੇ ਨੂੰ ਗੁਰਬਾਣੀ ਦੀ ਵਿਚਾਰ ਨਾਲ ਖੋਲ੍ਹਣ ਦੀ ਤੁੱਛ ਜਿਹੀ ਕੋਸ਼ਿਸ਼ ਕੀਤੀ ਹੈ।

ਸੰਤ ਕਿਸੇ ਭੇਖ ਦਾ ਨਾਮ ਨਹੀਂ ਹੈ, ਬਲਕਿ ਜੀਵਨ ਦੀ ਇਕ ਕਲਾ ਹੈ। ਥੋੜ੍ਹੀ ਬਹੁਤ ਜੋ ਪ੍ਰਿਥਵੀ ਤੇ ਮਨੁੱਖੀ ਦੁਨੀਆ ਅੰਦਰ ਰਸ ਤੇ ਜੋ ਰੌਣਕ ਹੈ ਇਹ ਸੰਤਾਂ ਕਰਕੇ ਹੈ। ਸੰਤਾਂ ਤੋਂ ਬਿਨਾਂ ਪ੍ਰਿਥਵੀ ਇਕ ਡਰਾਉਣਾ ਜੰਗਲ ਹੈ। ਇਕ ਸ਼ਹਿਰ ਅੰਦਰ ਅਗਰ ਕੋਈ ਇਕ ਵੀ ਸੰਤ ਹੈ ਤਾਂ ਸਾਰੇ ਸ਼ਹਿਰ ਨੂੰ ਪ੍ਰਫੁੱਲਤਾ ਮਿਲਦੀ ਹੈ। ਸਕੂਨ, ਮਾਨਸਿਕ ਸ਼ਾਂਤੀ ਉਪਲਬਧ ਹੁੰਦੀ ਹੈ। ਸੰਤ ਦੀ ਰਸਨਾ ਰੱਬੀ ਗਿਆਨ ਦੇ ਰਤਨਾਂ ਨਾਲ ਜੜਤ ਹੁੰਦੀ ਹੈ। ਉਸ ਦੀ ਕਾਇਆ ਪਵਿੱਤਰਤਾ ਦਾ ਸੋਮਾ ਹੁੰਦੀ ਹੈ। ਉਸ ਦੀ ਕਾਇਆ ਵਿੱਚੋਂ ਨਿਕਲਦੇ ਸੁਆਸ ਬੈਰੂਨੀ ਹਵਾ ਨੂੰ ਪਵਿੱਤਰ ਕਰਦੇ ਹਨ :

**ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ ॥**
**ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ ॥**

*(ਸਿਰੀਰਾਗੁ ਮ: ੧, ਪੰਨਾ 17)*

ਸੰਤ ਕੋਈ ਸਾਧਨਾ ਨਹੀਂ ਕਰਦਾ। ਉਸ ਦੀ ਸਾਧਨਾ ਸਫਲ ਹੋ ਗਈ ਹੈ। ਹੁਣ ਤਾਂ ਉਹ ਸਤ ਵਿਚ ਜੀਂਵਦਾ ਹੈ। ਉਸ ਦੇ ਬਚਨਾਂ ਵਿਚ ਸੱਤਿਆ, ਦ੍ਰਿਸ਼ਟੀ ਵਿਚ ਅੰਮ੍ਰਿਤ, ਕਦਮਾਂ ਵਿਚ ਕ੍ਰਾਂਤੀ ਤੇ ਹੱਥਾਂ ਵਿਚ ਬਰਕਤ ਹੁੰਦੀ ਹੈ। ਉਹ ਦਾਤੇ ਹੁੰਦੇ ਹਨ:

**ਓਇ ਦਾਤੇ ਦੁਖ ਕਾਟਨਹਾਰ॥** *(ਗਉੜੀ ਸੁਖਮਨੀ ਮ: ੫, ਪੰਨਾ 285)*

ਜੀਵਣਾ ਤਾਂ ਹੁੰਦਾ ਹੀ ਸੰਤਾਂ ਕੋਲ ਹੈ। ਬਾਕੀ ਤਾਂ ਅਧਿਆਤਮ ਜੀਵਨ ਵੱਲੋਂ ਮਰੇ ਹੋਏ ਹਨ:

**ਸਾਕਤ ਮਰਹਿ ਸੰਤ ਸਭਿ ਜੀਵਹਿ॥** *(ਗਉੜੀ ਕਬੀਰ ਜੀ, ਪੰਨਾ 326)*

ਜੋ ਬਾਹਰੋਂ ਜਿਤਨੀ ਭੱਜ-ਦੌੜ ਕਰਦਾ ਹੈ ਤੇ ਦੂਜਿਆਂ ਨੂੰ ਜਿੱਤਣ ਦੀ ਕੋਸ਼ਿਸ਼ ਕਰਦਾ ਹੈ, ਉਹ ਰਾਜਾ ਹੋ ਜਾਂਦਾ ਹੈ। ਉਸ ਦਾ ਹੁਕਮ ਧਰਤੀ 'ਤੇ ਚੱਲਦਾ ਹੈ ਪਰ ਆਪਣੇ ਮਨ ਦੇ ਹੱਥੋਂ ਹਾਰਿਆ ਹੋਇਆ ਹੁੰਦਾ ਹੈ। ਸਾਰੀ ਦੁਨੀਆ ਨੂੰ ਜਿੱਤਣ ਵਾਲਾ ਆਖ਼ਿਰ ਆਪਣੇ ਮਨ ਦੇ ਹੱਥੋਂ ਹਾਰ ਜਾਂਦਾ ਹੈ। ਜੋ ਆਪਣੇ ਆਪ ਤੋਂ ਹਾਰਿਆ ਹੋਇਆ ਹੈ, ਜਿਸ ਦਾ ਹੁਕਮ ਆਪਣੇ ਮਨ 'ਤੇ ਨਹੀਂ ਚੱਲਦਾ, ਉਸ ਦੀ ਜਿੱਤ ਇਕ ਛਲਾਵਾ ਹੈ। ਜਗਤ-ਜੇਤੂ ਤਾਂ ਉਹ ਹੈ ਜੋ ਆਪਣੇ ਮਨ 'ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ:

**...ਮਨਿ ਜੀਤੈ ਜਗੁ ਜੀਤੁ॥** *(ਜਪੁਜੀ)*

ਧਾਰਮਿਕ ਮੰਦਰ, ਧਰਮ ਗ੍ਰੰਥ ਮਨ ਜਿੱਤਣ ਦੇ ਸਾਧਨ ਦੱਸਦੇ ਹਨ। ਜੋ ਆਪਣੇ ਮਨ 'ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ, ਉਹ ਜਗਤ ਜਿੱਤਣ ਦੀ ਮੂੜ੍ਹ ਕਿਰਿਆ ਤੋਂ ਬਚ ਜਾਂਦਾ ਹੈ। ਤੇ ਜੋ ਆਪਣੇ ਮਨ ਦੇ ਹੱਥੋਂ ਹਾਰੇ ਹੋਏ ਹਨ, ਉਹ ਜਗਤ ਨੂੰ ਜਿੱਤਣ ਦੀ ਕੋਸ਼ਿਸ਼ ਕਰਦੇ ਹਨ।

ਸੰਸਾਰ ਦੀ ਸਾਰੀ ਕੁਰੂਪਤਾ, ਜਬਰ-ਜ਼ੁਲਮ, ਦੁਰਾਚਾਰ ਇਨ੍ਹਾਂ ਹੀ ਮਨੁੱਖਾਂ ਕਰਕੇ ਹੈ, ਜੋ ਆਪਣੇ ਮਨ ਦੇ ਹੱਥੋਂ ਹਾਰੇ ਹੋਏ ਹਨ। ਜਬਰ ਨਾਲ ਜਗਤ ਨੂੰ ਜਿੱਤਣ ਦੀ ਕੋਸ਼ਿਸ਼ ਕਰਦੇ ਹਨ ਤੇ ਇਨ੍ਹਾਂ ਦੇ ਜਬਰ ਨਾਲ ਕਈ ਘਰ ਉਜੜਦੇ ਹਨ। ਕਈਆਂ ਦੀ ਅਸਮਤ ਲੁੱਟੀ ਜਾਂਦੀ ਹੈ। ਕਈ ਯਤੀਮ ਹੋ ਜਾਂਦੇ ਹਨ। ਜਗਤ ਨੂੰ ਜਿੱਤਣ ਵਾਲਿਆਂ ਨੇ ਅੱਜ ਤਕ ਜਗਤ ਨੂੰ ਉਜਾੜਿਆ ਹੈ, ਬਰਬਾਦ ਕੀਤਾ ਹੈ। ਜੋ ਜਿਤਨਾ ਵੱਡਾ ਜੇਤੂ ਹੋਇਆ ਹੈ, ਉਸ ਨੇ ਉਤਨੀ ਧਰਤੀ ਵੀਰਾਨ ਕੀਤੀ ਹੈ। ਜਗਤ ਜਿੱਤਣ ਵਾਲੇ ਜਗਤ ਨੂੰ ਨਰਕ ਬਣਾ ਕੇ ਰੱਖ ਦਿੰਦੇ ਹਨ।

ਪਰ ਜੋ ਆਪਣਾ ਮਨ ਜਿੱਤ ਲੈਂਦੇ ਹਨ, ਉਹ ਜਗਤ ਦਾ ਸਹਾਰਾ ਬਣਦੇ ਹਨ। ਉਹ ਜਗਤ ਦਾ ਜੀਵਨ ਹੁੰਦੇ ਹਨ। ਉਨ੍ਹਾਂ ਦਾ ਜੀਵਨ ਧਰਤੀ ਦਾ ਸਵਰਗ ਹੁੰਦਾ ਹੈ। ਜਗਤ ਵਿਚ ਥੋੜਾ ਬਹੁਤ ਸਕੂਨ ਹੈ ਤਾਂ ਇਨ੍ਹਾਂ ਸੰਤਾਂ ਕਰਕੇ ਹੀ ਹੈ।

ਜਬਰ ਨਾਲ ਜਗਤ ਜਿੱਤੀਦਾ ਹੈ ਤੇ ਸਬਰ ਨਾਲ ਮਨ ਕਾਬੂ ਆਂਵਦਾ ਹੈ।

ਅੱਠੇ ਪਹਿਰ ਸਬਰ, ਸ਼ੁਕਰਾਨੇ ਵਿਚ ਜੀਵਣਾ, ਕੋਈ ਗਿਲਾ ਨਹੀਂ, ਕੋਈ ਸ਼ਿਕਾਇਤ ਨਹੀਂ, ਹਰ ਸਮੇਂ ਪ੍ਰਸੰਨ-ਚਿੱਤ ਰਹਿਣਾ ਹੀ ਸੰਤ ਦਾ ਸੁਭਾਵ ਹੈ:

**ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍॥**
**ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥**

*(ਸਲੋਕ ਫਰੀਦ ਜੀ, ਪੰਨਾ 1384)*

ਸਬਰ ਅੰਦਰ ਰਹਿਣਾ ਤੇ ਆਪਣੀ ਹੋਂਦ ਦਾ ਭੇਦ (ਢੰਡੋਰਾ) ਨਾ ਦੇਣਾ, ਹਰ ਜੀਵ ਲਈ ਖ਼ੈਰ ਮੰਗਣਾ ਇਹ ਸੰਤ ਦਾ ਜੀਵਨ ਹੈ।

ਹੰਕਾਰੀ ਸੰਸਾਰੀ ਹੁੰਦਾ ਹੈ। ਭੇਖ-ਧਾਰੀ ਸੰਤ ਜਿਵੇਂ ਆਪਣੀ ਹੋਂਦ ਦਾ ਪ੍ਰਗਟਾਵਾ ਕਰਦੇ ਹਨ ਤੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ, ਇਹ ਅਸਲ ਵਿਚ ਸੰਸਾਰੀ ਹਨ, ਸੰਤ ਨਹੀਂ ਹਨ।

ਸਤ ਦਾ ਚਿੰਤਨ, ਸਤ ਦਾ ਹੀ ਅਧਿਐਨ, ਸਤ ਦੀ ਹੀ ਲੋਚਾ ਕਰਕੇ ਸਤ ਸਰੂਪ ਹੋ ਜਾਣਾ ਹੀ ਸੰਤ ਦਾ ਜੀਵਨ ਹੈ:

**ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥**
**ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥**

*(ਸਲੋਕ ਮ: ੫, ਪੰਨਾ 319)*

ਇਸ ਤਰ੍ਹਾਂ ਦੇ ਪੂਰਨ ਸੰਤ ਜੋ ਸੁਭਾਵਕ ਆਪਣੀ ਲੋੜ ਅਨੁਸਾਰ ਜੋ ਬਾਣਾ ਪਹਿਨ ਲੈਂਦੇ ਹਨ, ਉਹ ਹੀ ਬਾਣਾ ਭੇਖਧਾਰੀ ਸੰਤਾਂ ਦਾ ਬਾਣਾ ਬਣ ਜਾਂਦਾ ਹੈ।

ਇਸ ਦੇਸ਼ ਵਿਚ ਕੋਈ ਪੰਜਾਹ ਲੱਖ ਤੋਂ ਵੀ ਵੱਧ ਸੰਤ ਹਨ ਤੇ ਉਨ੍ਹਾਂ ਦੀ ਪਹਿਚਾਨ ਉਨ੍ਹਾਂ ਦੇ ਧਾਰਨ ਕੀਤੇ ਭੇਖ ਕਰਕੇ ਹੈ।

ਕੋਈ ਭਗਵਾ, ਕੋਈ ਨੀਲਧਾਰੀ, ਕੋਈ ਚਿੱਟੇ ਕਪੜੇ ਤੇ ਕੋਈ ਸਿਰਫ਼ ਲੰਗੋਟੀ ਯਾ ਨਗਨ-ਦਿਗੰਬਰੀ ਹੈ।

ਸੰਤ ਭੇਖ ਨਹੀਂ ਹੈ। ਨਹੀਂ ਤਾਂ ਕੋਈ ਗੋਲ ਪੱਗ ਕਰ ਕੇ ਯਾ ਕਲ਼ਗੀ ਲਾ ਕੇ ਸੰਤ ਬਣ ਜਾਵੇ। ਮਾਂ ਬਾਪ ਦੇ ਸਰੀਰ ਦਾ ਜੋ ਤੱਤ ਹੈ ਉਹ ਸੁਤ (ਪੁੱਤ) ਹੈ ਔਰ ਸਤ ਦਾ ਜੋ ਤੱਤ ਹੈ ਉਹ ਸੰਤ ਹੈ। ਜੋ ਸਤ ਦਾ ਹੀ ਨਿਚੋੜ ਹੈ, ਤੱਤ ਹੈ। ਉਸ ਦੇ ਦਰਸ਼ਨ ਕੀਤਿਆਂ ਸਤ ਦੇ ਮਾਰਗ 'ਤੇ ਚੱਲਣ ਦਾ ਹਿਲੋਰਾ ਮਿਲ ਜਾਂਦਾ ਹੈ। ਸੰਤ ਦੀ ਹੋਂਦ ਸਤ ਦਾ ਪ੍ਰਤੱਖ ਰੂਪ ਹੈ। ਇਸ ਵਾਸਤੇ:

**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥**
**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥**

*(ਰਾਮਕਲੀ ਬਾਣੀ ਕਬੀਰ ਜੀ, ਪੰਨਾ 969)*

**ਨਾਮੇ ਨਾਰਾਇਨ ਨਾਹੀ ਭੇਦੁ ॥** *(ਭੈਰਉ ਨਾਮਦੇਵ ਜੀ, ਪੰਨਾ 1166)*

ਜੋ ਰਾਮ ਤੋਂ ਅਲੱਗ ਹੈ, ਭੇਦ ਵਿਚ ਹੈ। ਉਹ ਤਾਂ ਸੰਸਾਰੀ ਹੈ। ਸੰਸਾਰੀ ਕਹਿਣਾ ਵੀ ਠੀਕ ਨਹੀਂ। ਪ੍ਰਭੂ ਨਾਲ ਅੰਤਰ ਵਿਚ ਜੀਵਨ ਵਾਲਾ ਤਾਂ ਪਸ਼ੂ ਹੈ :

**ਜਿਨ ਕੈ ਭੀਤਰਿ ਹੈ ਅੰਤਰਾ ॥**
**ਜੈਸੇ ਪਸੁ ਤੈਸੇ ਓਇ ਨਰਾ ॥੨॥** *(ਭੈਰਉ ਨਾਮਦੇਵ ਜੀ, ਪੰਨਾ 1163)*

ਧਰਤੀ 'ਤੇ ਹਰ ਸਮੇਂ ਕੋਈ ਨਾ ਕੋਈ ਸੰਤ ਹੁੰਦਾ ਹੈ ਪਰ ਅਸਲੀਅਤ ਇਹ ਹੈ ਕਿ ਸੰਤ ਦੀ ਪਹਿਚਾਨ ਵੀ ਸੰਤ ਹੀ ਕਰ ਸਕਦਾ ਹੈ। ਅਸੰਤ ਸੰਤ ਦੀ ਪਹਿਚਾਨ ਨਹੀਂ ਕਰ ਸਕੇਗਾ। ਅੰਧੇਰਾ ਕਿਸ ਤਰ੍ਹਾਂ ਚਾਨਣੇ ਦੀ ਪਰਖ ਕਰੇਗਾ।

ਅੰਧੇ ਨਾ-ਸਮਝ ਹੀ ਸੰਤ ਦੀ ਪਹਿਚਾਨ ਕਰਦੇ ਹਨ, ਇਸ ਵਾਸਤੇ ਬਹੁਤ ਅਸੰਤ ਜਗਤ ਵਿਚ ਸੰਤ ਕਰ ਕੇ ਪੂਜੇ ਜਾਂਦੇ ਹਨ। ਅੰਧ-ਵਿਸ਼ਵਾਸ ਦੇ ਆਸਰੇ ਜੋ ਸੰਤ ਪੂਜੇ ਜਾਂਦੇ ਹਨ, ਉਨ੍ਹਾਂ ਦੀ ਜ਼ਿੰਦਗੀ ਤਾਂ ਆਮ ਸੰਸਾਰੀਆਂ ਤੋਂ ਵੀ ਥੱਲੇ ਹੈ। ਸੰਤ ਹੋਏ ਬਿਨਾਂ ਸੰਤ ਪਦ ਨੂੰ ਅਨੁਭਵ ਕਰਨਾ ਬੜਾ ਕਠਿਨ ਹੈ।

ਅੰਧ-ਵਿਸ਼ਵਾਸੀ ਤਾਂ ਕਿਸੇ ਭੇਖ ਨੂੰ ਸੰਤ ਆਖੇਗਾ, ਉਥੇ ਕੋਈ ਦੈਵੀ ਗੁਣ ਸੰਤ ਨਹੀਂ ਹੈ। ਭੇਖ ਸੰਤ ਹੈ। ਕਿਸੇ ਨੇ ਘਰ ਬਾਰ ਛੱਡ ਦਿੱਤਾ ਹੈ ਯਾ ਘਰ ਬਾਰੀ ਬਣਿਆ ਹੀ ਨਹੀਂ, ਆਮ ਮਨੁੱਖ ਉਸ ਨੂੰ ਸੰਤ ਆਖੇਗਾ। ਕੋਈ ਇਕ ਵਕਤ ਪ੍ਰਸ਼ਾਦ ਛਕਦਾ ਹੈ। ਕੋਈ ਲੱਕੜ ਦੀਆਂ ਖੜਾਵਾਂ ਪਹਿਨਦਾ ਹੈ। ਕੋਈ ਮੋਨ ਧਾਰਨ ਕੀਤੀ ਬੈਠਾ ਹੈ। ਇਹ ਸਭ ਕੁਝ ਸੰਤ ਹੋਣ ਦੇ ਲੱਛਣ ਨਹੀਂ ਹਨ।

ਸੰਤ ਦੇ ਲੱਛਣ, ਰਹੁ-ਰੀਤੀ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਵਰਣਨ ਕੀਤੀ ਹੈ :

**ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥**
**ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥੧॥**
**ਮਨ ਮੇਰੇ ਰਾਮ ਰਉ ਨਿਤ ਨੀਤਿ ॥**
**ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥੧॥ਰਹਾਉ॥**
**ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ ॥**
**ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ ॥੨॥**

*(ਮਾਰੂ ਮ: ੫, ਪੰਨਾ 1017)*

ਤਿੱਖੇ ਜਿਹੇ ਸ਼ਸਤਰ ਨਾਲ ਦਰੱਖ਼ਤ ਨੂੰ ਕੱਟ ਕੇ ਉਸ ਦੀ ਬੇੜੀ ਬਣਾਈ ਗਈ। ਜਿਸ ਨੇ ਕੱਟਿਆ ਉਸ ਨੂੰ ਪਾਰ ਕਰ ਰਹੀ ਹੈ। ਦਰੱਖ਼ਤ ਜਦ ਸਹੀ ਸਲਾਮਤ ਖੜਾ ਸੀ, ਛਾਂ ਦੇ ਰਿਹਾ ਸੀ, ਫਲ ਫੁੱਲ ਦੇ ਰਿਹਾ ਸੀ। ਪਰ ਹੁਣ ਜਦ ਕੱਟਿਆ ਗਿਆ ਤਾਂ ਦਰਿਆ ਤੋਂ ਲੋਕਾਂ ਨੂੰ ਪਾਰ ਕਰ ਰਿਹਾ ਹੈ।

ਸੰਤ ਦੀ ਹੋਂਦ ਜਗਤ ਨੂੰ ਸੁਖ ਸ਼ਾਂਤੀ ਦੇਂਦੀ ਹੈ। ਸੰਤ ਜਗਤ ਤੋਂ ਵਿਦਾ ਹੁੰਦਾ ਹੈ ਤਾਂ ਵੀ ਉਸ ਦੀ ਯਾਦ ਜੀਵਾਂ ਨੂੰ ਪ੍ਰਭੂ-ਮਾਰਗ ਦੀ ਪ੍ਰੇਰਨਾ ਦੇਂਦੀ ਰਹਿੰਦੀ ਹੈ। ਸੰਤ ਉਨ੍ਹਾਂ ਦਾ ਵੀ ਭਲਾ ਮੰਗਦਾ ਹੈ, ਜਿਹੜੇ ਉਸ ਦੇ ਦੋਖੀ ਹੁੰਦੇ ਹਨ। ਸੰਤ ਦਾ ਜਿਗਰਾ ਦਰੱਖ਼ਤਾਂ ਵਰਗਾ ਹੁੰਦਾ ਹੈ:

**ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥**

*(ਸਲੋਕ ਫਰੀਦ ਜੀ, ਪੰਨਾ 1381)*

ਸ਼ੇਖ਼ ਸ਼ਰਫ਼ ਦੇ ਪੁੱਤਰ ਨੇ ਜਦ ਗੁਰੂ ਨਾਨਕ ਦੇਵ ਜੀ 'ਤੇ ਇਹ ਪ੍ਰਸ਼ਨ ਕੀਤਾ ਸੀ ਕਿ ਫ਼ਕੀਰੀ ਕਿਸ ਨੂੰ ਕਹਿੰਦੇ ਹਨ—'ਫ਼ਕੀਰੀ ਚੀਸਤ'? ਤਾਂ ਸਤਿਗੁਰੂ ਜੀ ਨੇ ਇਹ ਉੱਤਰ ਦਿੱਤਾ ਸੀ:

*ਇਬਤਿਦਾਇ ਫ਼ਕੀਰੀ ਫ਼ਨਾਹ ਅਸਤ।*
*ਇੰਤਿਹਾਇ ਫ਼ਕੀਰੀ ਬਕਾਸਤ।*

ਕਿਸੇ ਉੱਚੇ ਆਦਰਸ਼ ਲਈ ਆਪਣੇ ਆਪ ਨੂੰ ਕੁਰਬਾਨ ਕਰ ਦੇਣਾ ਤੇ ਹਮੇਸ਼ਾ ਲਈ ਅਮਰ ਤੱਤ ਵਿਚ ਲੀਨ ਹੋ ਜਾਣਾ, ਇਹ ਫ਼ਕੀਰੀ ਹੈ। ਸੰਸਾਰ ਵਿਚ ਥੋੜੀ ਬਹੁਤ ਜੋ ਸ਼ਾਂਤੀ ਤੇ ਅਮਨ ਹੈ, ਉਹ ਇਹੋ ਜਿਹੇ ਸੰਤਾਂ ਕਰਕੇ ਹੈ। ਅਗਰ ਐਸੇ ਸੰਤ ਨਾ ਹੋਵਣ ਤਾਂ ਜਗਤ ਬੜਾ ਬੇ-ਰੌਣਕ ਹੋ ਜਾਵੇ।

# ਜਤੀ

ਸਤ ਦੀ ਪ੍ਰਾਪਤੀ ਕਿਵੇਂ ਹੋਵੇ ? ਧਾਰਮਿਕ ਮਨੁੱਖ ਦੀ ਇਹ ਮੂਲ ਸਮੱਸਿਆ ਹੈ। ਲੰਬੇ ਚਿੰਤਨ ਤੋਂ ਬਾਅਦ ਜੋ ਅਨੁਭਵ ਵਿਚ ਆਇਆ ਹੈ ਕਿ ਸਤ ਦੀ ਪ੍ਰਾਪਤੀ ਜਤ ਨਾਲ ਹੁੰਦੀ ਹੈ, ਇਸ ਵਾਸਤੇ ਸਤੀ ਸਤਵਾਦੀ ਉਸ ਨੂੰ ਮੰਨਦੇ ਹਨ ਜੋ ਜਤੀ ਹੋਵੇ। ਲਿਹਾਜ਼ਾ ਜਤ ਸਤ ਇਹ ਉਚਾਰਨ ਵੀ ਇਕੱਠਾ ਹੋ ਗਿਆ। ਜਤ ਸਤ ਦਾ ਚੋਲੀ ਦਾਮਨ ਦਾ ਸਾਥ ਹੈ। ਸਤ ਦੀ ਪ੍ਰਾਪਤੀ ਦੀ ਚੇਸ਼ਟਾ ਛੱਡ ਕੇ ਜਤ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ, ਫਿਰ ਸਤ ਤਾਂ ਆਪਣੇ ਆਪ ਸੁਤੇ-ਸਿੱਧ ਮਿਲ ਜਾਂਦਾ ਹੈ। ਪਰ ਜਤ ਕੀ ਹੈ ? ਜਤੀ ਕਿਸ ਨੂੰ ਆਖਦੇ ਹਨ ? ਇਹ ਜਾਣਕਾਰੀ ਲਾਜ਼ਮੀ ਹੈ।

ਮਨੁੱਖਾ ਸਰੀਰ ਪ੍ਰਾਕ੍ਰਿਤਕ ਮੰਡਲ ਵਿਚ ਆਪਣੇ ਆਪ ਵਿਚ ਪੂਰਨ ਸਰੀਰ ਹੈ—ਕਿਉਂਕਿ ਇਸ ਕੋਲ ਪੰਜ ਇੰਦਰੇ ਹਨ, ਬਾਕੀ ਜੂਨਾਂ ਵੱਲ ਨਿਗ੍ਹਾ ਮਾਰੀਏ, ਕਿਸੇ ਕੋਲ ਸਿਰਫ਼ ਇਕ ਹੀ ਇੰਦਰਾ ਹੈ। ਜੈਸੇ ਪੱਥਰ ਸਿਰਫ਼ ਤਨ ਹੈ। ਖੱਲੜੀ ਤਾਂ ਹੈ ਪਰ ਚੂੰਕਿ ਬਾਕੀ ਇੰਦਰੇ ਨਹੀਂ ਹਨ, ਇਸ ਪੱਥਰ ਕੋਲ ਕੋਈ ਵੀ ਬੋਧ ਨਹੀਂ ਹੈ।

ਜਿਸ ਮਨੁੱਖ ਕੋਲ ਵੀ ਕੋਈ ਬੋਧ ਨਾ ਹੋਵੇ ਤਾਂ ਅਸੀਂ ਕਹਿ ਦੇਂਦੇ ਹਾਂ, ਇਸ ਦੀ ਬੁੱਧ ਜੜ੍ਹ-ਪੱਥਰ ਨਿਆਈਂ ਹੈ। ਬਨਸਪਤੀ ਪੌਦੇ ਜ਼ਰਾ ਜ਼ਿਆਦਾ ਵਿਕਸਤ ਹਨ। ਉਹ ਸੂਰ ਤੇ ਸਪਰਸ਼ਤਾ ਦਾ ਬੋਧ ਰੱਖਦੇ ਹਨ। ਸਰਪ ਕੋਲ ਕੰਨ ਨਹੀਂ ਹਨ। ਠੂੰਹੇਂ-ਬਿੱਛੂ ਕੋਲ ਅੱਖਾਂ ਨਹੀਂ ਹਨ। ਮਨੁੱਖੀ ਸਰੀਰ ਆਪਣੇ ਆਪ ਵਿਚ ਪੂਰਨ ਹੈ। ਇਸ ਕੋਲ ਪੰਜ ਇੰਦਰੇ ਹਨ ਤੇ ਪੰਜੇ ਹੀ ਇੰਦ੍ਰਿਆਂ ਦਾ ਤਾਲ-ਮੇਲ ਬਿਠਾਉਣ ਲਈ ਬੁੱਧ ਵੀ ਹੈ। ਅੱਖਾਂ ਜਿਸ ਨੂੰ ਵੇਖ ਰਹੀਆਂ ਹਨ, ਕੰਨ ਉਸੇ ਨੂੰ ਹੀ ਸੁਣ ਰਹੇ ਹਨ। ਇਸ ਦਾ ਪਤਾ ਬੁੱਧ ਨੂੰ ਚੱਲਦਾ ਹੈ।

ਜਿਸ ਨਾਲ ਬੋਲ ਰਹੇ ਹਾਂ, ਉਸੇ ਨੂੰ ਹੀ ਵੇਖ ਰਹੇ ਹਾਂ, ਇਹ ਪਤਾ ਕਿਸ ਤਰ੍ਹਾਂ ਚੱਲੇਗਾ, ਅਗਰ ਬੁੱਧ ਨਾ ਹੋਵੇ। ਜਿਸ ਨੂੰ ਸਪਰਸ਼ ਕਰ ਰਹੇ ਹਾਂ, ਉਸ ਨੂੰ ਵੇਖ ਰਹੇ ਹਾਂ, ਇਸ ਦਾ ਅਗਰ ਬੋਧ ਨਾ ਹੋਵੇ ਤਾਂ ਸਭ ਅਸਤ ਵਿਅਸਤ ਹੋ ਜਾਵੇਗਾ ਤੇ ਮਨੁੱਖੀ ਜੀਵਨ ਦੇ ਹਰ ਪਹਿਲੂ ਦਾ ਵਿਕਾਸ ਰੁਕ ਜਾਵੇਗਾ।

ਪੰਜਾਂ ਇੰਦ੍ਰਿਆਂ ਨੂੰ ਸ਼ੁੱਧ ਅਹਾਰ ਮਿਲੇ, ਸ਼ੁੱਧ ਅਹਾਰ ਦਾ ਵਰਤਣ-ਵਲੇਵਾ ਹੀ ਜਤ ਹੈ।

ਜਿਸ ਨੇ ਵਿਵਾਹ ਨਹੀਂ ਕੀਤਾ, ਪਹਾੜਾਂ ਦੀਆਂ ਕੰਦਰਾਂ ਵਿਚ ਜਾ ਲੁਕਿਆ ਹੈ, ਉਹ ਜਤੀ ਨਹੀਂ ਹੈ।

ਜੋ ਖ਼ੁਰਾਕ ਅਸੀਂ ਮੂੰਹ ਰਾਹੀਂ ਸਰੀਰ ਅੰਦਰ ਪਾਂਦੇ ਹਾਂ, ਉਹ ਸਾਡੇ ਸਰੀਰਕ ਜੀਵਨ ਦਾ ਹਿੱਸਾ ਬਣਦੀ ਹੈ, ਪਰ ਬਾਕੀ ਇੰਦ੍ਰਿਆਂ ਦਾ ਅਹਾਰ ਵੀ ਸਾਡੇ ਸਰੀਰ ਤੇ ਜੀਵਨ ਦਾ ਹਿੱਸਾ ਬਣਦਾ ਹੈ।

ਅਗਰ ਅਸੀਂ ਕੰਨਾਂ ਨਾਲ ਸੁਣ ਰਹੇ ਹਾਂ, ਬਿਖੇ ਨਾਦ ਯਾ ਨਿੰਦਾ ਝੂਠ ਸੁਣ ਰਹੇ ਹਾਂ, ਇਹ ਸਭ ਕੁਛ ਸਾਡੇ ਅੰਦਰ ਜਾ ਕੇ ਸਾਡੇ ਮਨ ਦਾ ਹਿੱਸਾ ਬਣੇਗਾ।

ਅੱਖਾਂ ਅਗਰ ਗ਼ਲਤ ਵੇਖ ਰਹੀਆਂ ਹਨ, ਲਲਚਾਈ ਨਿਗ੍ਹਾ ਨਾਲ ਪਰਾਇਆ ਤਨ ਯਾ ਧਨ-ਸੰਪਦਾ ਵੇਖ ਰਹੀਆਂ ਹਨ, ਵੇਖਿਆ ਹੋਇਆ ਨਾਸ ਨਹੀਂ ਹੁੰਦਾ, ਸਾਡੇ ਜੀਵਨ ਦਾ ਹਿੱਸਾ ਬਣ ਜਾਂਦਾ ਹੈ। ਬਾਜ਼ਾਰਾਂ ਵਿਚ ਚਾਰੋਂ ਪਾਸੇ ਗੰਦੇ ਪੋਸਟਰ ਇਸ਼ਤਿਹਾਰ ਜੇ ਅਸੀਂ ਵੇਖਦੇ ਗਏ ਤੇ ਪੜ੍ਹਦੇ ਗਏ, ਉਹ ਸਭ ਕੁਛ ਸਾਡੇ ਜੀਵਨ ਦਾ ਅੰਗ ਬਣ ਜਾਵੇਗਾ। ਇਸ ਨੂੰ ਆਮ ਵਿਉਪਾਰੀ ਅਤੀ ਨੀਵੇਂ ਪੱਧਰ ਦੇ ਲੋਕਾਂ ਨੇ ਵੀ ਜਾਣ ਲਿਆ ਹੈ, ਜੋ ਰੋਜ਼ ਪੜ੍ਹਿਆ ਜਾਵੇ ਤੇ ਵੇਖਿਆ ਜਾਵੇ, ਉਸ ਤੋਂ ਪ੍ਰਭਾਵਿਤ ਹੋਣਾ ਲਾਜ਼ਮੀ ਹੈ। ਇਸ਼ਤਿਹਾਰ-ਬਾਜ਼ੀ ਦੀ ਦੁਨੀਆ ਦਾ ਜਨਮ ਇਸੇ ਕਾਰਨ ਕਰਕੇ ਹੋਇਆ ਹੈ। ਕੋਈ ਵਸਤੂ ਆਪਣੇ ਆਪ ਵਿਚ ਕਿਤਨੀ ਮਹਾਨ ਕਿਉਂ ਨਾ ਹੋਵੇ, ਇਸ਼ਤਿਹਾਰ-ਬਾਜ਼ੀ ਤੋਂ ਬਿਨਾਂ ਆਮ ਮਨੁੱਖਾਂ ਤਕ ਪਹੁੰਚਾਉਣਾ ਔਖਾ ਹੋ ਜਾਂਦਾ ਹੈ।

ਗ਼ਲਤ ਬੋਲਣਾ ਤੇ ਖਾਣਾ ਇਹ ਰਸਨਾ ਦਾ ਗ਼ਲਤ ਅਹਾਰ ਹੈ ਔਰ ਇਸ ਤਰ੍ਹਾਂ ਪਰ-ਤਨ ਲੋਭ-ਦ੍ਰਿਸ਼ਟੀ ਨਾਲ ਵੇਖਣਾ ਇਹ ਹੀਨ-ਆਚਰਣ ਹੈ:

**ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ ॥**

*(ਗੂਜਰੀ ਜੈਦੇਵ ਜੀ, ਪੰਨਾ 526)*

ਬਿਖੇ ਨਾਦ ਸੁਣਨਾ ਤੇ ਗ਼ਲਤ ਸੁੰਘਣਾ ਇਹ ਨਾਸਕਾ ਤੇ ਕੰਨਾਂ ਦਾ ਗ਼ਲਤ ਅਹਾਰ ਹੈ।

ਖੱਲੜੀ ਗ਼ਲਤ ਸਪਰਸ਼ ਕਰੇ ਤਾਂ ਇਹ ਖੱਲੜੀ ਦਾ ਗ਼ਲਤ ਅਹਾਰ ਹੈ।

ਇਨ੍ਹਾਂ ਪੰਜਾਂ ਇੰਦਰਿਆਂ ਦੇ ਰਾਹੀਂ ਜੋ ਤਨ ਤੇ ਮਨ ਵਿਚ ਜਾਵੇਗਾ, ਵੈਸਾ ਹੀ ਆਚਰਣ ਬਣ ਜਾਵੇਗਾ।

ਜਦ ਮਨੁੱਖ ਇਸ ਗੱਲ ਦੀ ਸਾਵਧਾਨੀ ਵਰਤਦਾ ਹੈ ਕਿ ਮੂੰਹ ਰਾਹੀਂ ਪਰੂਥਾ, ਬਦਬੂਦਾਰ ਤੇ ਗੰਦਾ ਭੋਜਨ ਅੰਦਰ ਨਾ ਜਾਵੇ, ਇਹ ਸਰੀਰ ਵਿਚ ਰੋਗ ਤੇ ਮਨ ਵਿਚ ਭੋਗ ਲਾਲਸਾ ਪੈਦਾ ਕਰੇਗਾ। ਤਾਂ ਇਸ ਪੱਖੋਂ ਵੀ ਸੁਚੇਤ ਰਹਿਣਾ ਚਾਹੀਦਾ ਹੈ ਕਿ ਬਾਕੀ ਇੰਦਰੇ ਕੰਨ, ਅੱਖ, ਖੱਲੜੀ ਰਾਹੀਂ ਵੀ ਗ਼ਲਤ ਭੋਜਨ ਅੰਦਰ ਨਾ ਜਾਵੇ, ਇੰਦਰੇ-ਜਿੱਤ ਮਨੁੱਖ ਹੀ ਜਤੀ ਹੁੰਦਾ ਹੈ। ਪੁਰਾਣਕ ਮਿਥਿਹਾਸ ਹੈ ਕਿ ਜੋ ਇੰਦਰੇ

ਨੂੰ ਜਿੱਤ ਲੈਂਦਾ ਹੈ, ਉਸ ਨੂੰ ਸਵਰਗ ਮਿਲਦਾ ਹੈ। ਵਾਸਤਵਿਕ, ਜੋ ਇੰਦਰਿਆਂ ਨੂੰ ਜਿੱਤ ਲੈਂਦਾ ਹੈ, ਉਸ ਨੂੰ ਆਤਮ-ਆਨੰਦ ਦਾ ਸਵਰਗ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਦਾ ਇੰਦਰੀ ਜਿੱਤ ਕੋਈ ਕਰੋੜਾਂ ਵਿੱਚੋਂ ਇਕ-ਅੱਧਾ ਹੀ ਹੁੰਦਾ ਹੈ:

**ਮਿਥਿਆ ਨਾਹੀ ਰਸਨਾ ਪਰਸ ॥**
**ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥**
**ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥**
**ਸਾਧ ਕੀ ਟਹਲ ਸੰਤਸੰਗਿ ਹੇਤ ॥**
**ਕਰਨ ਨ ਸੁਨੈ ਕਾਹੂ ਕੀ ਨਿੰਦਾ ॥**
**ਸਭ ਤੇ ਜਾਨੈ ਆਪਸ ਕਉ ਮੰਦਾ ॥**
**ਗੁਰ ਪ੍ਰਸਾਦਿ ਬਿਖਿਆ ਪਰਹਰੈ ॥**
**ਮਨ ਕੀ ਬਾਸਨਾ ਮਨ ਤੇ ਟਰੈ ॥**
**ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥**
**ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥**

*(ਗਉੜੀ ਸੁਖਮਨੀ ਮ: ੫, ਪੰਨਾ 274)*

ਜੋ ਕਿਸੇ ਵੀ ਇੰਦਰੇ ਨਾਲ ਗ਼ਲਤ ਸਪਰਸ਼ ਨਾ ਕਰਦਾ ਹੋਵੇ, ਸਦਾ ਅਪਰਸ਼ ਰਹੇ, ਉਹ ਪਰਮ ਜਤੀ ਹੈ ਪਰ ਐਸਾ ਅਪਰਸ਼ ਤਾਂ:

**ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥**

*(ਗਉੜੀ ਸੁਖਮਨੀ ਮ: ੫, ਪੰਨਾ 274)*

ਪੁਰਾਣੀ ਧਾਰਮਿਕ ਧਾਰਨਾ ਦੇ ਮੁਤਾਬਿਕ ਸਿਰਫ਼ ਨਾਮ ਦੇ ਤਿਆਗੀ ਜਾਂ ਸਿਰਫ਼ ਖੱਲੜੀ ਦੀ ਸਪਰਸ਼ਤਾ ਦੇ ਤਿਆਗੀ ਨੂੰ ਹੀ ਜਤੀ ਆਖਿਆ ਗਿਆ ਹੈ। ਜੋ ਕਾਮ ਦਾ ਤਿਆਗੀ ਹੈ, ਉਹ ਜਤੀ ਹੈ।

ਇਸ ਤਰ੍ਹਾਂ ਸਾਡੇ ਦੇਸ਼ ਅੰਦਰ ਛੇ ਜਤੀਆਂ ਦੀ ਗਾਥਾ ਆਮ ਪ੍ਰਚਲਿਤ ਹੈ। ਸਿਰਫ਼ ਜਤੀ ਹੋਣ ਕਰਕੇ ਹੀ ਗੋਰਖ, ਸੁੰਦਰ, ਹਨੂੰਮਾਨ, ਲਛਮਣ ਤੇ ਭੈਰਵ ਇਤਿਆਦਿਕ ਨੂੰ ਪ੍ਰਤਿਸ਼ਟਾ ਮਿਲੀ।

ਸਿਰਫ਼ ਕਾਮ ਦਾ ਤਿਆਗੀ ਗੁਰਮਤਿ ਅਨੁਸਾਰ ਜਤੀ ਨਹੀਂ ਹੈ ਤੇ ਨਾ ਹੀ ਇਸ ਤਰ੍ਹਾਂ ਦੇ ਅਖੌਤੀ ਤਿਆਗ ਨਾਲ ਮਨ ਦੀ ਸ਼ੁੱਧੀ ਹੁੰਦੀ ਹੈ:

**ਗੋਰਖ ਜਤੀ ਸਦਾਇੰਦਾ ਤਿਸ ਗੁਰ ਘਰਬਾਰੀ ॥**
**ਸੁਕਰ ਕਾਣਾ ਹੋਇਆ ਦੁਰਮੰਤ੍ਰ ਵੀਚਾਰੀ ॥**
**ਲਖਮਣ ਸਾਧੀ ਭੁਖ ਤੇਹ ਹਉਮੈ ਹੰਕਾਰੀ ॥**
**ਹਨੂਮਾਨ ਬਲਵੰਤ ਹੋਇ ਚੰਚਲ ਮਤਿ ਖਾਰੀ ॥**
**ਭੈਰਉ ਭੂਤ ਕੁਸੂਤ ਸੰਗਿ ਦੁਰਮਤਿ ਉਰਧਾਰੀ ॥**
**ਗੁਰ ਸਿਖ ਜਤੀ ਸਲਾਹੀਅਨ ਜਿਨਿ ਹਉਮੈ ਮਾਰੀ ॥**

*(ਭਾਈ ਗੁਰਦਾਸ ਜੀ, ਵਾਰ 38, ਪਉੜੀ 7)*

ਸਿਰਫ਼ ਕਾਮ ਦੇ ਤਿਆਗੀ ਨੂੰ ਜਤੀ ਕਹਿਣ ਪਿੱਛੇ ਜਾਪਦਾ ਹੈ, ਕੋਈ ਸਿੱਧਾਂਤ ਹੋਰ ਹੀ ਕੰਮ ਕਰ ਰਿਹਾ ਹੈ, ਜਿਸ ਨੂੰ ਸਹੀ ਪੱਧਰ 'ਤੇ ਸਮਝਿਆ ਨਹੀਂ ਗਿਆ।

ਜੋ ਗ਼ਲਤ ਸੁਣੇਗਾ, ਉਹ ਕਾਮੀ ਹੋ ਜਾਵੇਗਾ। ਜੋ ਗ਼ਲਤ ਵੇਖੇਗਾ, ਕਾਮੀ ਹੋ ਜਾਵੇਗਾ। ਗ਼ਲਤ ਬੋਲੇਗਾ, ਬੋਲਣ ਵਿਚ ਬੋਲ ਪਰ-ਤਨ ਤੇ ਧਨ ਦੇ ਹੋਵਣ ਤਾਂ ਕਾਮ ਉਤੇਜਿਤ ਹੋਵੇਗਾ। ਜਿਨਸੀਆਤ ਨਾਲ ਭਰਿਆ ਗੰਦਾ ਨਾਵਲ ਪੜ੍ਹ ਰਿਹਾ ਹੈ, ਕਾਮ ਉਤੇਜਿਤ ਫ਼ਿਲਮਾਂ ਵੇਖ ਰਿਹਾ ਹੈ ਤਾਂ ਕਾਮੀ ਹੋ ਜਾਵੇਗਾ। ਕਾਮ ਵੇਗ ਇਕ ਐਸਾ ਹੜ੍ਹ ਹੈ, ਜਿਸ ਵਿਚ ਸਭਿਅਤਾ, ਆਚਰਣ, ਜਪ, ਤਪ, ਸਭ ਡੁੱਬ ਜਾਂਦਾ ਹੈ। ਸਭ ਕੁਛ ਡੁੱਬਣ ਪਿੱਛੇ ਗਿਲਾਨੀ ਪੈਦਾ ਹੁੰਦੀ ਹੈ। ਅਤੀ ਕਾਮੀ ਅਕਸਰ ਗਿਲਾਨੀ ਨਾਲ ਹੀ ਭਰੇ ਰਹਿੰਦੇ ਹਨ।

ਕਾਮ-ਇੰਦਰੇ ਦੀ ਵਰਤੋਂ ਦੇ ਤਿਆਗ ਦਾ ਨਾਮ ਜਤੀ ਹੋਣਾ ਨਹੀਂ ਹੈ, ਜੈਸਾ ਕਿ ਧਾਰਮਿਕ ਦੁਨੀਆ ਵਿਚ ਮੰਨਿਆ ਜਾਂਦਾ ਹੈ। ਹਰ ਇੰਦਰੇ ਦਾ ਗ਼ਲਤ ਅਹਾਰ ਤਿਆਗਦਿਆਂ ਕਾਮ ਦਾ ਵੇਗ ਸੀਮਾ ਵਿਚ ਹੋ ਜਾਂਦਾ ਹੈ। ਵੇਗ ਖ਼ਤਮ ਨਹੀਂ ਹੁੰਦਾ, ਇਸ ਨੂੰ ਸਮਝਣਾ ਹੈ, ਵੇਗ ਸਿਰਫ਼ ਸੀਮਾ ਵਿਚ ਹੁੰਦਾ ਹੈ। ਵੇਗ ਖ਼ਤਮ ਹੋਣ ਦਾ ਨਾਅਰਾ ਲਾਉਣਾ, ਇਹ ਸਭ ਤੋਂ ਵੱਡਾ ਝੂਠ ਹੈ, ਕਿਉਂਕਿ ਇਹ ਪ੍ਰਕ੍ਰਿਤੀ ਦੇ ਨਿਯਮ ਤੋਂ ਉਲਟ ਗੱਲ ਹੈ:

**ਜਤਨ ਕਰੈ ਬਿੰਦੁ ਕਿਵੈ ਨ ਰਹਾਈ॥**
**ਮਨੂਆ ਡੋਲੈ ਨਰਕੇ ਪਾਈ॥** *(ਰਾਮਕਲੀ ਮ: ੧, ਪੰਨਾ 906)*

ਸਰੀਰ ਦਾ ਜਨਮ ਪ੍ਰਾਕ੍ਰਿਤਕ ਨਿਯਮ ਅਨੁਸਾਰ ਕਾਮ ਤੋਂ ਹੋਇਆ ਹੈ, ਜਦ ਜਨਮ ਕਾਮ ਤੋਂ ਹੋਇਆ ਹੈ ਤਾਂ ਰੋਮ ਰੋਮ ਵਿਚ ਕਾਮ ਹੋਵੇਗਾ। ਉਮਰ ਨਾਲ ਇਸ ਕਾਮ ਦੇ ਵੇਗ ਨੂੰ ਜੋ ਸੀਮਾ ਵਿਚ ਲਿਆਵੇ ਉਹ ਜਤੀ ਤੇ ਜਿਸ ਦਾ ਇਹ ਅਸੀਮ ਹੈ, ਹੜ੍ਹ ਦੀ ਸ਼ਕਲ ਧਾਰਨ ਕਰ ਗਿਆ ਹੈ, ਉਹ ਕਾਮੀ ਹੈ। ਕਾਮ ਵੇਗ ਜਿਸ ਦਾ ਸੰਜਮ ਵਿਚ, ਸੀਮਾ ਵਿਚ, ਜਿਸ ਤੋਂ ਮੁਰਾਦ ਕਿ ਵਿਧੀ ਅਨੁਸਾਰ, ਇਹ ਸੰਬੰਧ ਸਿਰਫ਼ ਪਤਨੀ ਯਾ ਪਤੀ ਨਾਲ ਹੈ, ਉਹ ਜਤੀ ਹੈ:

**ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ॥**
*(ਭਾਈ ਗੁਰਦਾਸ ਜੀ, ਵਾਰ 6, ਪਉੜੀ 8)*

ਸਿਰਫ਼ ਘਰ ਬਾਰ ਦਾ ਤਿਆਗੀ ਜਤੀ ਨਹੀਂ ਹੋ ਸਕਦਾ। ਭੋਜਨ ਸਰੀਰ ਨੂੰ ਚਾਹੀਦਾ ਹੈ ਤੇ ਸਰੀਰ ਦਾ ਜਨਮ ਕਾਮ ਤੋਂ ਹੋਇਆ ਹੈ ਤੇ ਕਾਮ ਅੰਸ਼ ਰੋਮ ਰੋਮ ਵਿਚ ਹੈ ਤਾਂ ਭੋਜਨ ਕਾਮ ਨੂੰ ਮਿਲੇਗਾ। ਔਰ ਅਗਰ ਗ਼ਲਤ ਵੇਖਿਆ ਜਾ ਰਿਹਾ ਹੈ, ਗ਼ਲਤ ਸੁਣਿਆ ਜਾ ਰਿਹਾ ਹੈ ਤਾਂ ਕਾਮ ਵੇਗ ਹੜ੍ਹ-ਤੂਫ਼ਾਨ ਬਣੇਗਾ ਤੇ ਇਸ ਹੜ੍ਹ ਵਿਚ ਪਹਿਲੇ ਆਪਣਾ ਹੀ ਜੀਵਨ ਨਸ਼ਟ ਹੋਵੇਗਾ।

ਲੂਣ ਨੂੰ ਸਰਬ-ਰਸ ਆਖਦੇ ਹਨ। ਅਗਰ ਇਹ ਭੋਜਨ ਵਿਚ ਨਾ ਹੋਵੇ ਤਾਂ ਭੋਜਨ ਬੇ-ਸੁਆਦੀ ਹੋਵੇਗਾ। ਹੁਣ ਕੋਈ ਦਲੀਲ ਦੇਵੇ ਕਿ ਲੂਣ ਨਾਲ ਹੀ ਭੋਜਨ ਸੁਆਦੀ ਹੈ ਤਾਂ ਲੂਣ ਹੀ ਖਾਣਾ ਚਾਹੀਦਾ ਹੈ, ਭੋਜਨ ਖਾਣ ਦੀ ਕੀ ਲੋੜ ਹੈ। ਲੂਣ ਖਾਣਾ ਤਾਂ ਇਕ ਪਾਸੇ, ਜੇਕਰ ਲੂਣ ਜ਼ਿਆਦਾ ਵੀ ਪੈ ਜਾਵੇ ਤਾਂ ਭੋਜਨ ਬੇ-ਸੁਆਦੀ ਹੋ ਜਾਵੇਗਾ।

ਕਾਮ ਬਾਰੇ ਵੀ ਧਾਰਮਿਕ ਦ੍ਰਿਸ਼ਟੀ ਇਹੀ ਹੈ ਕਿ ਅਤਿ ਨਾ ਹੋਵੇ। ਲੂਣ ਦਾ ਤਾਂ ਕੋਈ ਤਿਆਗੀ ਵੀ ਹੋ ਸਕਦਾ ਹੈ ਕਿਉਂਕਿ ਲੂਣ ਸਰੀਰ ਨਾਲੋਂ ਵੱਖ ਹੈ ਪਰ ਕਾਮ ਦਾ ਤਿਆਗੀ ਨਹੀਂ ਹੋ ਸਕਦਾ ਕਿਉਂਕਿ ਰੱਬੀ ਨਿਯਮ ਅਨੁਸਾਰ ਸਰੀਰ ਦਾ ਜਨਮ ਕਾਮ ਤੋਂ ਹੋਇਆ ਹੈ ਤੇ ਕਾਮ ਸਰੀਰ ਦੇ ਰੇਜ਼ੇ ਰੇਜ਼ੇ ਵਿਚ ਹੈ। ਇਸ ਵਾਸਤੇ ਤਿਆਗ ਪਾਖੰਡ ਹੋਵੇਗਾ।

ਪੁਰਾਣਕ ਸਾਖੀਆਂ ਅਨੁਸਾਰ ਰਿਸ਼ੀ ਮੁਨੀਆਂ ਨੂੰ ਹਮੇਸ਼ਾ ਇੰਦਰ ਮੇਨਕਾ, ਰੰਭਾ, ਉਰਵਸ਼ੀ ਯਾ ਕੋਈ ਹੋਰ ਅਪਸਰਾ ਭੇਜ ਕੇ ਸਤ ਭੰਗ ਕਰਦਾ ਰਿਹਾ ਹੈ। ਵਿਸ਼ਵਾਮਿੱਤਰ, ਸ੍ਰਿੰਗੀ, ਮਛੰਦਰ ਨਾਥ, ਇਤਿਆਦਿਕ ਭ੍ਰਸ਼ਟ ਹੋ ਗਏ। ਕੋਈ ਇੰਦਰ ਸਵਰਗ ਵਿਚ ਬੈਠ ਕੇ ਅਪਸਰਾਂ ਨਹੀਂ ਭੇਜਦਾ ਤੇ ਉਸ ਨੂੰ ਲੋੜ ਵੀ ਕੀ ਹੈ? ਅਗਰ ਲੋੜ ਹੈ ਤਾਂ ਦੇਵਤਾ ਨਹੀਂ, ਦੁਸ਼ਟ ਹੈ।

ਜਦ ਇੰਦਰਿਆਂ ਦੇ ਰਸ ਦਾ ਕੋਈ ਤਿਆਗ ਕਰਦਾ ਹੈ ਤਾਂ ਇੰਦਰੇ ਬੜੀ ਜ਼ੋਰ ਨਾਲ ਮੰਗ ਕਰਦੇ ਹਨ, ਇਸੇ ਨੂੰ ਕਹਿੰਦੇ ਹਨ ਕਿ ਇੰਦਰ ਦਾ ਸਿੰਘਾਸਨ ਡਾਵਾਂ-ਡੋਲ ਹੋ ਰਿਹਾ ਹੈ।

ਜਦ ਵੀ ਕੋਈ ਦਮਨ ਕਰਦਾ ਹੈ ਤਾਂ ਇੰਦਰੇ ਜ਼ੋਰ ਦੀ ਮੰਗ ਕਰਦੇ ਹਨ, ਜਿਤਨਾ ਦਮਨ ਵਧਦਾ ਹੈ, ਉਤਨੀ ਇੰਦਰਿਆਂ ਦੀ ਭੁੱਖ ਵਧਦੀ ਹੈ ਤੇ ਇਹੀ ਭੁੱਖ ਭ੍ਰਸ਼ਟ ਕਰ ਦੇਂਦੀ ਹੈ। ਤਿਆਗ ਗ਼ੈਰ-ਕੁਦਰਤੀ ਹੈ। ਭੁੱਖ ਪ੍ਰਾਕ੍ਰਿਤਕ ਹੈ। ਭੋਜਨ ਦਾ ਤਿਆਗ ਹੋ ਸਕਦਾ ਹੈ, ਭੁੱਖ ਦਾ ਨਹੀਂ। ਭੋਜਨ ਬਾਹਰ ਹੈ, ਭੁੱਖ ਅੰਦਰ ਹੈ।

ਭੋਜਨ ਲੱਭਣਾ ਪਵੇਗਾ। ਭੁੱਖ ਲੱਭਣ ਦੀ ਕੋਈ ਲੋੜ ਨਹੀਂ, ਆਪੇ ਪੈਦਾ ਹੋਵੇਗੀ, ਪ੍ਰਾਕ੍ਰਿਤਕ ਹੈ। ਇਸ ਵਾਸਤੇ ਘਰ ਬਾਰ ਛੱਡ ਕੇ ਜੰਗਲ ਵਿਚ ਵੀ ਜੋਗੀਆਂ, ਰਿਸ਼ੀਆਂ, ਮੁਨੀਆਂ ਨੂੰ ਮੇਨਕਾ, ਉਰਵਸ਼ੀ ਤੇ ਰੰਭਾ ਅਪਸਰਾਂ ਯਾਦ ਆਂਵਦੀਆਂ ਹਨ। ਇਸਲਾਮ ਦੇ ਫ਼ਕੀਰਾਂ ਨੂੰ ਜੰਨਤ ਵਿਚ ਹੂਰਾਂ ਨਜ਼ਰ ਆਂਵਦੀਆਂ ਹਨ। ਨਿਮਾਜ਼, ਰੋਜ਼ਾ, ਤਸਬੀ ਹੂਰਾਂ ਦੀ ਖ਼ਾਤਰ ਫੇਰੀ ਜਾ ਰਹੀ ਹੈ ਔਰ ਫਿਰ ਵੀ ਜਤੀ ਅਖਵਾਂਦਿਆਂ ਸ਼ਰਮ ਮਹਿਸੂਸ ਨਹੀਂ ਹੁੰਦੀ।

ਮਨੁੱਖੀ ਸਰੀਰ ਨਾਰੀ ਪੁਰਸ਼ ਦੇ ਮੇਲ ਤੋਂ ਪੈਦਾ ਹੋਇਆ ਹੈ, ਇਸ ਵਾਸਤੇ ਸਰੀਰ ਵਿਚ ਨਾਰੀ ਪੁਰਸ਼ ਸਮਾਏ ਹੋਏ ਹਨ। ਪੁਰਖ ਸਰੀਰ ਵਿਚ ਨਾਰੀ ਦੇ ਕਣ ਹਨ। ਨਾਰੀ ਸਰੀਰ ਵਿਚ ਪੁਰਸ਼ ਦੇ ਕਣ ਹਨ। ਨਾਰੀ ਇਸ ਵਾਸਤੇ ਨਾਰੀ

ਹੈ ਕਿ ਉਸ ਵਿਚ ਪੁਰਸ਼ ਦੇ ਕਣ ਅਧੂਰੇ ਹਨ ਤੇ ਪੁਰਸ਼ ਇਸ ਵਾਸਤੇ ਪੁਰਸ਼ ਹੈ ਕਿ ਉਸ ਵਿਚ ਨਾਰੀ ਦੇ ਕਣ ਅਧੂਰੇ ਹਨ। ਦੋਵੇਂ ਅਰਧ ਅੰਗ ਹਨ, ਇਕ ਦੂਜੇ ਦੇ ਮੇਲ ਨਾਲ ਸੰਪੂਰਨ ਹੁੰਦੇ ਹਨ। ਇਹ ਸੰਪੂਰਨ ਹੋਣਾ ਕੁਦਰਤ ਨੇ ਭੁੱਖ (ਕਾਮ) ਪੈਦਾ ਕੀਤੀ ਤੇ ਇਸ ਦਾ ਤਿਆਗ ਪਾਖੰਡ, ਛਲ, ਕ੍ਰੋਧ ਤੇ ਕਪਟ ਨੂੰ ਜਨਮ ਦੇਵੇਗਾ।

ਜਗਤ ਦੇ ਤਮਾਮ ਸ੍ਰੇਸ਼ਟ ਅਵਤਾਰੀ ਪੁਰਸ਼ ਗ੍ਰਿਹਸਤੀ ਹੋਏ ਹਨ: ਦਸ ਗੁਰੂ ਸਾਹਿਬਾਨ, ਸ਼੍ਰੀ ਰਾਮ, ਸ਼੍ਰੀ ਕ੍ਰਿਸ਼ਨ, ਬ੍ਰਹਮਾ, ਵਿਸ਼ਨੂੰ, ਮਹੇਸ਼, ਮਹਾਤਮਾ ਗੌਤਮ ਬੁੱਧ, ਮੁਹੰਮਦ ਸਾਹਿਬ ਇਤਿਆਦਿਕ।

ਜਿਨ੍ਹਾਂ ਨੇ ਜਗਤ ਨੂੰ ਕੁਛ ਧਰਮ ਦੀ ਡੂੰਘੀ ਕਲਾ ਦਿੱਤੀ, ਉਹ ਸਾਰੇ ਗ੍ਰਿਹਸਤੀ ਸਨ। ਤੇ ਗੁਰਮਤਿ ਇਕ ਨਾਰੀ, ਇਕ ਪੁਰਸ਼ ਨਾਲ ਕਾਮ ਸੰਬੰਧ ਜੋੜਨ ਨੂੰ ਧਰਮ ਮੰਨਦੀ ਹੈ। ਤੇ ਉਹ ਜਤੀ ਹੈ:

**ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ॥**

*(ਭਾਈ ਗੁਰਦਾਸ ਜੀ, ਵਾਰ 6, ਪਉੜੀ 8)*

ਔਰ ਜੋ ਇਸ ਤਰ੍ਹਾਂ ਦਾ ਜਤੀ ਹੈ, ਸਤ ਪਰਮਾਤਮਾ ਵੀ ਉਥੇ ਹੁੰਦਾ ਹੈ।

# ਤਿੰਨ ਗੁਣ

ਸਮੇਂ ਨੂੰ ਤਿੰਨ ਪੱਖਾਂ ਵਿਚ ਵੰਡਿਆ ਗਿਆ ਹੈ : ਭੂਤ, ਭਵਿੱਖ ਤੇ ਵਰਤਮਾਨ। ਮਾਜ਼ੀ, ਹਾਲ, ਮੁਸਤਕਬਿਲ। ਇਨ੍ਹਾਂ ਤਿੰਨਾਂ ਕਾਲਾਂ ਵਿਚ ਵਿਚਰ ਰਿਹਾ ਜੀਵਨ ਤ੍ਰੈਗੁਣੀ ਹੈ। ਜਗਤ ਜੀਵਨ ਇਨ੍ਹਾਂ ਤਿੰਨਾਂ ਗੁਣਾਂ ਵਿਚ ਬਤੀਤ ਕਰ ਰਿਹਾ ਹੈ। ਤਿੰਨ ਗੁਣ ਇਹ ਹਨ : ਰਜੋ, ਤਮੋ ਤੇ ਸਤੋ।

ਰਜੋ, ਤਮੋ ਤੇ ਸਤੋ ਇਹ ਆਂਤ੍ਰਿਕ ਜੀਵਨ ਹੈ। ਬੀਜ ਹੈ। ਔਰ ਜੈਸੇ ਅੰਦਰ ਬੀਜ ਹੁੰਦਾ ਹੈ ਵੈਸੇ ਬਾਹਰ ਕਰਮਾਂ ਦੀਆਂ ਸ਼ਾਖ਼ਾਂ ਨਿਕਲਦੀਆਂ ਹਨ ਤੇ ਇਨ੍ਹਾਂ ਕਰਮਾਂ ਦੀਆਂ ਸ਼ਾਖ਼ਾਂ ਨੂੰ ਹੀ ਸੁਖ ਦੁਖ ਦੇ ਫਲ ਲੱਗਦੇ ਹਨ। ਤਮੋ ਅੰਧੇਰੇ ਨੂੰ ਕਹਿੰਦੇ ਹਨ। ਤਮੋਗੁਣੀ ਨੂੰ ਅੰਧੇਰਾ ਪਿਆਰਾ ਲੱਗੇਗਾ, ਉਸ ਦਾ ਅੰਧਕਾਰ ਨਾਲ ਹੀ ਤਾਲ-ਮੇਲ ਬੈਠੇਗਾ। ਤਮ ਦਾ ਅਰਥ ਹੈ ਠਹਿਰਾਉ, ਰੁਕਣਾ। ਇਹ ਠੀਕ ਹੈ ਕਿ ਰੁਕਣਾ ਵੀ ਲਾਜ਼ਮੀ ਹੈ। ਅਗਰ ਅਕਾਲ ਪੁਰਖ ਨੇ ਤਮ ਬਣਾਇਆ ਹੈ, ਅੰਧੇਰਾ ਬਣਾਇਆ ਤਾਂ ਇਸ ਦਾ ਉਪਯੋਗ ਹੈ। ਜੈਸੇ ਸੌਣਾ ਹੋਵੇ ਤਾਂ ਪ੍ਰਕਾਸ਼ ਬਾਧਿਕ ਹੈ ਔਰ ਪ੍ਰਕਾਸ਼ ਬਹੁਤ ਜ਼ਿਆਦਾ ਹੋਵੇ ਤਾਂ ਨੀਂਦ ਨਹੀਂ ਪੈਂਦੀ। ਰਾਤ ਦਾ ਅੰਧਕਾਰ ਜੀਵਨ ਦਾ ਠਹਿਰਾਉ ਹੈ, ਰੁਕਣਾ ਹੈ ਤੇ ਠਹਿਰਾਉ (ਬਿਸਰਾਮ) ਵੀ ਚਾਹੀਦਾ ਹੈ। ਪਰ ਇਕ ਸੀਮਾ ਤਕ ਰੇਲ ਗੱਡੀ ਯਾ ਬੱਸ ਵਿਚ ਬਰੇਕ ਚਾਹੀਦੀ ਹੈ ਪਰ ਹਰ ਵਕਤ ਬਰੇਕ (ਰੋਕ) ਹੀ ਲੱਗੀ ਰਹੇ ਤਾਂ ਰੇਲ ਗੱਡੀ ਦਾ ਮੂਲ ਹੀ ਖੋ ਗਿਆ, ਕਿਉਂਕਿ ਗੱਡੀ ਦਾ ਤਾਂ ਮਤਲਬ ਹੀ ਇਹ ਹੈ ਕਿ ਚੱਲੇ ਪਰ ਜਿਥੇ ਰੋਕ ਦੀ ਲੋੜ ਪਵੇ, ਰੁਕੇ।

ਤਮੋਗੁਣ ਵੀ ਚਾਹੀਦਾ ਹੈ। ਜੀਵਨ ਵਿਚ ਰੋਕ (ਬਿਸਰਾਮ) ਵੀ ਚਾਹੀਦਾ ਹੈ, ਪਰ ਜੀਵਨ ਸਿਰਫ਼ ਬਿਸਰਾਮ ਰਹਿ ਜਾਏ ਤਾਂ ਹਰਾਮ ਹੋ ਜਾਂਦਾ ਹੈ। ਜਿਥੇ ਤਮੋਗੁਣ ਦੀ ਅਤਿ ਹੋ ਜਾਵੇ—ਐਸਾ ਮਨੁੱਖ ਆਲਸੀ, ਦਰਿੱਦ੍ਰੀ ਤੇ ਸੁਸਤ ਹੋਵੇਗਾ। ਇਹ ਲਾਜ਼ਮੀ ਹੈ ਕਿ ਜੀਵਨ ਦੇ ਹਰ ਪੱਖੋਂ ਪੱਛੜ ਜਾਵੇਗਾ। ਕਿਉਂਕਿ ਜੀਵਨ ਗਤੀਮਾਨ ਨਹੀਂ ਹੈ, ਤਮੋਗੁਣੀ ਦਾ ਅਹਾਰ ਵੀ ਤਮੋਗੁਣੀ ਹੋਵੇਗਾ, ਜ਼ਿਆਦਾ ਖਾਵੇਗਾ। ਭਾਰੀ ਭੋਜਨ ਖਾਵੇਗਾ, ਪਰੂਥਾ ਬਾਸਾ ਖਾਵੇਗਾ। ਬਾਸੇ ਭੋਜਨ ਨੂੰ ਪਚਾਵਨ ਵਿਚ ਸਰੀਰ ਦੀ ਸ਼ਕਤੀ ਦੁਗੁਣੀ ਖ਼ਰਚ ਹੁੰਦੀ ਹੈ। ਸਰੀਰ ਦੀ ਗਰਮੀ ਤੋਂ ਜੋ ਥੱਲੇ ਠੰਡਾ ਭੋਜਨ ਹੋਵੇਗਾ, ਉਸ ਨੂੰ ਪਚਾਵਨ ਲਈ ਪੇਟ

ਨੂੰ ਸਾਰੀ ਅਗਨ ਦੇਣੀ ਪੈਂਦੀ ਹੈ। ਜਠਰ ਅਗਨ ਜ਼ਿਆਦਾ ਖ਼ਰਚ ਹੁੰਦੀ ਹੈ। ਸਰੀਰ ਦੀ ਸਾਰੀ ਸ਼ਕਤੀ ਪੇਟ ਵਿਚ ਆ ਜਾਂਦੀ ਹੈ। ਸਿਰ ਭਾਰਾ ਹੋ ਜਾਂਦਾ ਹੈ। ਸੁਸਤੀ ਵਧਦੀ ਹੈ। ਮਨੁੱਖ ਨੀਂਦ ਵਿਚ ਚਲਾ ਜਾਂਦਾ ਹੈ, ਤਦੇ ਤਾਂ ਭੋਜਨ ਤੋਂ ਬਾਅਦ ਸੁਸਤੀ ਵਧਦੀ ਹੈ, ਕਿਉਂਕਿ ਸਾਰੀ ਅਗਨ-ਸ਼ਕਤੀ ਭੋਜਨ ਪਚਾਵਨ ਵਿਚ ਜੁਟ ਜਾਂਦੀ ਹੈ। ਜੋ ਜ਼ਿਆਦਾ ਖਾਵੇ, ਬਾਸਾ ਖਾਵੇ ਤੇ ਭਾਰੀ ਗ਼ਿਜ਼ਾ ਛਕੇ, ਉਹ ਆਪਣੇ ਆਪ ਵਿਚ ਇਤਨਾ ਬੋਝਲ ਹੋਵੇਗਾ ਕਿ ਚੱਲਣਾ ਗਤੀਮਾਨ ਹੋਣਾ ਉਸ ਵਾਸਤੇ ਕਸ਼ਟਦਾਈ ਹੋਵੇਗਾ।

ਤਮੋਗੁਣੀ ਦਾ ਭੋਜਨ ਤਮੋਗੁਣੀ ਹੋਵੇਗਾ ਭਾਵ ਜ਼ਿਆਦਾ ਖਾਵੇਗਾ। ਔਰ ਲੋੜ ਤੋਂ ਵੱਧ, ਭੁੱਖ ਤੋਂ ਜ਼ਿਆਦਾ ਭੋਜਨ ਤਾਂ ਜ਼ਹਿਰ ਹੁੰਦਾ ਹੈ।

ਤਮੋਗੁਣੀ ਦੀ ਪਰਮਾਤਮਾ ਪ੍ਰਤੀ ਸ਼ਰਧਾ ਵੀ ਤਮੋਗੁਣੀ ਹੁੰਦੀ ਹੈ। ਉਹ ਪਰਮਾਤਮਾ ਨੂੰ ਵੀ ਇਸ ਵਾਸਤੇ ਯਾਦ ਕਰੇਗਾ ਕਿ ਮੈਨੂੰ ਕੁਛ ਕਰਨਾ ਨਾ ਪਵੇ, ਸਭ ਕੁਛ ਤੂੰ ਹੀ ਕਰ। ਇਸ ਦੀ ਸ਼ਰਧਾ ਸਿਰਫ਼ ਇਤਨੀ ਹੈ ਕਿ ਮੈਂ ਕੁਛ ਕਰਨ ਤੋਂ ਬਚ ਜਾਵਾਂ। ਤਮੋਗੁਣੀ ਤਾਂ ਕਈ ਦਫ਼ਾ ਪਰਮਾਤਮਾ ਦਾ ਸਰੂਪ ਵੀ ਤਮੋਗੁਣੀ ਬਣਾ ਲੈਂਦੇ ਹਨ। ਭੈਰਵ ਦੀ ਪੂਜਾ, ਕਾਲੀ ਦੀ ਪੂਜਾ, ਇਨ੍ਹਾਂ ਦੀ ਪੂਜਾ ਲਈ ਸੰਢੇ ਯਾ ਬੱਕਰੇ ਦੀ ਬਲੀ ਚਾਹੀਦੀ ਹੈ। ਕਿਸੇ ਵਕਤ ਨਰਮੇਧ ਵੀ ਹੁੰਦੇ ਸਨ ਭਾਵ ਮਨੁੱਖ ਦੀ ਬਲੀ ਦਿੱਤੀ ਜਾਂਦੀ ਸੀ। ਸ਼ਰਾਬ ਭੈਰਵ ਨੂੰ ਭੇਟ ਕੀਤੀ ਜਾਂਦੀ ਹੈ, ਕਿਉਂਕਿ ਭੈਰਵ ਅੰਮ੍ਰਿਤ ਜਲ ਨਹੀਂ ਪੀਂਦਾ। ਕਾਮੁਕ ਚਿੰਨ੍ਹ, ਲਿੰਗ ਤੇ ਯੋਨੀ ਦੀ ਪੂਜਾ ਹੋਵੇਗੀ। ਸ਼ਿਵ ਲਿੰਗ ਤੇ ਦੇਵੀ ਯੋਨੀ ਅਜੇ ਤਕ ਪੂਜੀ ਜਾ ਰਹੀ ਹੈ। ਤਮੋਗੁਣੀ ਦਾ ਪਰਮਾਤਮਾ ਅੰਧਕਾਰ ਹੋਵੇਗਾ, ਜਿਥੇ ਵਿਸ਼ੇ ਵਾਸ਼ਨਾ ਦਾ ਤਾਂਡੋ ਨ੍ਰਿਤ ਹੋਵੇਗਾ। ਇਕ ਬੱਕਰੇ ਦੀ ਬਲੀ ਦੇਣ ਪਿੱਛੇ ਹੁਣ ਕਾਲੀ ਦੇਵੀ ਸਾਰੇ ਕੰਮ ਕਰੇ, ਖ਼ੁਦ ਕੋਈ ਕੰਮ ਕਰਨ ਤੋਂ ਬਚਣਾ ਇਹ ਤਮੋਗੁਣ ਦੀ ਸਿਖਰਤਾ ਹੈ—ਸੁੱਤੇ ਰਹਿਣਾ ਹੀ ਜਿਸ ਦਾ ਜੀਵਨ ਹੈ, ਬੇਹੋਸ਼ੀ ਜਿਸ ਦਾ ਆਨੰਦ ਹੈ, ਅਗਰ ਜਾਗ ਆ ਜਾਵੇ ਤੇ ਸਰੀਰ ਹੁਣ ਨਾ ਸੌਣਾ ਚਾਹੇ ਤਾਂ ਸ਼ਰਾਬ ਪੀਵੇਗਾ ਤਾਕਿ ਜਾਗਦੇ ਹੋਏ ਨੀਂਦ ਵਰਗੀ ਹਾਲਤ ਹੋਵੇ, ਬੇਹੋਸ਼ੀ ਹੋਵੇ। ਤਮੋਗੁਣੀ ਲੋਕਾਂ ਦਾ ਉਤਸਵ ਖ਼ੁਸ਼ੀ ਦੇ ਸਮਾਗਮ ਸ਼ਰਾਬ ਦੇ ਆਸਰੇ 'ਤੇ ਚੱਲਣਗੇ ਕਿਉਂਕਿ ਉਨ੍ਹਾਂ ਦੀ ਖ਼ੁਸ਼ੀ ਹੀ ਬੇਹੋਸ਼ੀ ਹੈ। ਸੌਣਾ ਹੈ। ਇਹ ਵਰਗ ਸਾਰੀ ਦੁਨੀਆ ਵਿਚ ਸਭ ਤੋਂ ਜ਼ਿਆਦਾ ਹੈ, ਇਸ ਵਾਸਤੇ ਜਗਤ ਨਰਕ ਦੀ ਤਸਵੀਰ ਬਣਿਆ ਹੋਇਆ ਹੈ।

ਤਮ ਅੰਧਕਾਰ ਰੁਕਣਾ ਹੈ ਤਾਂ ਇਹ ਵੀ ਇਕ ਗੁਣ ਹੈ। ਤਦੇ ਇਸ ਨੂੰ ਕ੍ਰਿਤਮ ਗੁਣ ਆਖਦੇ ਹਨ, ਪਰ ਸਿਰਫ਼ ਰੁਕ ਹੀ ਜਾਈਏ, ਖੜੇ ਹੀ ਰਹਿ ਜਾਈਏ, ਚੱਲੀਏ ਹੀ ਨਾ, ਤਾਂ ਚੱਲਣ ਦੀ ਸ਼ਕਤੀ ਜਾਂਦੀ ਰਹੇਗੀ। ਰੁਕਣਾ ਮੌਤ ਸਾਬਤ

ਹੋਵੇਗਾ। ਤਮ ਅੰਧਕਾਰ ਤਾਂ ਇਸ ਵਾਸਤੇ ਸੀ, ਤੂੰ ਵੀ ਅੱਖਾਂ ਬੰਦ ਕਰ ਲੈ ਹੁਣ ਅੰਧੇਰੇ ਨੂੰ ਕੀ ਵੇਖਣਾ, ਪਰ ਅੱਖਾਂ ਬੰਦ ਕਰ ਕੇ ਖੋਲ੍ਹੇ ਹੀ ਨਾ ਔਰ ਸਦਾ ਬੰਦ ਰੱਖੇ ਤਾਂ ਜੀਵਨ ਮੁਰਦਾ ਹੋ ਜਾਵੇਗਾ। ਤਦੇ ਤਾਂ ਅਸੀਂ ਮਰੇ ਨੂੰ ਕਹਿੰਦੇ ਹਾਂ, ਅੱਖਾਂ ਫ਼ਲਾਣੇ ਦੀਆਂ ਬੰਦ ਹੋ ਗਈਆਂ ਹਨ ਯਾ ਜਦੋਂ ਅੱਖਾਂ ਬੰਦ ਹੋ ਗਈਆਂ ਤਾਂ ਕੀ ਕਰਾਂਗੇ ਭਾਵ ਜਦ ਮਰ ਗਏ ਤਾਂ ਕੀ ਕਰਾਂਗੇ। ਤਮੋਗੁਣੀ ਦਾ ਉਤਸਵ ਅੰਧਕਾਰ ਹੈ। ਕਲੱਬ, ਥੀਏਟਰ, ਜੂਏਖ਼ਾਨੇ, ਸ਼ਰਾਬਖ਼ਾਨੇ, ਵਿਸ਼ੇ-ਘਰ ਸਭ ਤਮੋਗੁਣੀਆਂ ਦੀ ਦੇਣ ਹਨ। ਇਨ੍ਹਾਂ ਦਾ ਮਨੋਰੰਜਨ, ਇਨ੍ਹਾਂ ਦੀ ਖ਼ੁਸ਼ੀ ਵੀ ਅੰਧੇਰੇ ਨਾਲ ਜੁੜੀ ਹੋਈ ਹੈ। ਰਜੋਗੁਣੀ ਰਾਜਸੀ ਚੱਲਦਾ ਹੀ ਰਹਿੰਦਾ ਹੈ। ਰੁਕਣਾ ਭੁੱਲ ਗਿਆ ਹੈ। ਤਾਮਸੀ ਚੱਲਣਾ ਭੁੱਲ ਗਿਆ ਹੈ। ਰਾਜਸੀ ਰੁਕਣਾ ਭੁੱਲ ਗਿਆ ਹੈ। ਇਕ ਨੇ ਰੁਕਣ ਵਿਚ ਅਤਿ ਕਰ ਦਿੱਤੀ ਹੈ। ਇਕ ਨੇ ਚੱਲਣ ਵਿਚ ਅਤਿ ਕਰ ਦਿੱਤੀ ਹੈ, ਅਤਿ ਤਾਂ ਧੱਕਾ ਹੈ, ਠੋਕਰਾਂ ਹਨ:

**ਹੁਕਮੁ ਪਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ ॥**

*(ਵਾਰ ਮਾਝ ਮ: ੨, ਪੰਨਾ 148)*

ਨੀਤੀ ਨਿਪੁੰਨ ਲੋਕਾਂ ਦਾ ਕਹਿਣਾ ਹੈ ਕਿ:

ਅਤੀ ਸਰਬਤ੍ਰ ਵਿਵਰਜਤੇ।

ਤਾਮਸੀ ਦੀ ਕੋਈ ਮੰਜ਼ਿਲ ਨਹੀਂ। ਰਾਜਸੀ ਨੂੰ ਆਪਣੀ ਮੰਜ਼ਿਲ ਦਾ ਪਤਾ ਨਹੀਂ। ਚੱਲਦਾ ਤਾਂ ਰਾਜਸੀ ਬਹੁਤ ਹੈ ਪਰ ਮੰਜ਼ਿਲ ਨਸੀਬ ਨਹੀਂ ਹੁੰਦੀ। ਜਿਸ ਨੂੰ ਮੰਜ਼ਿਲ ਸਮਝ ਕੇ ਚੱਲਦਾ ਹੈ, ਮੰਜ਼ਿਲ 'ਤੇ ਪੁੱਜ ਕੇ ਪਤਾ ਚੱਲਦਾ ਹੈ ਕਿ ਇਹ ਮੰਜ਼ਿਲ ਨਹੀਂ ਹੈ, ਮੰਜ਼ਿਲ ਤਾਂ ਅੱਗੇ ਹੈ। ਜੀਵਨ ਦੀ ਸਾਰੀ ਦੌੜ ਮੰਜ਼ਿਲ ਵਾਸਤੇ ਤੇ ਮੰਜ਼ਿਲ ਕਦੇ ਨਸੀਬ ਨਹੀਂ ਹੁੰਦੀ। ਧਨ ਮਿਲ ਗਿਆ, ਵੱਡਾ ਮਕਾਨ ਮਿਲ ਗਿਆ, ਪਦ-ਪ੍ਰਤਿਸ਼ਟਾ ਮਿਲੀ, ਔਲਾਦ ਮਿਲ ਗਈ, ਸੁੰਦਰ ਸੁਘੜ ਪਤਨੀ ਮਿਲ ਗਈ, ਮਿੱਤਰ ਮਿਲ ਗਏ, ਸੰਬੰਧੀ ਮਿਲ ਗਏ, ਪਰ ਤ੍ਰਿਪਤੀ ਅਜੇ ਵੀ ਨਹੀਂ ਮਿਲੀ। ਭੱਜਣਾ ਅਜੇ ਵੀ ਜਾਰੀ ਹੈ। ਹਾਂ, ਜਿਸ ਨੂੰ ਇਹ ਸਭ ਕੁਛ ਨਹੀਂ ਮਿਲਿਆ, ਉਹ ਇਸ ਭੁਲੇਖੇ ਵਿਚ ਰਹਿੰਦਾ ਹੈ ਕਿ ਮੈਨੂੰ ਇਹ ਸਭ ਕੁਛ ਮਿਲ ਜਾਵੇ ਤਾਂ ਸ਼ਾਂਤੀ ਮਿਲ ਜਾਵੇਗੀ। ਪਰ ਜਿਨ੍ਹਾਂ ਨੂੰ ਇਹ ਸਭ ਕੁਛ ਮਿਲ ਗਿਆ ਹੈ ਉਨ੍ਹਾਂ ਨੂੰ ਜਾ ਕੇ ਪੁੱਛਣਾ ਚਾਹੀਦਾ ਹੈ ਕਿ ਤੁਹਾਨੂੰ ਤ੍ਰਿਪਤੀ ਸ਼ਾਂਤੀ ਮਿਲ ਗਈ? ਮੇਰੇ ਦੇਖੇ ਇਸ ਸਭ ਕੁਛ ਮਿਲਣ ਦਾ ਇਕ ਹੀ ਲਾਭ ਹੈ ਕਿ ਇਹ ਪਤਾ ਚੱਲ ਜਾਂਦਾ ਹੈ ਕਿ ਤ੍ਰਿਪਤੀ ਤਾਂ ਮਿਲੀ ਨਹੀਂ, ਜਿਸ ਦੀ ਆਸਾ ਸੀ। ਇਤਨਾ ਨਿਰਧਨ ਅਤ੍ਰਿਪਤ ਨਹੀਂ ਹੁੰਦਾ ਜਿਤਨਾ ਧਨਵਾਨ ਅਤ੍ਰਿਪਤੀ ਮਹਿਸੂਸ ਕਰਦਾ ਹੈ। ਸਿੰਘਾਸਨ 'ਤੇ ਪਹੁੰਚ ਕੇ ਪਤਾ ਚੱਲਦਾ ਹੈ, ਮੁੱਲ ਦੋ ਕੌਡੀ ਵੀ ਨਹੀਂ ਹੈ। ਆਖ਼ਿਰ ਇਹ ਸਿੰਘਾਸਨ ਲੋਕਾਂ ਦੇ ਸਿਰਾਂ 'ਤੇ ਖੜਾ ਹੈ। ਸਿੰਘਾਸਨ

'ਤੇ ਬੈਠਣਾ ਲੋਕਾਂ ਦੇ ਸਿਰਾਂ 'ਤੇ ਬੈਠਣਾ ਹੈ, ਤੇ ਜਿਸ ਦਿਨ ਲੋਕਾਂ ਦੇ ਸਿਰ ਹਿੱਲ ਗਏ, ਸਿੰਘਾਸਨ ਧੂੜ ਵਿਚ ਜਾ ਮਿਲਦਾ ਹੈ ਪਰ ਆਸਾ ਅੱਗੇ ਖਿੱਚ ਕੇ ਲੈ ਜਾਂਦੀ ਹੈ ਤੇ ਅਤ੍ਰਿਪਤੀ ਬਣੀ ਰਹਿੰਦੀ ਹੈ:

**ਸਹਸ ਖਟੇ ਲਖ ਕਉ ਉਠਿ ਧਾਵੈ ॥**
**ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥**

*(ਗਉੜੀ ਸੁਖਮਨੀ ਮ: ੫, ਪੰਨਾ 278)*

ਉਮਰ ਦੇ ਵਧਣ ਨਾਲ ਸਭ ਕੁਛ ਘਟਦਾ ਹੈ। ਇਕ ਤ੍ਰਿਸ਼ਨਾ ਨਹੀਂ ਘਟਦੀ। ਅੱਖਾਂ ਦੀ ਜੋਤ ਘਟ ਗਈ। ਤਨ ਦਾ ਤੇਜ ਘਟ ਗਿਆ, ਪੈਰਾਂ ਦੀ ਚਾਲ ਤੇ ਹੱਥਾਂ ਦੀ ਕ੍ਰਿਤ ਘਟ ਗਈ। ਕਲਾ ਦੀ ਸਰੋਤ, ਜ਼ਬਾਨ ਦਾ ਬੋਲਣਾ ਰਹਿ ਗਿਆ। ਦੰਦ ਗਏ, ਕੇਸਾਂ ਦਾ ਕਾਲਾਪਨ ਗਿਆ। ਬੌਧਿਕ ਬਲ ਗਿਆ, ਪਰ ਤ੍ਰਿਸ਼ਨਾ ਪਹਿਲੇ ਨਾਲੋਂ ਕਈ ਗੁਣਾ ਜ਼ਿਆਦਾ। ਸਰੀਰ ਬੁੱਢਾ ਹੋ ਗਿਆ, ਤ੍ਰਿਸ਼ਨਾ ਜਵਾਨ ਹੋ ਗਈ। ਬੁੱਢੇ ਪੁਰਸ਼ ਦੀ ਜਵਾਨ ਨਾਰੀ ਚੰਚਲ ਤੇ ਬੇਕਾਬੂ ਹੋਵੇਗੀ। ਇਹ ਦੀਨ-ਦਸ਼ਾ ਬਿਰਧ ਅਵਸਥਾ ਵਿਚ ਬਣਦੀ ਹੈ। ਸਰੀਰਕ ਤੇ ਮਾਨਸਿਕ ਰੋਗਾਂ ਦੀ ਖਾਣ ਇਹ ਬਿਰਧ ਅਵਸਥਾ, ਪਰ ਤ੍ਰਿਸ਼ਨਾ ਨਵੀਂ ਨਰੋਈ।

ਇਹ ਬੁੱਢਾ ਅਜੇ ਵੀ ਰਾਜਨੀਤੀ ਵਿਚ ਦਿਲਚਸਪੀ ਲੈਂਦਾ ਹੈ। ਅਜੇ ਵੀ ਧਨ ਦੀ ਪ੍ਰਬਲ ਪਕੜ ਹੈ:

ਤਨ ਕੇ ਬਲ ਨੇ ਅਬ ਪੀਠ ਦਈ,
ਅਰ ਹਾਰ ਚਲੇ ਦ੍ਰਿਗ ਬਾਲ ਸੰਗਾਤੀ।
ਤਜਿ ਕੇ ਇਹ ਲੋਕ ਬਿਖੈ ਹਮ ਕਉ,
ਚਲ ਆਪ ਗਏ ਸੁਰ ਲੋਕ ਸਜਾਤੀ।
ਜਗ ਮੀਤ ਸਖਾ ਮੁਖ ਫੇਰ ਗਏ,
ਅਬ ਸੇਵਕ ਹਾਂ ਨਾ ਪੁਛੇ ਮਮ ਬਾਤੀ।
ਮਮ ਆਹਿ ਪਲਾਂਗਮ ਹੇ ਤ੍ਰਿਸ਼ਨੇ!
ਇਕ ਤੂ ਮਮ ਸੰਗ ਰਹੀ ਦਿਨ ਰਾਤੀ। *(ਭਾਵ ਰਸਾਮ੍ਰਿਤ)*

ਤਾਮਸੀ ਭੁੱਖ ਪੈਦਾ ਹੀ ਨਹੀਂ ਹੋਣ ਦੇਂਦਾ, ਪਿਆ ਰਹਿੰਦਾ ਹੈ, ਸੁੱਤਾ ਰਹਿੰਦਾ ਹੈ; ਰਾਜਸੀ ਆਪਣੀ ਭੁੱਖ ਨੂੰ ਸ਼ਾਂਤ ਨਹੀਂ ਹੋਣ ਦੇਂਦਾ। ਇਸ ਤਰ੍ਹਾਂ ਦੋਵੇਂ ਨਰਕ ਭੋਗਦੇ ਹਨ।

ਜੀਵਨ ਦੀ ਸਿਖਰ ਸਤੋਗੁਣ ਹੈ। ਸਾਤਵਿਕ ਹੋਣਾ ਜ਼ਿੰਦਗੀ ਦਾ ਬੁਲੰਦ ਮਰਤਬਾ ਹਾਸਿਲ ਕਰਨਾ ਹੈ।

ਸੰਸਾਰ ਵਿਚ ਜਿਤਨੀ ਉਥਲ-ਪੁਥਲ, ਹਿੰਸਕ ਕ੍ਰਾਂਤੀ ਹੁੰਦੀ ਹੈ, ਇਹ ਰਜੋਗੁਣੀਆਂ ਕਰਕੇ ਹੁੰਦੀ ਹੈ। ਤਮੋਗੁਣੀ ਭਾਵੇਂ ਆਪਣੀ ਹਾਨੀ ਤਾਂ ਕਰਦਾ ਹੈ ਪਰ ਦੂਜੇ ਦੀ ਨਹੀਂ। ਰਜੋਗੁਣੀ, ਜਿਸ ਨੇ ਸੰਸਾਰ ਵਿਚ ਕਈ ਪੱਖਾਂ ਤੋਂ

ਸਫਲਤਾ ਪਾਉਣੀ ਹੈ ਤੇ ਸਫਲਤਾ ਇਕੱਲੇ ਓਹੀ ਨਹੀਂ ਪ੍ਰਾਪਤ ਕਰਨਾ ਚਾਹੁੰਦਾ, ਹੋਰ ਬਹੁਤ ਹਨ, ਮੁਕਾਬਲਾ ਹੈ। ਇਸ ਮੁਕਾਬਲੇ ਅੱਗੇ ਵਧਣ ਵਾਲਾ ਸਾਧਕ ਹੈ, ਅੱਗੇ ਵਧਦੇ ਨੂੰ ਰੋਕਣਾ ਹੈ, ਪਿੱਛੋਂ ਆਂਵਦੇ ਨੂੰ ਵੀ ਰੋਕਣਾ ਹੈ। ਪਿੱਛੋਂ ਆ ਰਿਹਾ ਖੋਹ ਲਵੇਗਾ। ਅੱਗੇ ਵਧਿਆ ਅੱਗੇ ਨਹੀਂ ਜਾਣ ਦੇਵੇਗਾ, ਤਾਂ ਦੋਵਾਂ ਨਾਲ ਸੰਘਰਸ਼ ਹੈ। ਪਿੱਛੇ ਅਗਰ ਭਰਾ, ਪਿਤਾ ਯਾ ਪੁੱਤਰ ਵੀ ਹੈ, ਰੋਕਣਾ ਹੈ ਔਰ ਅੱਗੇ ਕਿਤਨਾ ਹੀ ਮਹਾਨ ਸਖ਼ਾ ਹੋਵੇ, ਵੈਰੀ ਪ੍ਰਤੀਤ ਹੁੰਦਾ ਹੈ। ਰਜੋਗੁਣੀ ਤਨਾਓ ਨਾਲ ਭਰਿਆ ਹੋਵੇਗਾ।

ਹਿੰਦੁਸਤਾਨ ਤਮੋਗੁਣੀ ਹੈ, ਇਸ ਵਾਸਤੇ ਬਾਹਰੋਂ ਕੋਈ ਵਿਕਾਸ ਨਾ ਕਰ ਸਕਿਆ, ਭਿਖ ਮੰਗ ਹੀ ਰਿਹਾ ਹੈ, ਗ਼ਰੀਬੀ ਰੋਮ ਰੋਮ ਵਿਚ ਸਮਾ ਗਈ। ਪੱਛਮ ਰਜੋਗੁਣੀ ਪ੍ਰਧਾਨ ਹੈ, ਬਾਹਰੋਂ ਬਹੁਤ ਵਿਕਾਸ ਹੋਇਆ ਹੈ। ਬਾਹਰੋਂ ਪੂਰਨ ਤੌਰ 'ਤੇ ਸੰਪੰਨ ਹੋ ਗਿਆ ਹੈ। ਧਨ-ਸੰਪਦਾ ਦੀ ਵਰਖਾ ਹੋ ਗਈ ਹੈ, ਪਰ ਅੰਦਰੋਂ ਬਿਲਕੁਲ ਅਸ਼ਾਂਤ ਦੁਖੀ ਹੋ ਗਿਆ ਹੈ। ਪੂਰਬ ਬਾਹਰੋਂ ਕੰਗਾਲ ਹੈ, ਪੱਛਮ ਅੰਦਰੋਂ ਅਸ਼ਾਂਤ ਹੈ, ਧਨ ਕਮਾਵਣਾ ਹੈ, ਹਿੰਦੁਸਤਾਨੀ ਬਾਹਰ ਭੱਜਿਆ ਜਾ ਰਿਹਾ ਹੈ। ਧਰਮ ਨੂੰ ਸਮਝਣਾ ਹੈ, ਯੌਰਪ ਹਿੰਦੁਸਤਾਨ ਭੱਜਾ ਆ ਰਿਹਾ ਹੈ।

ਸਤੋਗੁਣੀ ਜੀਵਨ ਦਾ ਸੰਤੁਲਨ ਕਾਇਮ ਰੱਖਦਾ ਹੈ। ਉਹ ਤਵਾਜ਼ਨ ਵਿਗੜਨ ਨਹੀਂ ਦੇਂਦਾ। ਉਹ ਇਤਨਾ ਨਹੀਂ ਰੁਕਦਾ ਕਿ ਰੁਕਣਾ ਮੌਤ ਹੋ ਜਾਵੇ। ਔਰ ਇਤਨਾ ਦੌੜਦਾ ਵੀ ਨਹੀਂ ਕਿ ਬਿਸਰਾਮ ਖੋਹ ਜਾਵੇ। ਪੱਛਮ ਵਿਚ ਨੀਂਦ ਖੋਹ ਗਈ ਹੈ, ਕਿਉਂਕਿ ਇਤਨੇ ਦੌੜਦੇ ਹਨ, ਦੌੜ ਸੁਭਾਵ ਬਣ ਗਿਆ ਹੈ। ਨੀਂਦ, ਦੀਆਂ ਗੋਲੀਆਂ ਖਾ ਕੇ, ਨੀਂਦ ਲਿਆਵਣੀ ਪੈਂਦੀ ਹੈ।

ਸਤੋਗੁਣੀ ਉਤਨਾ ਖਾਂਦਾ ਹੈ, ਜਿਤਨੀ ਭੁੱਖ ਹੈ ਔਰ ਓਹੀ ਖਾਂਦਾ ਹੈ, ਜਿਸ ਨਾਲ ਸਰੀਰ ਨਵਾਂ ਨਰੋਆ ਹਲਕਾ ਰਹੇ, ਭਾਰੀਪਨ ਨਾ ਹੋਵੇ। ਸਤੋਗੁਣੀ ਦਾ ਮਤਲਬ ਹੈ ਕਿ ਜੀਵਨ ਦੇ ਕਿਸੇ ਪੱਖ ਵਿਚ ਅਤਿ ਨਹੀਂ ਹੈ। ਉਤਨਾ ਬੋਲਣਾ ਜਿਤਨਾ ਲੋੜ ਹੈ ਔਰ ਓਹੀ ਬੋਲਣਾ ਜੋ ਹਿਤਕਰ ਹੋਵੇ; ਮਿੱਠ ਬੋਲੜਾ, ਸੀਲ ਸੁਭਾਵ, ਸਭ ਦਾ ਭਲਾ ਕਰਨ ਵਾਲਾ, ਸਭ ਦਾ ਭਲਾ ਮੰਗਣ ਵਾਲਾ ਸਤੋਗੁਣੀ ਹੈ। ਪਰ ਸਤੋਗੁਣ ਵੀ ਮਨੁੱਖ ਨੂੰ ਸੰਸਾਰ ਵਿਚ ਹੀ ਰੱਖਦਾ ਹੈ, ਪਰਮਾਤਮਾ ਦੇ ਦਵਾਰ ਤਕ ਤਾਂ ਪਹੁੰਚਾ ਦੇਂਦਾ ਹੈ, ਪਰ ਘਰ ਤਕ ਨਹੀਂ। ਇਸ ਵਾਸਤੇ ਇਹ ਤਿੰਨੇ ਗੁਣ ਮਾਇਆ ਦੇ ਹੀ ਆਖੇ ਜਾਂਦੇ ਹਨ :

**ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥**

*(ਰਾਗ ਮਾਰੂ ਭਗਤ ਕਬੀਰ ਜੀ, ਪੰਨਾ 1123)*

ਤਮੋਗੁਣ ਜੀਵਨ ਦਾ ਬਚਪਨਾ ਹੈ। ਬੱਚਾ ਅਚੇਤ ਹੈ। ਜ਼ਿਆਦਾ ਸੌਂਦਾ ਹੈ ਔਰ ਉਸ ਦੀ ਜ਼ਿਆਦਾ ਲੋੜ ਹੈ ਕਿਉਂਕਿ ਅਜੇ ਸਰੀਰ ਨੇ ਬਣਨਾ ਹੈ। ਅਜੇ ਸਰੀਰ ਪੂਰਨ ਨਹੀਂ ਹੋਇਆ।

ਤਮੋਗੁਣ ਬਚਪਨਾ ਹੈ, ਰਜੋਗੁਣ ਜਵਾਨੀ ਹੈ। ਜੋਸ਼ ਨਾਲ ਭਰਿਆ ਹੋਵੇਗਾ ਰਜੋਗੁਣੀ। ਉਛਲ ਕੂਦ ਜ਼ਿਆਦਾ ਹੋਵੇਗੀ। ਸਤੋਗੁਣ ਬਜ਼ੁਰਗੀ ਹੈ, ਸੰਤੁਲਨ ਹੈ। ਅਗਰ ਕੋਈ ਬੁੱਢਾ ਹੋ ਕੇ ਵੀ ਜ਼ਿਆਦਾ ਖਾਂਦਾ ਹੈ, ਜ਼ਿਆਦਾ ਸੌਂਦਾ ਹੈ ਤੇ ਕਾਮੀ ਹੈ ਤਾਂ ਕਹਿਣਾ ਪਵੇਗਾ ਕਿ ਇਸ ਦਾ ਬੌਧਿਕ ਵਿਕਾਸ ਨਹੀਂ ਹੋਇਆ। ਜੀਵਨ ਤੋਂ ਇਸ ਨੇ ਕੁਛ ਨਹੀਂ ਸਿੱਖਿਆ। ਵਾਲ ਧੁੱਪ ਵਿਚ ਹੀ ਚਿੱਟੇ ਕੀਤੇ ਹਨ।

ਸਤੋਗੁਣੀ ਸੰਸਾਰ ਦੇ ਪਾਰਲੇ ਕੰਢੇ 'ਤੇ ਖੜਾ ਹੈ। ਉਹ ਪਰਮਾਤਮਾ ਦੇ ਦਵਾਰ 'ਤੇ ਪੁੱਜ ਗਿਆ ਹੈ। ਹੁਣ ਦਸਤਕ ਦੇਵੇ, ਇਤਨਾ ਤਾਂ ਕਰਨਾ ਪਵੇਗਾ। ਦਸਤਕ ਦੇਵੇ, ਥੋੜੀ ਹੋਰ ਹਿੰਮਤ ਜੁਟਾਵੇ ਤਾਂ ਪਰਮਾਤਮਾ ਦੇ ਘਰ ਤਕ ਪੁੱਜ ਸਕਦਾ ਹੈ। ਪਰ ਸਤੋਗੁਣ ਹੀ ਸਭ ਕੁਝ ਸਮਝ ਕੇ ਰੁਕ ਜਾਵੇ ਤਾਂ ਇਹ ਗੁਣ ਵੀ ਮਾਇਆ ਹੈ, ਸੰਸਾਰ ਹੈ। ਇਹ ਠੀਕ ਹੈ ਕਿ ਅਕਾਲ ਪੁਰਖ ਤਕ ਪੁੱਜਣ ਵਾਸਤੇ ਸਤੋਗੁਣ ਹੀ ਚਾਹੀਦਾ ਹੈ। ਸਤੋਗੁਣੀ ਨੇ ਸਰੀਰ ਦਾ ਸੰਤੁਲਨ ਲੱਭ ਲਿਆ ਹੈ। ਮਨ ਦਾ ਤਵਾਜ਼ਨ ਵੀ ਠੀਕ ਹੈ। ਹੁਣ ਤਾਂ ਅਧਿਆਤਮ ਸੰਤੁਲਨ ਚਾਹੀਦਾ ਹੈ, ਉਹ ਪਰਮਾਤਮਾ ਦੇ ਮਿਲੇ ਬਿਨਾਂ ਨਸੀਬ ਨਹੀਂ ਹੁੰਦਾ।

ਦੁਨੀਆ ਵਿਚ ਸਭ ਤੋਂ ਵੱਡਾ ਵਰਗ ਤਮੋਗੁਣੀਆਂ ਦਾ ਹੈ। ਫਿਰ ਉਸ ਤੋਂ ਘੱਟ ਰਜੋਗੁਣੀ ਔਰ ਬਿਲਕੁਲ ਥੋੜੇ ਵਿਰਲੇ ਸਤੋਗੁਣੀ ਹੁੰਦੇ ਹਨ। ਇਸ ਵਾਸਤੇ ਦੁਨੀਆ ਨਰਕ ਬਣੀ ਹੋਈ ਹੈ। ਸਵਰਗ ਤਾਂ ਸਤੋਗੁਣੀਆਂ ਕਰਕੇ ਹੁੰਦਾ ਹੈ।

ਸਮਾਧੀ, ਪਰਮਾਤਮਾ ਦਾ ਆਨੰਦ ਉਦੋਂ ਫਲਿਤ ਹੁੰਦਾ ਹੈ ਜਦੋਂ ਤਿੰਨਾਂ ਤੋਂ ਉੱਚੇ ਉਠਦੇ ਹਨ। ਤਿੰਨਾਂ ਤੋਂ ਪਾਰ ਹੁੰਦੇ ਹਨ। ਚੌਥਾ ਪਦ ਜਦ ਪ੍ਰਾਪਤ ਹੁੰਦਾ ਹੈ, ਚੌਥਾ ਗੁਣ ਸਮਾਧੀ ਪਰਮਾਤਮਾ ਜਦ ਮਿਲਦਾ ਹੈ, ਉਦੋਂ ਸਾਡਾ ਜੀਵਨ ਸਫਲ ਹੁੰਦਾ ਹੈ:

**ਚਉਥੇ ਪਦ ਕਉ ਜੋ ਨਰੁ ਚੀਨੈ੍ ਤਿਨ੍ ਹੀ ਪਰਮ ਪਦੁ ਪਾਇਆ॥**

*(ਰਾਗ ਮਾਰੂ ਭਗਤ ਕਬੀਰ ਜੀ, ਪੰਨਾ 1123)*

ਬਾਣੀ ਪਦ-ਪ੍ਰਤਿਸ਼ਟਾ ਇਨ੍ਹਾਂ ਤਿੰਨਾਂ ਗੁਣਾਂ ਦੇ ਅੰਦਰ ਹੈ। ਨਾਮ-ਰੂਪੀ ਅਨੂਪਮ ਵਸਤੂ ਤਿੰਨਾਂ ਗੁਣਾਂ ਤੋਂ ਨਿਆਰੀ ਹੈ:

**ਤ੍ਰੈ ਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ॥**
**ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ॥**

*(ਰਾਮਕਲੀ ਮ: ੫, ਪੰਨਾ 883)*

ਜੋ ਇਸ ਕੋਠੜੀ ਵਿਚ ਪ੍ਰਵੇਸ਼ ਕਰ ਗਏ ਹਨ, ਉਨ੍ਹਾਂ ਨੂੰ ਹੀ ਅਸੀਂ ਗੁਰਮੁਖ, ਬ੍ਰਹਮ-ਗਿਆਨੀ ਆਖਦੇ ਹਾਂ ਤੇ ਇਹ ਪੁਰਸ਼ ਜੋ ਤਿੰਨ ਗੁਣਾਂ ਤੋਂ ਵੀ ਪਾਰ ਚਲੇ ਗਏ ਹਨ, ਹਰ ਵਕਤ ਉਂਗਲਾਂ 'ਤੇ ਗਿਣਨ ਜਿਤਨੇ ਹੀ ਹੁੰਦੇ ਹਨ।

# ਸ਼ਕਤੀ

ਪਰਮਾਤਮਾ ਇਕ ਸ਼ਕਤੀ ਹੈ, ਵਿਅਕਤੀ ਨਹੀਂ। ਉਸ ਅਗੰਮੀ ਸ਼ਕਤੀ ਦਾ ਬੋਧ ਤਾਂ ਪ੍ਰਾਚੀਨ ਸਮੇਂ ਤੋਂ ਰਿਹਾ ਹੈ। ਪਰ ਉਹ ਸ਼ਕਤੀ ਕੀ ਹੈ ? ਕਿਥੇ ਹੈ ? ਇਸ ਦਾ ਪੂਰਨ ਬੋਧ ਨਾ ਹੋਣ ਕਰਕੇ ਧਾਰਮਿਕ ਭਟਕਣਾ ਰਹੀ ਹੈ। ਵਗਦੇ ਦਰਿਆਵਾਂ ਦੇ ਵੇਗ ਵਿਚ ਸ਼ਕਤੀ ਦਾ ਪ੍ਰਵਾਹ ਵੇਖ, ਮਨੁੱਖ ਨੇ ਦਰਿਆਵਾਂ, ਨਦੀ-ਨਾਲਿਆਂ ਦੀ ਪੂਜਾ ਕੀਤੀ। ਕੁਛ ਪਾਣੀ ਦਾ ਵਿਸ਼ੇਸ਼ ਗੁਣ-ਧਰਮ ਵੇਖ, ਝੀਲਾਂ ਤੇ ਸਾਗਰ ਵੀ ਪੂਜੇ ਗਏ। ਕਿਸੇ ਦਰੱਖ਼ਤ ਦੇ ਡਾਲ ਪੱਤੇ ਯਾ ਜੜ੍ਹ ਬੀਮਾਰੀਆਂ ਨੂੰ ਦੂਰ ਕਰਨ ਵਿਚ ਸਹਾਇਕ ਵੇਖ; ਦਰੱਖ਼ਤਾਂ ਦੀ ਵੀ ਪੂਜਾ ਚੱਲ ਪਈ। ਫ਼ਨੀਅਰ ਸੱਪ ਵਿਚ ਆਪਣੀ ਮੌਤ ਵੇਖ, ਭੈ-ਭੀਤ ਹੋ, ਨਾਗਾਂ ਨੂੰ ਪੂਜਣ ਲੱਗ ਪਿਆ। ਨਾਗ ਭਗਵਾਨ ਯਾ ਦੇਵਤਾ ਬਣ ਗਿਆ। ਗਊ, ਹਾਥੀ, ਹੰਸ, ਮੋਰ ਪੂਜੇ ਗਏ ਤੇ ਹੁਣ ਵੀ ਪੂਜਾ ਚੱਲ ਰਹੀ ਹੈ। ਚੰਦਰਮਾ ਰਾਤ ਦੇ ਹਨੇਰੇ ਨੂੰ ਦੂਰ ਕਰ ਦੇਂਦਾ ਸੀ। ਦਿਨ ਦਿਹਾਰ ਦੀ ਯਾਦ ਚੰਦਰਮਾ ਕਰਕੇ ਬਣੀ। ਪੂਰਨਮਾਸ਼ੀ ਭਾਵ ਪੂਰਨਮਾਸ, ਜਦ ਚੰਦਰਮਾ ਪੂਰਨ ਹੋ ਜਾਵੇ ਤਾਂ ਮਹੀਨਾ ਪੂਰਾ ਸਮਝਿਆ ਜਾਣ ਲੱਗ ਪਿਆ। ਸਹਿਜੇ ਸਹਿਜੇ ਪਤਾ ਚੱਲਿਆ, ਚੰਦਰਮਾ ਕੋਲ ਰੋਸ਼ਨੀ ਸੂਰਜ ਦੀ ਹੈ ਤਾਂ ਸੂਰਜ ਭਗਵਾਨ, ਦੇਵਤਾ ਹੋ ਗਿਆ ਤੇ ਪੂਜਾ ਆਰੰਭ ਹੋ ਗਈ।

ਕਿਸੇ ਮਨੁੱਖ ਅੰਦਰ ਦੈਵੀ ਗੁਣਾਂ ਦੀ ਸੰਪਦਾ ਵੇਖ, ਮਨੁੱਖ ਨੂੰ ਪੂਜਿਆ ਗਿਆ। ਜਦ ਉਹ ਨਾ ਰਿਹਾ, ਮਰ ਗਿਆ ਤਾਂ ਉਸ ਦੀ ਮੜ੍ਹੀ ਯਾ ਕਬਰ ਪੂਜੀ ਗਈ ਯਾ ਫਿਰ ਉਸ ਦੀ ਮੂਰਤੀ (ਤਸਵੀਰ) ਬਣਾ ਕੇ ਪੂਜਣਾ ਆਰੰਭ ਹੋਇਆ। ਬੋਧ ਅੰਦਰ ਇਹ ਤਾਂ ਸੀ ਕਿ ਕੋਈ ਕਰਤਾ ਹੈ ਇਸ ਕ੍ਰਿਤ ਮੰਡਲ ਦਾ, ਪਰ ਉਹ ਕਰਤਾ ਕੀ ਹੈ ? ਕਿਥੇ ਹੈ ? ਬੋਧ ਨਾ ਹੋਣ ਕਰਕੇ ਕ੍ਰਿਤ ਪੂਜੀ ਗਈ ਤੇ ਕ੍ਰਿਤ ਨੂੰ ਕਰਤਾ ਸਮਝਿਆ ਗਿਆ। ਸਮਾਜਕ, ਆਰਥਕ, ਜਿਸਮਾਨੀ ਤੇ ਕਿਉਂਕਿ ਵਿਕਾਸ ਦੇ ਨਾਲ ਨਾਲ ਧਾਰਮਿਕ ਵਿਕਾਸ ਵੀ ਆਰੰਭ ਹੋਇਆ ਤੇ ਆਖ਼ਿਰ ਮਨੁੱਖ ਇਥੇ ਟਿਕਿਆ ਕਿ ਘੱਟ ਤੋਂ ਘੱਟ ਮੈਂ ਆਪਣੇ ਤੋਂ ਥੱਲੇ ਦੀ ਪੂਜਾ ਨਹੀਂ ਕਰਨੀ ਤਾਂ ਮਨੁੱਖੀ ਪੂਜਾ 'ਤੇ ਹੀ ਸਾਰੀ ਮਨੁੱਖਤਾ ਰੁਕ ਗਈ। ਜੋ ਗੁਣਾਂ ਕਰਕੇ ਭਾਵੇਂ ਘੱਟ ਹੈ ਯਾ ਵੱਧ ਹੈ ਪਰ ਕਮ-ਸੇ-ਕਮ ਮੇਰੇ ਵਰਗਾ ਤਾਂ ਹੈ। ਸੋ ਪਰਮਾਤਮਾ ਦਾ ਸਰੂਪ ਵਿਅਕਤੀ ਹੋ ਗਿਆ ਤੇ ਵਿਅਕਤੀ ਦੀ

ਪੂਜਾ ਕਿਸੇ ਨਾ ਕਿਸੇ ਰੂਪ ਵਿਚ ਟਿਕ ਕੇ ਰਹਿ ਗਈ। ਤੇ ਇਸ ਤੋਂ ਮਨੁੱਖ ਅਜੇ ਤਕ ਵੀ ਪੂਰਨ ਤੌਰ 'ਤੇ ਉੱਚਾ ਨਹੀਂ ਉਠ ਸਕਿਆ।

ਅਕਾਲ ਪੁਰਖ ਇਕ ਵਿਅਕਤੀ ਨਹੀਂ, ਬਲਕਿ ਸ਼ਕਤੀ ਹੈ। ਅਗਰ ਵਿਅਕਤੀ ਮੰਨ ਲਈਏ ਤਾਂ ਉਸ ਦੀ ਸੀਮਾ ਮੰਨਣੀ ਪਵੇਗੀ ਤੇ ਪਰਮਾਤਮਾ ਅਸੀਮ ਹੈ:

**ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥** *(ਆਸਾ ਮਹਲਾ ੧, ਪੰਨਾ 9)*

**ਅਨੰਤ ਹੈਂ॥ ਮਹੰਤ ਹੈਂ॥** *(ਜਾਪੁ ਸਾਹਿਬ)*

ਉਹ ਕਿਥੋਂ ਸ਼ੁਰੂ ਹੁੰਦਾ ਹੈ? ਕਿਥੇ ਜਾ ਕੇ ਖ਼ਤਮ ਹੁੰਦਾ ਹੈ? ਇਹ ਬੋਧ ਕਿਸੇ ਨੂੰ ਨਹੀਂ। ਅਗਰ ਵਿਅਕਤੀ ਮੰਨੀਏ ਤਾਂ ਪਰਮਾਤਮਾ ਦਾ ਜਨਮ ਵੀ ਮੰਨਣਾ ਪਵੇਗਾ ਔਰ ਜਿਸ ਦਾ ਜਨਮ ਹੈ, ਉਸ ਦਾ ਮਰਨ ਵੀ ਹੈ। ਜਗਤ ਵਿਚ ਦੂੰਦ ਹੈ। ਦੋ-ਤਰਫ਼ੀ ਘਟਨਾ ਘਟਦੀ ਹੈ।

ਹੱਸਣਾ ਹੈ ਤਾਂ ਰੋਣਾ ਵੀ ਹੈ। ਤੰਦਰੁਸਤੀ ਹੈ, ਬਿਮਾਰੀ ਵੀ ਹੈ। ਨਫ਼ਾ ਹੈ, ਨੁਕਸਾਨ ਵੀ ਹੈ। ਇਸ ਤਰ੍ਹਾਂ ਜਨਮ ਮਰਨ ਦੇ ਨਾਲ ਜੁੜਿਆ ਹੋਇਆ ਹੈ ਤੇ ਪਰਮਾਤਮਾ ਜਨਮ ਮਰਨ ਤੋਂ ਰਹਿਤ ਹੈ:

**ਅਜਨਮ ਹੈਂ॥ ਅਬਰਨ ਹੈਂ॥** *(ਜਾਪੁ ਸਾਹਿਬ)*

ਵਿਅਕਤੀ ਦੇ ਮੰਨਦਿਆਂ ਮਾਂ ਬਾਪ ਵੀ ਮੰਨਣੇ ਪੈਣਗੇ ਤੇ ਫਿਰ ਜਾਤ-ਪਾਤ ਦਾ ਵੀ ਸਵਾਲ ਖੜਾ ਹੋਵੇਗਾ:

**ਨ ਤਾਤ ਹੈਂ॥ ਨ ਮਾਤ ਹੈਂ॥**
**ਨ ਜਾਤ ਹੈਂ॥ ਨ ਪਾਤ ਹੈਂ॥** *(ਅਕਾਲ ਉਸਤਤ)*

ਵਿਅਕਤੀ ਸਰਬ ਠੌਰ ਨਹੀਂ ਹੈ। ਸਰਬ ਕਾਲ ਵੀ ਨਹੀਂ ਹੈ। ਅਸੀਂ ਇਕ ਥਾਂ 'ਤੇ ਹਾਂ, ਦੂਜੀ ਥਾਂ 'ਤੇ ਨਹੀਂ, ਤੇ ਅੱਜ ਹਾਂ, ਕੱਲ ਨਹੀਂ ਹੋ ਜਾਵਾਂਗੇ। ਅੱਜ ਹਾਂ; ਅੱਜ ਤੋਂ ਕੁਛ ਸਮਾਂ ਪਹਿਲੇ ਨਹੀਂ ਸੀ ਤੇ ਵਿਅਕਤੀ ਦੇ ਸਾਰੇ ਦੂਸ਼ਣ ਪਰਮਾਤਮਾ ਵਿਚ ਹੀ ਨਿਰੂਪਣ ਕਰਨੇ ਪੈਣਗੇ।

ਵਿਅਕਤੀ ਦੇ ਦੋ ਰੂਪ ਹਨ—ਇਸਤਰੀ ਤੇ ਪੁਰਸ਼। ਤਾਂ ਫਿਰ ਇਹ ਵੀ ਮੰਨਣਾ ਪਵੇਗਾ ਕਿ ਪਰਮਾਤਮਾ ਪੁਰਸ਼ ਹੈ ਯਾ ਨਾਰੀ ਹੈ। ਉਹ ਤਾਂ:

**ਨ ਨਰ ਹੈਂ॥ ਨ ਨਾਰ ਹੈਂ॥** *(ਅਕਾਲ ਉਸਤਤ)*

**ਸੁੰਨ ਮੰਡਲ ਇਕੁ ਜੋਗੀ ਬੈਸੇ॥**
**ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥** *(ਧਨਾਸਰੀ ਮ: ੧, ਪੰਨਾ 685)*

ਸੁੰਨ-ਸਮਾਧ ਨਿਰਵਿਚਾਰ ਅਵਸਥਾ ਵੀ ਜਦ ਜ਼ੱਰੇ ਜ਼ੱਰੇ ਨਾਲ ਜੁੜਿਆ ਹੋਇਆ ਪਰਮਾਤਮਾ ਦਿਖਾਈ ਦੇਂਦਾ ਹੈ ਤਾਂ ਪਤਾ ਚੱਲਦਾ ਹੈ ਉਹ ਨਾਰ ਤੇ ਪੁਰਖ ਨਹੀਂ ਹੈ ਤਾਂ ਫਿਰ ਉਹ ਕੀ ਹੈ:

**ਤ੍ਰਿਭਵਣ ਜੋਤਿ ਰਹੇ ਲਿਵ ਲਾਈ॥**
**ਸੁਰਿ ਨਰ ਨਾਥ ਸਚੇ ਸਰਣਾਈ॥** *(ਧਨਾਸਰੀ ਮ: ੧, ਪੰਨਾ 685)*

ਪਰਮਾਤਮਾ ਇਕ ਪ੍ਰਕਾਸ਼ ਦੀ ਤਰ੍ਹਾਂ ਵਿਖਾਈ ਦੇਂਦਾ ਹੈ। ਉਹ ਇਕ ਮਹਾਂ ਚਾਨਣ ਹੈ। ਅਗਰ ਪਰਮਾਤਮਾ ਪ੍ਰਕਾਸ਼ ਹੈ ਤਾਂ ਫਿਰ ਉਹ ਇਕ ਸ਼ਕਤੀ ਹੈ, ਵਿਅਕਤੀ ਨਹੀਂ।

ਸ਼ਮਸ ਤਬਰੇਜ਼ ਨੇ ਬੁਲੰਦ ਬਾਂਗ ਇਹ ਆਖਿਆ ਕਿ ਮੈਂ ਮੁਸਲਮਾਨ, ਈਸਾਈ, ਪਾਰਸੀ, ਯਹੂਦੀ ਨਹੀਂ ਹਾਂ। ਈਰਾਨੀ ਤੇ ਇਰਾਕੀ ਵੀ ਨਹੀਂ ਹਾਂ। ਮੈਂ ਤਨ ਵਿਚ ਸੁਆਸ ਤੇ ਅੱਗ, ਪਾਣੀ, ਪਵਨ, ਧਰਤੀ, ਆਕਾਸ਼ ਨਹੀਂ ਹਾਂ। ਮੈਂ ਤਾਂ ਉਸ ਦੇ ਵਿਚ ਹਾਂ ਜੋ ਚੱਕ੍ਰ-ਚਿਹਨ ਤੋਂ ਨਿਆਰਾ, ਦੇਸ਼-ਕਾਲ ਵਸਤੂ ਤੋਂ ਪਰੇ ਤੇ ਵਿਆਪਕ ਸੱਤਾ ਹੈ। ਮੈਂ ਉਸ ਵਿਚ ਹਾਂ। ਹੁਣ ਤਾਂ ਬੱਸ ਉਹੀ ਹੈ, ਮੈਂ ਨਹੀਂ ਹਾਂ:

*ਚਿ ਤਦਬੀਰੇ ਮੁਸਲਮਾਨਮ ਕਿ ਮਨ ਖ਼ੁਦ ਰਾ ਨਮੇ ਦਾਨਮ।*
*ਨ ਤਰਸਾਓ ਯਹੂਦੀਅਮ ਨ ਗਿਬਰਮ ਨ ਮੁਸਲਮਾਨਮ।*
*ਨ ਸ਼ਰਕੀਅਮ ਨ ਗ਼ਰਬੀਅਮ ਨ ਬੁਹੇਰੀਅਮ ਨ ਤਰੀਅਮ।*
*ਨ ਅਜ਼ ਮੁਲਕੇ ਇਰਾਕੀ ਨ ਅਜ਼ ਖਾਕੇ ਖ਼ੁਰਾਸਾਨਮ।*
*ਨ ਅਜ਼ ਆਬਮ ਨ ਅਜ਼ ਖ਼ਾਕਮ ਨ ਅਜ਼ ਆਤਿਸ਼ੇ ਨ ਅਜ਼ ਹਵਾ।*
*ਨ ਤਨ ਬਾਸ਼ਦ ਨ ਜਾਂ ਬਾਸ਼ਦ ਨ ਬਾਸ਼ਦ ਇਸ਼ਕੇ ਜਾਨਾਨਮ।*

ਮੈਂ ਇਹ ਸਭ ਕੁਛ ਨਹੀਂ ਹਾਂ। ਫਿਰ ਕੀ ਹੈ? ਤਾਂ ਜੋ ਜਵਾਬ ਹੈ, ਉਹ ਪਰਮਾਤਮਾ ਦੀ ਸਹੀ ਰੂਪ-ਰੇਖਾ ਸਾਹਮਣੇ ਰੱਖਦਾ ਹੈ:

*ਮਕਾਂ ਰਾ ਲਾ ਮਕਾਂ ਬਾਸ਼ਦ।*
*ਨਿਸ਼ਾਨਮ ਬੇ ਨਿਸ਼ਾਂ ਬਾਸ਼ਦ*
*ਦੂਈ ਰਾ ਚੂੰ ਬਦਰ ਕਰਦਮ।*
*ਦੋ ਆਲਮ ਰਾ ਯਕੇ ਦੀਦਮ।* *(ਸ਼ਮਸ ਤਬਰੇਜ਼)*

ਜਿਸ ਦਾ ਕੋਈ ਚੱਕ੍ਰ-ਚਿਹਨ ਨਹੀਂ, ਰੰਗ ਰੂਪ ਨਹੀਂ, ਕੋਈ ਵਿਸ਼ੇਸ਼ ਥਾਂ ਨਹੀਂ, ਮੈਂ ਉਸ ਵਿਚ ਵਾਸ ਕਰਦਾ ਹਾਂ। ਜਿਸ ਦਿਨ ਦੀ ਦੁਬਿਧਾ ਮਿਟੀ, ਹੁਣ ਉਸ ਇਕ ਤੋਂ ਬਿਨਾਂ ਹੋਰ ਕੋਈ ਦਿਖਾਈ ਨਹੀਂ ਦੇਂਦਾ।

ਕਲਗ਼ੀਧਰ ਪਾਤਸ਼ਾਹ ਤਾਂ ਫ਼ੁਰਮਾਨ ਕਰਦੇ ਹਨ, ਉਸ ਦਾ ਕੋਈ ਵਿਸ਼ੇਸ਼ ਨਾਮ ਨਹੀਂ ਤੇ ਥਾਂਉਂ ਨਹੀਂ:

**ਨਾਮ ਠਾਮ ਨ ਜਾਤਿ ਜਾਕਰ...** *(ਜਾਪੁ ਸਾਹਿਬ)*

ਆਰਥਿਕ, ਬੌਧਿਕ, ਸਮਾਜਕ ਤੇ ਨੈਤਿਕ ਵਿਕਾਸ ਤਾਂ ਹਰ ਪੱਖੋਂ ਹੋਇਆ ਹੈ ਪਰ ਧਾਰਮਿਕ ਵਿਕਾਸ ਅਜੇ ਵੀ ਪੂਰਨ ਤੌਰ 'ਤੇ ਨਹੀਂ ਹੋ ਸਕਿਆ। ਸਦੀਆਂ

ਪੁਰਾਣੀਆਂ ਧਾਰਨਾਵਾਂ ਅੱਜ ਵੀ ਧਾਰਮਿਕ ਦੁਨੀਆ ਨਾਲ ਸੰਬੰਧਿਤ ਹਨ। ਤੇਤੀਸ ਕਰੋੜ ਦੇਵਤਿਆਂ ਦੀ ਧਾਰਨਾ ਤੋਂ ਬਾਅਦ ਨਵੇਂ ਦੇਵੀ ਦੇਵਤੇ ਬਣਾਏ ਜਾ ਰਹੇ ਹਨ।

ਅਗਰ ਇਕ ਪੁਰਸ਼ ਪਰਮਾਤਮਾ ਨੂੰ ਨਾਰੀ ਜਾਣ ਕੇ ਉਸ ਦੀ ਪੂਜਾ ਕਰੇ ਤਾਂ ਉਸ ਦੇ ਸੰਸਕਾਰ ਨਾਰੀ ਦੇ ਬਣਨਗੇ ਔਰ ਸੰਸਕਾਰ ਹੀ ਅਗਲੇ ਜਨਮ ਦਾ ਬੀਜ ਹਨ। ਸੋ ਉਸ ਦਾ ਅਗਲਾ ਜਨਮ ਨਾਰੀ ਦਾ ਹੋਵੇਗਾ :

**ਮਹਾ ਮਾਈ ਕੀ ਪੂਜਾ ਕਰੈ ॥**
**ਨਰ ਸੈ ਨਾਰਿ ਹੋਇ ਅਉਤਰੈ ॥** *(ਗੋਂਡ ਨਾਮਦੇਉ ਜੀ, ਪੰਨਾ 874)*

ਅਗਰ ਪੁਰਸ਼ ਨਾਰੀ ਦਾ ਚਿੰਤਨ ਕਰ ਕੇ ਅਗਲੇ ਜਨਮ ਵਿਚ ਨਾਰੀ ਬਣਦਾ ਹੈ ਤਾਂ ਇਸ 'ਤੇ ਉਲਟ ਵੀ ਹੋ ਸਕਦਾ ਹੈ। ਅਗਰ ਕੋਈ ਨਾਰੀ ਪਰਮਾਤਮਾ ਨੂੰ ਪੁਰਸ਼ ਮੰਨ ਲਵੇ ਤਾਂ ਉਸ ਦਾ ਅਗਲਾ ਜਨਮ ਪੁਰਸ਼ ਦਾ ਹੋਵੇਗਾ ਤਾਂ ਇਸ ਤਰ੍ਹਾਂ ਜਨਮ ਮਰਨ ਦਾ ਗੇੜ ਜੋ ਸੰਸਾਰ ਦੇ ਦੁੱਖਾਂ ਦਾ ਗੇੜ ਹੈ, ਉਹ ਨਾ ਮੁੱਕਿਆ। ਤੇ ਗੇੜ ਹੀ ਨਹੀਂ ਮੁੱਕਿਆ ਤਾਂ ਮੁਕਤੀ ਕਿਥੇ ? ਔਰ ਮੁਕਤ ਹੋਏ ਬਿਨਾਂ ਸੁਖ ਕਿਥੇ ? ਪਰਮਾਤਮਾ ਇਕ ਪਰਮ ਸ਼ਕਤੀ ਹੈ। ਉਹ ਸ਼ਕਤੀ ਨਿਰਗੁਣ ਤੇ ਸਰਗੁਣ ਰੂਪ ਵਿਚ ਵਿਆਪਕ ਹੈ। ਉਹ ਸਰਗੁਣ ਕਰਕੇ ਫੁੱਲ ਹੈ ਪਰ ਨਿਰਗੁਣ ਕਰਕੇ ਸੁਗੰਧੀ ਹੈ। ਸੁਗੰਧ ਤੇ ਫੁੱਲ ਵੱਖ ਵੱਖ ਨਹੀਂ ਹਨ। ਨਿਰਗੁਣ ਤੇ ਸਰਗੁਣ ਵੀ ਵੱਖ ਵੱਖ ਨਹੀਂ ਹਨ ਪਰ ਸਰਗੁਣ ਬੱਝਿਆ ਹੋਇਆ ਹੈ, ਇਕ ਥਾਂ 'ਤੇ ਹੈ। ਸੁਗੰਧ ਆਜ਼ਾਦ ਹੈ, ਫੁੱਲ ਦੇ ਵਿਚ ਵੀ ਰਹਿ ਸਕਦੀ ਹੈ ਤੇ ਫੁੱਲਾਂ ਤੋਂ ਬਾਹਰ ਵੀ ਵਿਚਰ ਸਕਦੀ ਹੈ।

ਇਸ ਵਾਸਤੇ ਸਤਿਗੁਰੂ ਜੀ ਨੇ ਨਿਰਗੁਣ ਬ੍ਰਹਮ ਦੀ ਪੂਜਾ ਦੱਸੀ ਹੈ :

**ਬਿਨ ਕਰਤਾਰ ਨ ਕਿਰਤਮ ਮਾਨੋ ॥**
**ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥**
*(ਸ਼ਬਦ ਹਜ਼ਾਰੇ, ਪਾਤਸ਼ਾਹੀ ੧੦)*

ਸਾਗਰ ਦੇ ਉਛਾਲ ਵਿਚ ਉਹੀ ਹੈ, ਬੱਦਲਾਂ ਦੀ ਗਰਜਨਾ ਤੇ ਸੂਰਜ ਦੀ ਚਮਕ ਵਿਚ ਉਹੀ ਹੈ।

ਉਸ ਦੇ ਚਾਨਣੇ ਨਾਲ ਹੀ ਸਭ ਵਿਚ ਚਾਨਣਾ ਹੈ :

**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥** *(ਧਨਾਸਰੀ ਮ: ੫, ਪੰਨਾ 13)*

ਬਾਹਰ ਜੋ ਸ਼ਕਤੀ ਕੰਮ ਕਰ ਰਹੀ ਹੈ, ਉਹ ਸੂਰਜ ਦੀ ਹੈ। ਅਗਰ ਸੂਰਜ ਠੰਡਾ ਪੈ ਜਾਵੇ ਤਾਂ ਸਭ ਕੁਛ ਠੰਡਾ ਹੋ ਜਾਵੇਗਾ, ਪਰ ਸੂਰਜ ਵੀ ਕਿਸੇ ਮਹਾਂ ਸੂਰਜ ਦੀ ਰੋਸ਼ਨੀ ਨਾਲ ਰੋਸ਼ਨ ਹੈ। ਉਹ ਮਹਾਂ ਚਾਨਣ ਪਰਮਾਤਮਾ ਹੈ, ਉਹ ਮਹਾਂ ਸ਼ਕਤੀ ਅਕਾਲ ਪੁਰਖ ਹੈ।

# ਜਪ

ਕਿਸੇ ਵਸਤੂ ਯਾ ਕਿਸੇ ਵਿਅਕਤੀ ਨਾਲ ਸੰਬੰਧ ਜੁੜਿਆ ਰਹੇ ਤਾਂ ਉਸ ਦਾ ਚਿੰਤਨ ਕਰਨਾ ਪੈਂਦਾ ਹੈ, ਚਿੰਤਨ ਕੀਤਿਆਂ ਹੀ ਚਿੱਤ ਵਿਚ ਵਾਸਾ ਹੁੰਦਾ ਹੈ। ਜੋ ਚੇਤੇ ਹੈ, ਉਸੇ ਨਾਲ ਹੀ ਸਾਡਾ ਸੰਬੰਧ ਹੈ। ਚੇਤੇ ਵਿੱਚੋਂ ਨਿਕਲਦਿਆਂ ਸੰਬੰਧ ਵੀ ਟੁੱਟ ਜਾਂਦਾ ਹੈ।

ਅਕਾਲ ਪੁਰਖ ਦੀਆਂ ਦਿੱਤੀਆਂ ਹੋਈਆਂ ਮਹਾਨ ਦਾਤਾਂ ਵਿੱਚੋਂ ਚੇਤੇ-ਸ਼ਕਤੀ ਇਕ ਅਦੁੱਤੀ ਸੌਗ਼ਾਤ ਹੈ। ਇਸ ਸਭ ਤੋਂ ਵੱਡੀ ਬਖ਼ਸ਼ਿਸ਼ ਹੈ। ਮਾਜ਼ੀ (ਭੂਤਕਾਲ) ਨੂੰ ਚੇਤੇ ਰੱਖ, ਮਨੁੱਖ ਨੇ ਆਪਣਾ ਵਰਤਮਾਨ ਸੰਵਾਰਿਆ ਹੈ।

ਪਰ ਚੇਤੇ-ਸ਼ਕਤੀ 'ਤੇ ਵੀ ਮਨੁੱਖ ਦਾ ਆਪਣਾ ਨਿੱਜੀ ਸ੍ਵੈ-ਭਾਵ ਸੰਸਕਾਰਾਂ ਦਾ ਪ੍ਰਭਾਵ ਪੈਂਦਾ ਹੈ, ਜਿਸ ਨੂੰ ਚੇਤੇ-ਸ਼ਕਤੀ ਪਕੜੇ ਨਾ, ਉਸ ਨੂੰ ਯਾਦ ਕਰਨਾ, ਚੇਤੇ ਰੱਖਣਾ ਬਹੁਤ ਔਖਾ ਹੈ ਤੇ ਜਿਸ ਨੂੰ ਚਿੱਤ ਪਕੜ ਲਵੇ, ਉਸ ਨੂੰ ਭੁਲਾਣਾ ਵੀ ਔਖਾ ਹੈ।

ਜਿਸ ਵਸਤੂ ਨੂੰ ਯਾ ਜਿਸ ਵਿਅਕਤੀ ਨੂੰ ਚਿੱਤ ਨਾ ਪਕੜੇ ਤੇ ਉਸ ਨੂੰ ਚਿੱਤ ਦਾ ਹਿੱਸਾ ਬਣਾਨਾ ਹੋਵੇ ਤਾਂ ਜੋ ਢੰਗ ਵਰਤਿਆ ਜਾਂਦਾ ਹੈ ਉਸ ਨੂੰ ਜਪ ਕਹਿੰਦੇ ਹਨ। ਜਪ ਬਾਰ ਬਾਰ ਰਟਨ ਦਾ ਨਾਮ ਹੈ। ਸਾਨੂੰ ਆਪਣੇ ਬੱਚੇ, ਪਰਿਵਾਰ, ਸੰਪਦਾ ਦਾ ਜਪ ਨਹੀਂ ਕਰਨਾ ਪੈਂਦਾ ਕਿਉਂਕਿ ਸਹਿਜੇ ਹੀ ਸਾਡੇ ਚਿੱਤ ਦਾ ਹਿੱਸਾ ਬਣੇ ਹੋਏ ਹਨ। ਉਨ੍ਹਾਂ ਦਾ ਚਿੰਤਨ ਸੁਤੇ ਹੀ ਚੱਲਦਾ ਹੈ। ਵਿਸ਼ੇਸ਼ ਯਤਨ ਦੀ ਲੋੜ ਨਹੀਂ। ਧਨ ਦਾ ਜਪ ਕਰਨ ਦੀ ਲੋੜ ਨਹੀਂ, ਧਨ ਤਾਂ ਪੂਰਨ ਤੌਰ 'ਤੇ ਚਿੱਤ ਦਾ ਹਿੱਸਾ ਬਣਿਆ ਹੋਇਆ ਹੈ।

ਜਪ ਅਕਾਲ ਪੁਰਖ ਦਾ ਕਰਨਾ ਹੈ ਤੇ ਅਕਾਲ ਪੁਰਖ ਸਾਡੇ ਚਿੱਤ ਦਾ ਹਿੱਸਾ ਨਹੀਂ ਹੈ; ਜੋ ਆਪਣਾ ਹੈ, ਚਿੰਤਨ ਉਸ ਦਾ ਚੱਲਦਾ ਹੈ ਤੇ ਉਹੀ ਚਿੱਤ ਦਾ ਹਿੱਸਾ ਬਣ ਜਾਂਦਾ ਹੈ। ਪਰਮਾਤਮਾ ਨੂੰ ਮਨੁੱਖ ਨੇ ਓਪਰਾ ਸਮਝਿਆ ਹੈ, ਹਾਲਾਂਕਿ ਪਰਮਾਤਮਾ ਤੋਂ ਵੱਧ ਕੋਈ ਵੀ ਆਪਣਾ ਨਹੀਂ ਹੈ।

ਇਸੇ ਲਈ ਪਰਮਾਤਮਾ ਸਾਡੇ ਚਿੱਤ ਦਾ ਹਿੱਸਾ ਨਹੀਂ ਬਣ ਸਕਿਆ, ਓਪਰੇ ਵਾਸਤੇ ਚਿੱਤ ਵਿਚ ਜਗ੍ਹਾ ਨਹੀਂ ਹੈ, ਜਿਸ ਦੀ ਹੋਂਦ ਤੋਂ ਬਿਨਾਂ ਅਸੀਂ ਇਕ ਛਿਨ ਆਪਣੀ ਹੋਂਦ ਨਹੀਂ ਰੱਖ ਸਕਾਂਗੇ, ਉਹ ਓਪਰਾ ਹੈ, ਪਰਾਇਆ ਹੈ। ਜਿਥੋਂ

ਇਹ ਜੀਵਨ ਆਇਆ ਹੈ, ਜਿਸ ਵਿਚ ਇਹ ਜੀਵਨ ਹੈ ਤੇ ਜਿਸ ਵਿਚ ਸਮਾਵੇਗਾ, ਉਹ ਅਸੀਂ ਪਰਾਇਆ ਸਮਝੀ ਬੈਠੇ ਹਾਂ :

**ਮਾਇਆ ਮੋਹਿ ਸਗਲ ਜਗੁ ਛਾਇਆ ॥**
**ਕਾਮਣਿ ਦੇਖਿ ਕਾਮਿ ਲੋਭਾਇਆ ॥**
**ਸੁਤ ਕੰਚਨ ਸਿਉ ਹੇਤੁ ਵਧਾਇਆ ॥**
**ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥**

*(ਪ੍ਰਭਾਤੀ ਮ: ੧, ਪੰਨਾ 1342)*

ਜੋ ਆਪਣਾ ਹੈ ਤੇ ਜਿਸ ਤੋਂ ਜ਼ਿਆਦਾ ਕੋਈ ਵੀ ਆਪਣਾ ਨਹੀਂ ਹੈ, ਉਸ ਨਾਲ ਸਾਡੀ ਚੇਤਾ-ਸ਼ਕਤੀ ਦਾ ਕੋਈ ਸੰਬੰਧ ਨਹੀਂ, ਹਾਲਾਂਕਿ ਉਸ ਦੀ ਦਿੱਤੀ ਸ਼ਕਤੀ ਨਾਲ ਹੀ ਚੇਤਾ ਕੰਮ ਕਰਦਾ ਹੈ।

ਭਗਤ ਕਬੀਰ ਜੀ ਕਹਿੰਦੇ ਹਨ, ਜਿਸ ਦਿਨ ਮੈਨੂੰ ਪਤਾ ਚੱਲਿਆ ਕਿ ਸਿਰਫ਼ ਰਾਮ ਹੀ ਆਪਣਾ ਹੈ ਤਾਂ ਸੁਤੇ-ਸਿੱਧ ਰਾਮ ਮੇਰੇ ਮਨ ਵਿਚ ਵਸ ਗਿਆ :

**ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥**
**ਸਹਜ ਸੁਭਾਇ ਮੇਰਾ ਮਨੁ ਮਾਨਿਆ ॥** *(ਗਉੜੀ ਕਬੀਰ ਜੀ, ਪੰਨਾ 327)*

ਦਰਅਸਲ ਆਪਣਾ ਓਹੀ ਹੈ ਜੋ ਦੁਖ ਵਿਚ ਕੰਮ ਆਵੇ। ਆਪਣੇ ਨੂੰ ਪਹਿਚਾਨਣ ਦੀ ਕਸਵੱਟੀ ਇਹੀ ਹੈ ਜੋ ਦੁਖ ਦੇ ਵਿਚ ਵੀ ਸਾਥੀ ਹੈ। ਉਹ ਆਪਣਾ ਹੈ। ਜੋ ਦੁਖ ਵਿਚ ਸਾਥੀ ਨਹੀਂ, ਉਹ ਸਾਡਾ ਸਾਥੀ ਨਹੀਂ ਹੈ। ਉਹ ਤਾਂ ਸੁਖ ਦਾ ਸਾਥੀ ਹੈ। ਅਸੀਂ ਭੁੱਲ ਕਰਕੇ ਸਮਝ ਲੈਂਦੇ ਹਾਂ ਕਿ ਉਹ ਸਾਡਾ ਸੰਗੀ ਹੈ, ਉਹ ਸਾਡਾ ਸਾਥੀ ਹੈ, ਪਰ ਥੋੜੇ ਗਹਿਰੇ ਝਾਤੀ ਮਾਰੀਏ ਤਾਂ ਸੰਸਾਰ ਦੇ ਸੰਬੰਧ ਕੇਵਲ ਸੁਖ ਸੰਬੰਧ ਹਨ :

**ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥**
**ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥**

*(ਸਲੋਕ ਮ: ੯, ਪੰਨਾ 1428)*

ਦਰਬਾਰੇ-ਅਕਬਰੀ ਨੌਂ ਰਤਨਾਂ ਵਿੱਚੋਂ ਇਕ ਮਹਾਨ ਰਤਨ ਕਵੀ ਰਹੀਮ ਜੀ ਦਾ ਕਹਿਣਾ ਹੈ ਕਿ ਵਿਪਦਾ ਚੰਗੀ ਹੈ, ਬਸ਼ਰਤੇ ਥੋੜੇ ਦਿਨਾਂ ਲਈ ਆਵੇ ਤਾਂ, ਇਕ ਪ੍ਰਬਲ ਬੋਧ ਉਹ ਬਿਪਤਾ ਕਰਾ ਜਾਂਦੀ ਹੈ, ਪਤਾ ਚੱਲ ਜਾਂਦਾ ਹੈ, ਕੌਣ ਆਪਣਾ ਹੈ, ਕੌਣ ਪਰਾਇਆ ਹੈ :

ਰਹਿਮਨ ਵਿਪਦਾ ਹੂੰ ਭਲੀ ਜੋ ਥੋਰੇ ਦਿਨ ਹੋਇ।
ਹਿਤ ਅਨਹਿਤ ਸਭ ਜਗਤ ਮੇਂ ਜਾਨ ਪਰਤ ਸਭ ਕੋਇ।

ਇਕ ਅਕਾਲ ਪੁਰਖ ਹੀ ਮਨੁੱਖ ਲਈ ਸਹਾਰਾ ਰਹਿ ਜਾਂਦਾ ਹੈ, ਜਦ ਸਾਰੇ ਸਹਾਰੇ ਟੁੱਟ ਜਾਣ।

ਇਸ ਤਰ੍ਹਾਂ ਦੇ ਪਰਮ-ਮਿੱਤਰ ਤੇ ਪਰਮ-ਸ਼ਕਤੀ ਨਾਲ ਜੁੜਨ ਦਾ ਵਸੀਲਾ ਕੇਵਲ ਜਪ ਹੈ।

ਜਪ ਕਿਵੇਂ ਕਰੀਏ ? ਹੁਣ ਇਸ 'ਤੇ ਵਿਚਾਰ ਕਰੀਏ।

ਇਕ ਧੁਨ ਬਾਰ ਬਾਰ ਅਲਾਪਣੀ, ਇਸ ਨੂੰ ਜਪ ਕਹਿੰਦੇ ਹਨ। ਬੱਚੇ ਸਕੂਲ ਵਿਚ ਪਹਾੜੇ (ਹਿਸਾਬ ਗਿਣਤੀ) ਨੂੰ ਰਟਦੇ ਹਨ, ਜਪਦੇ ਹਨ। ਉਨ੍ਹਾਂ ਨੂੰ ਪਹਾੜੇ ਜਪਾਏ ਜਾਂਦੇ ਹਨ।

ਅਸੀਂ ਧਾਰਮਿਕ ਦੁਨੀਆ ਵਿਚ ਬੱਚੇ ਹਾਂ। ਬੱਚੇ ਦੀ ਬੁੱਧ ਅਜੇ ਛੋਟੀ ਹੈ ਤੇ ਉਸ ਨੂੰ ਗਣਿਤ ਦਾ ਜਪ ਕਰਵਾ ਕੇ ਗਿਣਤੀ ਨੂੰ ਉਸ ਦੀ ਬੁੱਧੀ ਦਾ ਅੰਗ ਬਣਾਇਆ ਜਾਂਦਾ ਹੈ। ਪਰਮਾਤਮਾ ਦੇ ਸਾਹਮਣੇ ਅਸੀਂ ਸਾਰੇ ਬੱਚੇ ਹੀ ਹਾਂ। ਉਸ ਦੀ ਅਸੀਮ ਹੋਂਦ ਦੇ ਸਾਹਮਣੇ ਸਾਡੀ ਮਤ ਬਿਲਕੁਲ ਥੋੜੀ ਹੈ:

**ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥**

*(ਬਿਹਾਗੜਾ ਮ: ੫, ਪੰਨਾ 547)*

ਅਕਾਲ ਪੁਰਖ ਸਾਡੀ ਮਤ ਬੁੱਧ ਦਾ ਹਿੱਸਾ ਬਣੇ ਤਾਂ ਉਸ ਦੇ ਨਾਮ ਨੂੰ ਰਟਨਾ ਪਵੇਗਾ, ਉਹ ਨਾਮ ਪ੍ਰਾਣਾਂ ਦਾ ਹਿੱਸਾ ਬਣੇ।

ਸਾਹਿਤਕ ਦੁਨੀਆ ਵਿਚ ਬਾਰ ਬਾਰ ਕਿਸੇ ਇਕ ਸ਼ਬਦ ਨੂੰ ਦੁਹਰਾਉਣਾ ਦੋਸ਼ ਮੰਨਿਆ ਗਿਆ ਹੈ, ਜਿਸ ਨੂੰ ਪੁਨਰੁਕਤੀ ਦੋਸ਼ ਕਹਿੰਦੇ ਹਨ, ਪਰ ਜਗਤ-ਜੀਵਨ ਵਿਚ ਇਹ ਧਾਰਨਾ ਬਿਲਕੁਲ ਗ਼ਲਤ ਸਾਬਤ ਹੁੰਦੀ ਹੈ। ਜਗਤ-ਜੀਵਨ ਤਾਂ ਸਾਰਾ ਹੀ ਪੁਨਰੁਕਤੀ 'ਤੇ ਖੜਾ ਹੈ। ਸੁਆਸ ਬਾਰ ਬਾਰ ਚੱਲ ਰਹੇ ਹਨ। ਅਸੀਂ ਕਦੇ ਸੁਆਸਾਂ ਦੇ ਬਾਰ ਬਾਰ ਚੱਲਣ ਨੂੰ ਪੁਨਰੁਕਤੀ ਦੋਸ਼ ਨਹੀਂ ਆਖਿਆ। ਸੁਆਸਾਂ ਦਾ ਪੁਨਰੁਕਤੀ ਹੋਣਾ ਹੀ ਤਾਂ ਜੀਵਨ ਹੈ। ਨਬਜ਼, ਨਾੜੀ, ਰਕਤ ਵੀ ਬਾਰ ਬਾਰ ਦੌਰਾ ਕਰ ਰਿਹਾ ਹੈ। ਦਿਲ ਬਾਰ ਬਾਰ ਧੜਕ ਰਿਹਾ ਹੈ। ਪਾਣੀ ਬਾਰ ਬਾਰ ਪੀਣਾ ਪੈਂਦਾ ਹੈ। ਭੋਜਨ ਬਾਰ ਬਾਰ ਕਰਨਾ ਪੈਂਦਾ ਹੈ ਤੇ ਜੀਵਨ-ਭਰ ਬਾਰ ਬਾਰ ਕਰਨਾ ਪੈਂਦਾ ਹੈ। ਪੁਨਰੁਕਤ ਕੀਤੇ ਬੋਲਾਂ ਨੂੰ ਤੇ ਕਰਮਾਂ ਨੂੰ ਕੱਢ ਦੇਈਏ ਭਾਵ ਪੁਨਰੁਕਤ ਨਾ ਕਰੀਏ ਤਾਂ ਪਰਿਵਾਰ ਦੇ ਸੰਬੰਧ ਅੱਜ ਹੀ ਟੁੱਟ ਜਾਣਗੇ। ਦਿਨ ਬਾਰ ਬਾਰ ਤੇ ਰਾਤ ਵੀ ਬਾਰ ਬਾਰ ਆਂਵਦੀ ਹੈ—ਜਨਮ ਬਾਰ ਬਾਰ, ਮਰਨ ਬਾਰ ਬਾਰ ਸੰਸਾਰ ਦੀ ਕ੍ਰਿਆ ਹੈ।

ਜਗਤ ਦਾ ਜੀਵਨ ਸਾਰਾ ਪੁਨਰੁਕਤੀ 'ਤੇ ਖੜਾ ਹੈ। ਪਰਮਾਤਮਾ ਦਾ ਨਾਮ ਬਾਰ ਬਾਰ ਰਟਨ ਕਰਦਿਆਂ ਉਸ ਦੀ ਯਾਦ ਉਸ ਦੀ ਸਿਮਰਤੀ ਬਣਦੀ ਹੈ। ਜੋ ਯਾਦ ਵਿਚ ਹੈ, ਚੇਤੇ-ਸਿਮਰਤੀ ਵਿਚ ਹੈ, ਉਸੇ ਨਾਲ ਹੀ ਸਾਡਾ ਸੰਬੰਧ ਹੈ। ਚੇਤੇ ਵਿੱਚੋਂ ਨਿਕਲਦਿਆਂ ਸੰਬੰਧ ਵੀ ਟੁੱਟ ਜਾਂਦਾ ਹੈ। ਭੋਜਨ ਦੀ ਬੁਰਕੀ ਮੂੰਹ ਰਾਹੀਂ ਅੰਦਰ ਜਾ ਕੇ ਖ਼ੂਨ, ਮਿੱਝ, ਮਾਸ ਬਣਦੀ ਹੈ, ਸਰੀਰ ਦੀ ਸ਼ਕਤੀ ਬਣਦੀ ਹੈ। ਭਜਨ (ਜਪ) ਕੰਨਾਂ ਰਾਹੀਂ ਅੰਦਰ ਪ੍ਰਵੇਸ਼ ਕਰ ਸਕਦਾ ਹੈ। ਰਸਨਾ

ਉਚਾਰਨ ਕਰੇ ਤੇ ਕੰਨ ਸੁਣਨ, ਏਹੀ ਸ਼ਬਦ-ਸੁਰਤ ਦਾ ਮੇਲ ਹੈ ਤੇ ਸ਼ਬਦ-ਸੁਰਤ ਦਾ ਮੇਲ ਹੀ ਗੁਰੂ ਸਿੱਖ ਦਾ, ਭਗਤ ਭਗਵਾਨ ਦਾ ਮੇਲ ਹੈ :

**ਸ੍ਰਵਨ ਗੋਬਿੰਦ ਗੁਨ ਸੁਨਉ ਅਰੁ ਗਾਉ ਰਸਨਾ ਗੀਤਿ ॥**

*(ਸੋਰਠਿ ਮ: ੯, ਪੰਨਾ 631)*

ਸੁਣਨਾ ਸੁਰਤ (ਧਿਆਨ) ਨੇ ਹੈ। ਇਕ ਮਨੁੱਖ ਉੱਚੀ ਉੱਚੀ ਬੋਲ ਰਿਹਾ ਹੁੰਦਾ ਹੈ, ਦੂਜਾ ਸੁਣ ਰਿਹਾ ਹੈ। ਅਚਨਚੇਤ ਸੁਣਨ ਵਾਲਾ ਕਹਿ ਉਠਦਾ ਹੈ ਕਿ ਮਿੱਤਰ! ਇਹ ਗੱਲ ਫਿਰ ਆਖ, ਮੈਂ ਨਹੀਂ ਸੁਣੀ। ਪਰ ਸਵਾਲ ਪੈਦਾ ਹੁੰਦਾ ਹੈ, ਕਿਉਂ ਨਹੀਂ ਸੁਣੀ ? ਜਦ ਕਿ ਬੋਲਣ ਵਾਲਾ ਉੱਚੀ ਉੱਚੀ ਬੋਲ ਰਿਹਾ ਹੈ, ਸੁਣਨ ਵਾਲੇ ਦੇ ਕੰਨ ਵੀ ਠੀਕ ਹਨ, ਫਿਰ ਕਿਉਂ ਨਹੀਂ ਸੁਣੀ ? ਤਾਂ ਸੁਣਨ ਵਾਲਾ ਕਹਿੰਦਾ ਹੈ ਕਿ ਮੇਰਾ ਧਿਆਨ ਕਿਸੇ ਹੋਰ ਪਾਸੇ ਚਲਾ ਗਿਆ ਸੀ। ਸੁਰਤ ਕਿਸੇ ਹੋਰ ਪਾਸੇ ਸੀ ਤੇ ਸੁਣਨਾ ਸੁਰਤ ਨੇ ਹੈ, ਧਿਆਨ ਨੇ ਹੈ। ਵਾਹਿਗੁਰੂ ਵਾਹਿਗੁਰੂ ਸ਼ਬਦ ਦਾ ਉਚਾਰਨ ਕਰਨਾ ਤੇ ਉਸ ਨੂੰ ਸੁਣਨਾ, ਇਹੀ ਧੁਨ ਧਿਆਨ ਦੀ ਸਾਧਨਾ ਹੈ, ਤੇ ਇਸ ਨੂੰ ਹੀ ਸ਼ਬਦ ਸੁਰਤ ਦਾ ਮੇਲ ਕਹਿੰਦੇ ਹਨ। ਔਰ ਇਸ ਤਰ੍ਹਾਂ ਜਪ ਕਰਨਾ ਸ਼ੁਰੂ ਸ਼ੁਰੂ ਵਿਚ ਬਹੁਤ ਔਖਾ ਹੈ :

**ਆਖਣਿ ਅਉਖਾ ਸਾਚਾ ਨਾਉ ॥** *(ਆਸਾ ਮ: ੧, ਪੰਨਾ 9)*

ਉਂਞ ਤਾਂ ਵਾਹਿਗੁਰੂ ਵਾਹਿਗੁਰੂ ਆਖਣਾ ਕੋਈ ਔਖਾ ਨਹੀਂ ਹੈ ਪਰ ਜਪ ਕਰਦਿਆਂ ਹੋਇਆਂ ਪੂਰਨ ਧਿਆਨ ਨਾਲ ਸੁਣਨਾ ਇਹ ਅਤਿਅੰਤ ਔਖਾ ਹੈ। ਇਹ ਮਨੁੱਖ ਇਕ ਮਿੰਟ ਵੀ ਨਹੀਂ ਕਰ ਸਕੇਗਾ। ਉਚਾਰਨ ਕੀਤੇ ਨਾਮ ਨੂੰ ਸੁਣਨਾ ਏਹੀ ਗੁਰਮਤਿ ਵਿਚ ਨਾਮ ਜਪਣ ਦੀ ਸਾਧਨਾ ਹੈ ਤੇ ਸੁਣਨ ਨਾਲ ਹੀ ਸਾਰੇ ਦੁਖ ਪਾਪ ਨਾਸ ਹੋ ਜਾਂਦੇ ਹਨ। ਤੇ ਸੁਣ ਤਾਂ ਹੀ ਸਕਾਂਗੇ ਜੇ ਸੁਰਤ ਹੋਵੇ, ਧਿਆਨ ਹੋਵੇ :

**ਨਾਨਕ ਭਗਤਾ ਸਦਾ ਵਿਗਾਸੁ ॥**
**ਸੁਣਿਐ ਦੂਖ ਪਾਪ ਕਾ ਨਾਸੁ ॥** *(ਜਪੁਜੀ)*

ਬਾਣੀ ਪੜ੍ਹਨਾ ਵਿਚਾਰਨਾ ਹੈ। ਪੜ੍ਹਨ ਦੀ ਕੋਈ ਬਹੁਤੀ ਲੋੜ ਨਹੀਂ। ਇਕ ਦੋ ਦਫ਼ਾ ਪੜ੍ਹੀ, ਵਿਚਾਰ ਲਈ ਬਹੁਤੀ ਹੈ। ਪਰ ਬਾਣੀ ਰੋਮ ਰੋਮ ਵਿਚ ਵੱਸੇ, ਬਾਣੀ ਜੀਵਨ ਦਾ ਅੰਗ ਬਣੇ ਤਾਂ ਜਪਣੀ ਪਵੇਗੀ :

**ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥**
**ਸਾਧੂ ਜਨ ਰਾਮੁ ਰਸਨ ਵਖਾਣੀ ॥** *(ਗਉੜੀ ਮ: ੫, ਪੰਨਾ 192)*

ਸ਼ਬਦ ਦਾ ਜ਼ਬਾਨ ਨਾਲ ਉਚਾਰਨ ਤੇ ਕੰਨਾਂ ਨਾਲ ਸੁਣਨਾ ਇਹ ਸਾਧਨਾ ਜਦ ਆਪਣੇ ਆਪ ਵਿਚ ਪੂਰਨ ਹੋ ਜਾਂਦੀ ਹੈ ਤਾਂ ਸਹਿਜੇ ਸਹਿਜੇ ਸ਼ਬਦ ਸੁਆਸਾਂ ਵਿਚ ਵੱਸਣਾ ਆਰੰਭ ਹੋ ਜਾਂਦਾ ਹੈ।

ਹੁਣੇ ਹੀ ਜਿਵੇਂ ਸਰੀਰ ਵਿਚ ਪ੍ਰਾਣ ਸੁਤੇ-ਸਿੱਧ ਚੱਲ ਰਹੇ ਹਨ, ਤਿਵੇਂ ਹੀ ਜਾਪ ਚੱਲ ਰਿਹਾ ਹੈ:

**ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥**

*(ਬਿਲਾਵਲੁ ਮ: ੧, ਪੰਨਾ 795)*

ਇਸੇ ਨੂੰ ਹੀ ਅਜਪਾ ਜਾਪ ਆਖਿਆ ਹੈ:

**ਜਾਪ ਸੁ ਅਜਪਾ ਜਾਪੈ॥** *(ਸ਼ਬਦ ਹਜ਼ਾਰੇ, ਪਾਤਿਸ਼ਾਹੀ ੧੦)*

ਹੁਣ ਉਠਦਿਆਂ ਬੈਠਦਿਆਂ ਇਹ ਅਜਪਾ ਜਾਪ ਜਾਰੀ ਹੈ। ਇਸ ਅਵਸਥਾ ਵਿਚ ਪੁੱਜਦਿਆਂ ਤਮਾਮ ਜਨਮਾਂ ਦਾ ਲੇਖਾ ਮੁੱਕ ਜਾਂਦਾ ਹੈ। ਸਾਰੇ ਸੰਸਕਾਰ ਜੋ ਜਨਮ ਮਰਨ ਦਾ ਮੂਲ ਹਨ, ਮਿਟ ਜਾਂਦੇ ਹਨ:

**ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥**

*(ਜੈਤਸਰੀ ਮ: ੪, ਪੰਨਾ 698)*

ਅਜਪਾ ਜਾਪ ਦੇ ਇਸ ਵੇਗ ਨਾਲ ਸਾਰੇ ਪਾਪ ਧੁਲ ਜਾਂਦੇ ਹਨ। ਜਨਮਾਂ-ਜਨਮਾਂਤਰਾਂ ਦੇ, ਸੰਸਕਾਰਾਂ ਦੇ ਕਾਗਜ਼ ਫਟ ਜਾਂਦੇ ਹਨ ਤੇ ਸੰਸਕਾਰਾਂ ਦੇ ਬੀਜ ਦੇ ਨਾਸ ਹੁੰਦਿਆਂ ਜਨਮ-ਮਰਨ ਦਾ ਗੇੜ ਮੁੱਕ ਜਾਂਦਾ ਹੈ:

**ਹਰਿ ਕੇ ਨਾਮ ਕਬੀਰ ਉਜਾਗਰ॥**
**ਜਨਮ ਜਨਮ ਕੇ ਕਾਟੇ ਕਾਗਰ॥** *(ਆਸਾ, ਸ੍ਰੀ ਰਵਿਦਾਸ ਜੀ, ਪੰਨਾ 487)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬਾਣੀ ਜਪੁ ਹੈ। ਗੁਰੂ ਨਾਨਕ ਦੇਵ ਜੀ ਦਾ ਪਹਿਲਾ ਉਪਦੇਸ਼ ਜਪੁ ਹੈ। ਅਕਾਲ ਪੁਰਖ ਖ਼ਸਮ ਵਲੋਂ ਪਹਿਲੇ ਜੋ ਬੋਲ ਉਤਰੇ, ਉਹ ਜਪ ਹਨ। ਜਪ ਕਿਸ ਦਾ ਕਰਨਾ ਹੈ ਜਾਂ ਕਦੋਂ ਕਰਨਾ ਹੈ ਤੇ ਜਪ ਕਿਵੇਂ ਕਰਨਾ ਹੈ? ਇਹ ਜਪੁਜੀ ਵਿਚ ਪਾਤਸ਼ਾਹ ਨੇ ਦੱਸਿਆ ਹੈ। ਜਪ ਸੱਚ ਦਾ ਕਰਨਾ ਹੈ:

**ਆਦਿ ਸਚੁ ਜੁਗਾਦਿ ਸਚੁ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥** *(ਜਪੁਜੀ)*

ਜਪ ਅੰਮ੍ਰਿਤ ਵੇਲੇ ਕਰਨਾ ਹੈ:

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥** *(ਜਪੁਜੀ)*

ਜਪ ਰਸਨਾ ਨਾਲ ਕਰਨਾ ਹੈ:

**ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥**
**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥**
**ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥** *(ਜਪੁਜੀ)*

ਪਰਮਾਤਮਾ ਦੇ ਦਰ ਦੀਆਂ ਇਹ ਪਉੜੀਆਂ ਹਨ।

ਰਸਨਾ ਜਗਦੀਸ਼ ਦਾ ਨਾਮ ਵਾਹਿਗੁਰੂ ਵਾਹਿਗੁਰੂ ਉਚਾਰਨ ਕਰੀ ਜਾਵੇ, ਕਰੀ ਜਾਵੇ, ਇਕ ਦਿਨ ਇਹ ਉਚਾਰਨ, ਇਹ ਨਾਮ ਪ੍ਰਾਣਾਂ ਵਿਚ ਸਮਾ, ਪ੍ਰਭੂ ਵਿਚ ਲੀਨ ਕਰ ਦੇਂਦਾ ਹੈ। ਸਮੂਹ ਗੁਰਬਾਣੀ ਨਾਮ ਹੈ ਤੇ ਨਾਮ ਜਪਣ ਦਾ ਉਪਦੇਸ਼ ਹੈ। ਗੁਰੂ-ਘਰ ਵਿਚ ਗੁਰ-ਮੰਤ੍ਰ ਵਾਹਿਗੁਰੂ ਹੈ। ਗੁਰ-ਮੰਤ੍ਰ ਹਮੇਸ਼ਾ ਅਧਿਕਾਰੀ ਨੂੰ ਹੀ ਦ੍ਰਿੜ੍ਹ ਕਰਾਇਆ ਜਾਂਦਾ ਹੈ। ਪਹਿਲੇ ਚਰਨ-ਪਾਹੁਲ ਦੇ, ਦੀਖ਼ਸ਼ਤ ਕੀਤਾ ਜਾਂਦਾ ਸੀ। ਮਸੰਦ ਵੀ ਚਰਨ-ਪਾਹੁਲ ਦੇ ਕੇ ਵਾਹਿਗੁਰੂ ਮੰਤ੍ਰ ਦ੍ਰਿੜ੍ਹ ਕਰਾਉਂਦੇ ਰਹੇ ਹਨ। ਮਸੰਦਾਂ ਦੇ ਅਹੰਕਾਰੀ ਹੋਣ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਪ੍ਰਥਾ ਬਦਲ ਦਿੱਤੀ ਤੇ ਫਿਰ ਖੰਡੇ ਦਾ ਅੰਮ੍ਰਿਤ ਛਕਾ, ਦੀਖ਼ਸ਼ਤ ਕੀਤਾ ਜਾਂਦਾ ਰਿਹਾ ਹੈ। ਦੀਖ਼ਸ਼ਤ ਕਰਨ ਦੀ ਹਰ ਧਰਮ ਵਿਚ ਆਪਣੀ ਆਪਣੀ ਪਰੰਪਰਾ ਹੈ।

ਗੁਰੂ-ਘਰ ਵਿਚ ਜਪ ਹੀ ਧਰਮ ਹੈ ਤੇ ਜਪ ਹੀ ਕਰਮ ਹੈ:

**ਜਪਹੁ ਤ ਏਕੋ ਨਾਮਾ ॥**
**ਅਵਰਿ ਨਿਰਾਫਲ ਕਾਮਾ ॥** *(ਸੂਹੀ ਮ: ੧, ਪੰਨਾ 728)*

ਜਪ ਤੋਂ ਬਿਨਾਂ ਜੋ ਕਰਮ ਤੇ ਧਰਮ ਹੈ, ਉਹ ਫੋਕਟ ਹੈ, ਪਾਖੰਡ ਹੈ:

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥**
**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥**
*(ਸੂਹੀ ਮ: ੫, ਪੰਨਾ 747)*

ਧਰਮ ਤੇ ਕਰਮ ਉਹ ਪਾਖੰਡ ਹੈ, ਜਿਸ ਵਿਚ ਜਪ ਨਹੀਂ। ਜਪ ਨੇ ਅਧਿਆਤਮ ਜੀਵਨ ਦੇਣਾ ਹੈ। ਲਿਹਾਜ਼ਾ ਜਪ ਹੀ ਸ੍ਰੇਸ਼ਟ ਧਰਮ ਹੈ ਤੇ ਜਪ ਹੀ ਨਿਰਮਲ ਕਰਮ ਹੈ। ਜਪ ਬਿਨਾਂ ਹੋਰ ਕਰਮ ਮਲੀਨ ਹਨ। ਜਪ ਤੋਂ ਹੀਨ ਧਰਮ ਪਾਖੰਡ ਹੈ:

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥** *(ਗਉੜੀ ਸੁਖਮਨੀ ਮ: ੫, ਪੰਨਾ 266)*

ਜਪ ਕਰਦਿਆਂ ਸੁਖ ਦੀ ਪ੍ਰਾਪਤੀ ਹੁੰਦੀ ਹੈ। ਜਪ ਜਨਮ-ਮਰਨ ਦਾ ਗੇੜ ਮੁਕਾ ਦੇਂਦਾ ਹੈ। ਜਪ ਗੋਪਾਲ ਦਾ ਮੇਲ ਕਰਾ ਦੇਂਦਾ ਹੈ।

**ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ ॥**
**ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ ॥**
*(ਆਸਾ ਮ: ੫, ਪੰਨਾ 457)*

**ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ,**
**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥**
*(ਬਿਹਾਗੜਾ ਮ: ੪, ਪੰਨਾ 540)*

ਸਤਿਸੰਗ ਇਸ ਵਾਸਤੇ ਕਰਨਾ ਹੈ ਕਿ ਜਪ ਕਰ ਸਕੀਏ।

ਸ਼ਬਦ ਦਾ ਉਚਾਰਨ ਕਰਨਾ ਇਹ ਧਰਤੀ ਹੈ। ਸਾਡੀ ਸੁਰਤ, ਮਨ, ਬੀਜ ਹੈ। ਮਨ-ਰੂਪੀ ਬੀਜ ਸ਼ਬਦ ਦੀ ਧਰਤੀ ਵਿਚ ਗੱਡਣਾ ਹੈ।

ਧਰਤੀ ਪਾਵਨ ਹੈ। ਮਹਾਨ ਹੈ। ਉਪਜਾਊ ਹੈ ਪਰ ਸਾਡੇ ਕੋਲ ਬੀਜ ਖੰਡਿਤ ਹੈ। ਦਲਿਆ ਹੋਇਆ ਹੈ। ਬੀਜ ਦੋਫਾੜ ਹੋ ਜਾਵੇ ਤਾਂ ਦਾਲ ਬਣ ਜਾਂਦਾ ਹੈ। ਕੋਈ ਵੀ ਕੰਮ ਕਰੀਏ, ਮਨ ਦੋ ਹਿੱਸਿਆਂ ਵਿਚ ਤਕਸੀਮ ਹੋ ਜਾਂਦਾ ਹੈ, ਜਿਸ ਨੂੰ ਦੋ ਪਾਸਿਆਂ ਦੀ ਧਾਵਨਾ (ਦੁਬਿਧਾ) ਕਹਿੰਦੇ ਹਨ :

**ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥**

*(ਆਸਾ ਦੀ ਵਾਰ, ਪੰਨਾ 468)*

ਖੰਡਿਤ ਬੀਜ, ਦਲਿਆ ਹੋਇਆ ਬੀਜ ਤਾਂ ਸਾਬਤ ਨਹੀਂ ਹੋ ਸਕਦਾ, ਪਰ ਦਲਿਆ ਮਨ ਸਾਬਤ ਹੋ ਸਕਦਾ ਹੈ, ਜਪ ਕਰਨ ਨਾਲ। ਜਿਤਨੇ ਤਕ ਬੀਜ ਸਾਬਤ ਨਾ ਹੋਵੇ, ਪੁੰਗਰਦਾ ਨਹੀਂ ਹੈ :

**ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾ ਕਉ ਕਹਾਂ ਖੁਦਾਇ ॥**

*(ਸਲੋਕ ਭਗਤ ਕਬੀਰ ਜੀ, ਪੰਨਾ 1374)*

ਇਕ ਤਾਂ ਬੀਜ ਸਾਬਤ ਹੋਵੇ, ਦੂਜਾ ਬੀਜ ਬੀਜਣ ਦੀ ਰੁੱਤ ਹੋਵੇ :

**ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥**

*(ਆਸਾ ਦੀ ਵਾਰ, ਪੰਨਾ 468)*

ਬੀਜ ਸਾਬਤ ਹੋਵੇ, ਧਰਤੀ ਸੋਧੀ ਹੋਈ ਹੋਵੇ ਪਰ ਰੁੱਤ ਠੀਕ ਨਾ ਹੋਵੇ, ਮੌਸਮ ਅਨੁਕੂਲ ਨਾ ਹੋਵੇ, ਬੇ-ਰੁੱਤਾ ਬੀਜ ਪੁੰਗਰ ਤਾਂ ਪੈਂਦਾ ਹੈ ਪਰ ਪੂਰਨ ਤੌਰ 'ਤੇ ਪ੍ਰਫੁੱਲਤ ਨਹੀਂ ਹੁੰਦਾ।

ਸੋ ਰੁੱਤ ਵੀ ਅਨੁਕੂਲ ਚਾਹੀਦੀ ਹੈ। ਕੋਈ ਵੀ ਬੀਜ ਬੀਜਣ ਦੀ ਰੁੱਤ ਸਾਲ ਵਿਚ ਇਕ ਦਫ਼ਾ ਯਾ ਦੋ ਦਫ਼ਾ ਆਂਵਦੀ ਹੈ।

ਜਪ ਕਰਨ ਦੀ ਰੁੱਤ ਭਾਵ ਮਨ-ਰੂਪੀ ਬੀਜ ਨੂੰ ਸ਼ਬਦ-ਰੂਪੀ ਧਰਤੀ ਵਿਚ ਗੱਡਣ ਦੀ ਰੁੱਤ ਕਿਤਨੀ ਦਫ਼ਾ ਆਂਵਦੀ ਹੈ।

ਨਾਮ ਜਪਣ ਦੀ ਰੁੱਤ ਹਰ ਰੋਜ਼ ਅੱਠ ਪਹਿਰਾਂ ਵਿਚ ਦੋ ਦਫ਼ਾ ਆਂਵਦੀ ਹੈ, ਜਿਸ ਨੂੰ ਸੰਧਿਆ ਕਹਿੰਦੇ ਹਨ। ਜਦ ਦਿਨ, ਦਿਨ ਨਾ ਹੋਵੇ ਤੇ ਰਾਤ, ਰਾਤ ਨਾ ਹੋਵੇ, ਉਹੀ ਰੁੱਤ ਹੈ ਨਾਮ ਜਪਣ ਦੀ।

ਜਦ ਪਹੁ ਫੁਟ ਪੈਂਦੀ ਹੈ ਅਜੇ ਰਾਤ ਪੂਰਨ ਤੌਰ 'ਤੇ ਵਿਦਾ ਨਹੀਂ ਹੋਈ ਤੇ ਦਿਨ ਵੀ ਅਜੇ ਪ੍ਰਗਟ ਨਹੀਂ ਹੋਇਆ, ਇਹ ਸਮਾਂ ਜਪ ਕਰਨ ਦਾ ਹੈ। ਅੰਮ੍ਰਿਤ ਵੇਲਾ ਅੱਠ ਪਹਿਰਾਂ ਵਿਚ ਦੋ ਦਫ਼ਾ ਆਂਵਦਾ ਹੈ, ਇਕ ਜਦ ਰਾਤ ਵਿਦਾ ਹੋਣ ਲੱਗਦੀ ਹੈ ਤੇ ਦੂਜਾ ਜਦ ਦਿਨ ਵਿਦਾ ਹੋਣ ਲੱਗਦਾ ਹੈ। ਸੂਰਜ ਡੁੱਬ ਗਿਆ ਹੈ

ਪਰ ਅਜੇ ਰਾਤ ਨਹੀਂ ਆਈ, ਚਾਨਣਾ ਮੌਜੂਦ ਹੈ ਪਰ ਦਿਨ ਵੀ ਨਹੀਂ ਹੈ। ਕਿਉਂਕਿ ਦਿਨ ਡੁੱਬ ਗਿਆ ਹੈ। ਇਹ ਦੋ ਵਕਤ ਦਾ ਨਾਮ ਜਪਣ ਦਾ ਗੁਰਸਿੱਖ ਨੂੰ ਉਪਦੇਸ਼ ਹੈ। ਇਸ ਸਮੇਂ ਦੀ ਆਪਣੀ ਵਿਸ਼ੇਸ਼ਤਾ ਹੈ ਤੇ ਨਾਮ ਜਪਣ ਵਿਚ ਸਹਾਈ ਹੈ। ਦਿਨ ਫੈਲਾਉ ਹੈ, ਪਾਸਾਰਾ ਹੈ। ਆਲ੍ਹਣਿਆਂ ਵਿਚ ਬੰਦ ਪੰਛੀ ਦਿਨ ਦੇ ਉਦੈ ਹੁੰਦਿਆਂ ਉੱਡਣ ਲੱਗ ਪੈਂਦੇ ਹਨ। ਬੰਦ ਫੁੱਲਾਂ ਦੀਆਂ ਪੰਖੜੀਆਂ ਖਿੜ ਪੈਂਦੀਆਂ ਹਨ ਭਾਵ ਪਸਰਦੀਆਂ ਹਨ। ਸੂਰਜ ਦੀਆਂ ਕਿਰਨਾਂ ਦੇ ਫੈਲਾਉ ਨਾਲ ਜੀਵਨ ਫੈਲਦਾ ਹੈ। ਨਵੇਂ ਨਵੇਂ ਨਾਮ ਜਪਣ ਵਾਲੇ ਨੂੰ ਦਿਨ ਦੇ ਵਕਤ ਨਾਲ ਜਪਣਾ ਔਖਾ ਹੋਵੇਗਾ। ਮਨ ਫੈਲੇਗਾ। ਸੰਸਾਰ ਚੇਤੇ ਆਵੇਗਾ। ਧੰਧਿਆਂ ਦੀ ਧਾਵਨਾ ਹੋਵੇਗੀ।

ਰਾਤ ਜੀਵਨ ਦਾ ਸੁਕੜਨਾ ਹੈ। ਖਿੜੇ ਪਸਰੇ ਫੁੱਲਾਂ ਦੀਆਂ ਪੰਖੜੀਆਂ ਬੰਦ ਹੋਣ ਲੱਗ ਪੈਂਦੀਆਂ ਹਨ। ਪੰਛੀ ਆਪਣੇ ਆਲ੍ਹਣਿਆਂ ਵਿਚ ਆ ਕੇ ਬੰਦ ਹੋ ਜਾਂਦੇ ਹਨ। ਰਾਤ ਸੁਕੜਨਾ ਹੈ, ਰਾਤ ਨੂੰ ਮਨੁੱਖ ਦੀ ਚੇਤਨਾ ਸੁਕੜਦੀ ਹੈ। ਸਰੀਰ ਦੀ ਸਾਰੀ ਸ਼ਕਤੀ ਸੁਕੜਦੀ ਹੈ। ਸੁਕੜਨਾ ਵਿਸ਼ਰਾਮ ਹੈ। ਹੁਣ ਸਰੀਰ ਵਿਸ਼ਰਾਮ ਮੰਗੇਗਾ।

ਵੈਦਿਕ ਗ੍ਰੰਥਾਂ ਵਿਚ ਤਾਂ ਇਤਨਾ ਵੀ ਲਿਖਿਆ ਹੋਇਆ ਹੈ ਕਿ ਰਾਤ ਨੂੰ ਮਨੁੱਖ ਦੀ ਪਾਚਨ-ਸ਼ਕਤੀ ਵੀ ਸੁਕੜਦੀ ਹੈ, ਇਸ ਵਾਸਤੇ ਰਾਤ ਨੂੰ ਭੋਜਨ ਘੱਟ ਕਰਨਾ ਚਾਹੀਦਾ ਹੈ।

ਪਰ ਅਜੋਕਾ ਮਾਹੌਲ ਤਾਂ ਐਸਾ ਹੋ ਗਿਆ ਕਿ ਬਸ ਰਾਤ ਦਾ ਭੋਜਨ (ਡਿਨਰ) ਹੀ ਉਤਸਵ ਬਣ ਗਿਆ ਹੈ। ਰਾਤ ਭਾਰਾ ਤੇ ਬਹੁਤਾ ਛਕਿਆ ਹੋਇਆ ਭੋਜਨ ਪੂਰਨ ਤੌਰ 'ਤੇ ਪਚੇਗਾ ਨਹੀਂ ਤੇ ਸਵੇਰੇ ਉੱਠਣ ਵਿਚ ਆਲਸ ਬਣਿਆ ਰਹੇਗਾ।

ਜਦ ਦਿਨ ਦਾ ਫੈਲਾਉ ਨਾ ਹੋਵੇ ਤੇ ਰਾਤ ਦਾ ਸੁਕੜਨਾ ਨਾ ਹੋਵੇ, ਉਸ ਸਮੇਂ ਨੂੰ ਸੰਧਿਆ ਆਖਦੇ ਹਨ।

ਜਿਸ ਵਕਤ ਦਿਨ ਤੇ ਰਾਤ ਦੀ ਸੰਧੀ ਹੋ ਰਹੀ ਹੁੰਦੀ ਹੈ, ਉਹ ਸੰਧੀ ਸੰਧਿਆ ਹੈ ਤੇ ਇਹ ਦੋ ਦਫ਼ਾ ਆਂਵਦੀ ਹੈ, ਇਕ ਸਵੇਰੇ ਦਾ ਅੰਮ੍ਰਿਤ ਵੇਲਾ ਤੇ ਇਕ ਸ਼ਾਮ ਦਾ ਅੰਮ੍ਰਿਤ ਵੇਲਾ। ਅਗਰ ਰੁੱਤ ਦੀ ਪਛਾਣ ਕਰ, ਉਸ ਵਕਤ ਮਨ-ਰੂਪੀ ਬੀਜ ਨੂੰ ਜੇਕਰ ਸ਼ਬਦ ਦੀ ਧਰਤੀ ਵਿਚ ਦੇ ਦਿੱਤਾ ਜਾਵੇ ਤਾਂ ਐਸਾ ਬ੍ਰਿਖਸ਼ ਜੰਮਦਾ ਹੈ, ਜਿਸ 'ਤੇ ਹਮੇਸ਼ਾ ਬਸੰਤ ਬਹਾਰ ਤੇ ਫਲਿਆ ਫੁਲਿਆ ਰਹਿੰਦਾ ਹੈ, ਉਸ 'ਤੇ ਕਦੇ ਪਤਝੜ ਨਹੀਂ ਆਂਵਦੀ। ਬਾਰਾਂ ਮਹੀਨੇ ਪ੍ਰਫੁੱਲਤ ਰਹਿੰਦਾ ਹੈ:

**ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ ॥**
**ਸੀਤਲ ਛਾਇਆ ਗਹਿਰ ਫਲ ਪੰਖੀ ਕੇਲ ਕਰੰਤ ॥**

*(ਸਲੋਕ ਕਬੀਰ, ਪੰਨਾ 1376)*

ਜਪ ਸਾਰ ਹੈ, ਜਪ ਅਧਿਆਤਮ ਜੀਵਨ ਹੈ। ਜਪ ਹੀ ਬੰਦਗੀ ਹੈ, ਜਪ ਹੀ ਜ਼ਿੰਦਗੀ ਹੈ।

# ਸਮਾਧੀ

ਮਨੁੱਖ ਦੀ ਸਾਰੀ ਭੱਜ-ਦੌੜ ਬਿਸਰਾਮ ਲਈ ਹੈ। ਬਿਸਰਾਮ-ਹੀਨ ਭੱਜ-ਦੌੜ ਤਾਂ ਮੌਤ ਹੈ। ਸਾਰੀ ਭੱਜ-ਦੌੜ ਦਾ ਲਕਸ਼ ਆਰਾਮ ਹੈ। ਆਰਾਮ ਦੀ ਚਾਹਤ ਰੋਮ ਰੋਮ ਵਿਚ ਪਰੋਈ ਹੈ। ਦਿਨ ਭਰ ਦਾ ਥੱਕਿਆ ਹਾਰਿਆ ਮਨੁੱਖ ਜਦ ਗਹਿਰੀ ਨੀਂਦ ਸੌਂਦਾ ਹੈ ਤਾਂ ਉਹ ਬਿਸਰਾਮ ਮਾਨੋ ਧਰਤੀ ਦਾ ਸਵਰਗ ਹੁੰਦਾ ਹੈ। ਬਿਸਰਾਮ ਦਾ ਮਨ ਦੀ ਹਾਲਤ ਨਾਲ ਗਹਿਰਾ ਸੰਬੰਧ ਹੈ। ਮਨ ਦਾ ਪ੍ਰਭਾਵ ਤਨ 'ਤੇ ਪੈਂਦਾ ਹੈ ਔਰ ਤਨ ਦਾ ਪ੍ਰਭਾਵ ਮਨ 'ਤੇ ਪੈਂਦਾ ਹੈ। ਕੋਈ ਚੋਟ ਲੱਗ ਜਾਵੇ, ਤਨ ਦੇ ਕਿਸੇ ਅੰਗ ਵਿਚ ਘਾਓ ਹੋਵੇ, ਦਰਦ ਹੋਵੇ ਤਾਂ ਮਨ ਪੀੜਾ ਮਹਿਸੂਸ ਕਰ, ਪੀੜਤ ਹੁੰਦਾ ਹੈ। ਮਨ ਬੇਚੈਨ ਹੋਵੇ, ਕੋਈ ਗਹਿਰੀ ਚਿੰਤਾ ਹੋਵੇ ਤਾਂ ਉਸ ਸਮੇਂ ਮਨ ਵਿਚ ਫੁਰਨਿਆਂ ਦਾ ਵੇਗ ਇਤਨਾ ਤਿੱਖਾ ਹੁੰਦਾ ਹੈ ਕਿ ਨੀਂਦ ਸੁਪਨਾ ਹੋ ਜਾਂਦੀ ਹੈ ਔਰ ਦੇਰ ਨਾਲ ਜਦ ਨੀਂਦ ਆ ਵੀ ਜਾਵੇ ਤਾਂ ਉਥਲੀ ਨੀਂਦ ਆਂਵਦੀ ਹੈ, ਜਿਸ ਨਾਲ ਸਵੇਰੇ ਮਨੁੱਖ ਆਪਣੇ ਆਪ ਨੂੰ ਥੱਕਿਆ ਟੁੱਟਿਆ ਮਹਿਸੂਸ ਕਰਦਾ ਹੈ ਕਿਉਂਕਿ ਸਰੀਰ ਨੂੰ ਪੂਰਨ ਬਿਸਰਾਮ ਨਹੀਂ ਮਿਲਿਆ। ਕਰਵਟਾਂ ਬਦਲਦਿਆਂ ਰਾਤ ਗੁਜ਼ਰੀ ਤਾਂ ਸਰੀਰ ਰਾਤ ਨੂੰ ਵੀ ਕੰਮ ਹੀ ਕਰਦਾ ਰਿਹਾ, ਜਿਸ ਕਰਕੇ ਸਰੀਰ ਦਿਨ ਨੂੰ ਟੁੱਟਿਆ ਹੋਇਆ ਮਹਿਸੂਸ ਹੁੰਦਾ ਹੈ।

ਸਮਾਧੀ ਪਰਮ ਬਿਸਰਾਮ ਹੈ। ਜਦ ਸਰੀਰ ਪੂਰਨ ਬਿਸਰਾਮ ਵਿਚ ਹੋਵੇ ਤਾਂ ਉਹ ਨੀਂਦ ਹੈ। ਜਦੋਂ ਮਨ ਬਿਸਰਾਮ ਵਿਚ ਹੋਵੇ, ਉਹ ਸਮਾਧੀ ਹੈ। ਜਿਸ ਮਨੁੱਖ ਦੀ ਨੀਂਦ ਪੂਰਨ ਨਾ ਹੋਵੇ, ਉਥੇ ਸਮਾਧੀ ਤਾਂ ਬਹੁਤ ਹੀ ਮੁਸ਼ਕਿਲ ਹੈ। ਨੀਂਦ ਇਤਨੀ ਲਾਜ਼ਮੀ ਹੈ ਕਿ ਲਗਾਤਾਰ ਜਿਸ ਨੂੰ ਤਿੰਨ ਦਿਨ ਨੀਂਦ ਨਾ ਆਵੇ, ਉਸ ਦੀ ਮੌਤ ਹੋ ਸਕਦੀ ਹੈ ਯਾ ਪਾਗਲ ਹੋ ਸਕਦਾ ਹੈ। ਥੋੜਾ ਫੁਰਨਿਆਂ ਦਾ ਵੇਗ ਮੱਧਮ ਹੋਵੇ ਤਾਂ ਨੀਂਦ ਆਂਵਦੀ ਹੈ ਤੇ ਫੁਰਨੇ ਬਿਲਕੁਲ ਮੂਲ-ਰੂਪ ਵਿਚ ਖ਼ਤਮ ਹੀ ਹੋ ਜਾਵਣ ਤਾਂ ਸਮਾਧੀ ਫਲਿਤ ਹੁੰਦੀ ਹੈ। ਫੁਰਨਿਆਂ ਦਾ ਖ਼ਤਮ ਹੋਣਾ ਹੀ ਮਨ ਦੀ ਮੌਤ ਹੈ ਤੇ ਮਨ ਦੀ ਮੌਤ ਹੀ ਸਮਾਧੀ ਹੈ।

ਅਜੋਕੇ ਯੁਗ ਵਿਚ ਜਦ ਨੀਂਦ ਗਹਿਰੀ ਖੋਹ ਰਹੀ ਹੈ ਤਾਂ ਸਮਾਧੀ ਤਾਂ ਬਹੁਤ ਦੂਰ ਦੀ ਅਵਸਥਾ ਹੈ। ਅੱਜ ਕਈ ਸੰਪੰਨ ਦੇਸਾਂ ਵਿਚ ਨੀਂਦ ਖੋਹ ਰਹੀ

ਹੈ। ਲੋਕੀਂ ਨੀਂਦ ਦੀਆਂ ਗੋਲੀਆਂ ਖਾ, ਨੀਂਦ ਲਿਆ ਰਹੇ ਹਨ। ਜੀਵਨ ਇਤਨਾ ਤਨਾਓ ਤੇ ਉਤਪਾਤ ਨਾਲ ਭਰ ਗਿਆ ਹੈ ਕਿ ਨੀਂਦ ਲਈ ਗੋਲੀਆਂ ਦੀ ਲੋੜ ਪੈ ਗਈ ਹੈ ਯਾ ਨਸ਼ਿਆਂ ਦੀ ਲੋੜ ਹੈ। ਨਸ਼ਿਆਂ ਨਾਲ, ਗੋਲੀਆਂ ਨਾਲ ਨੀਂਦ ਲਿਆਉਣੀ ਸਰੀਰ ਲਈ ਪੂਰਨ ਲਾਹੇਵੰਦ ਨਹੀਂ ਹੈ। ਵਿਗਿਆਨੀ ਨੇ ਨੀਂਦ ਦੀਆਂ ਗੋਲੀਆਂ ਤਾਂ ਬਣਾ ਲਈਆਂ ਪਰ ਸਮਾਧੀ ਦੀਆਂ ਕੋਈ ਗੋਲੀਆਂ ਨਹੀਂ ਹਨ। ਗਹਿਰੀ ਨੀਂਦ ਜਿਥੇ ਦਿਨ ਭਰ ਦਾ ਥਕੇਵਾਂ ਲਾਹ ਦੇਂਦੀ ਹੈ, ਸਮਾਧੀ ਜੀਵਨ-ਭਰ ਦੀ ਥਕਾਨ ਮਿਟਾ ਦੇਂਦੀ ਹੈ। ਸਮਾਧੀ ਉਦੋਂ ਫਲਿਤ ਹੁੰਦੀ ਹੈ ਜਦ ਕੋਈ ਵੀ ਸਮੱਸਿਆ ਨਾ ਹੋਵੇ ਤੇ ਜੀਵਨ ਵਿਚ ਤਾਂ ਅਨੰਤ ਸਮੱਸਿਆਵਾਂ ਹਨ। ਹਰ ਨਵਾਂ ਦਿਨ ਕਿਸੇ ਨਵੀਂ ਸਮੱਸਿਆ ਨੂੰ ਜਨਮ ਦੇ ਰਿਹਾ ਹੈ। ਪੁਰਾਣੀਆਂ ਸਮੱਸਿਆਵਾਂ ਦਾ ਸਮਾਧਾਨ ਮਿਲਿਆ ਨਹੀਂ, ਨਵੀਆਂ ਹੋਰ ਉਭਰ ਆਂਵਦੀਆਂ ਹਨ। ਜਿਥੇ ਸਮੱਸਿਆ ਹੈ, ਉਥੇ ਸਮਾਧੀ ਨਹੀਂ ਹੈ। ਸਮਾਧੀ ਤਾਂ ਉਥੇ ਹੈ ਜਿਥੇ ਸਮਾਧਾਨ ਹੋਵੇ। ਸਮਾਧਾਨ ਪੂਰਨ ਵਿਸ਼ਰਾਮ ਹੈ, ਜਿਥੇ ਮਨ ਮਰ ਗਿਆ ਹੈ। ਮਨ ਦੀ ਮੌਤ ਪਰਮਾਤਮਾ ਦੀ ਪ੍ਰਾਪਤੀ ਹੈ:

**ਮਨੁ ਮਾਰੇ ਧਾਤੁ ਮਰਿ ਜਾਇ॥**
**ਬਿਨੁ ਮੂਏ ਕੈਸੇ ਹਰਿ ਪਾਇ॥** *(ਗਉੜੀ ਗੁਆਰੇਰੀ ਮ: ੩, ਪੰਨਾ 159)*

**ਮਨ ਅੰਤਰਿ ਬੋਲੈ ਸਭੁ ਕੋਈ॥**
**ਮਨ ਮਾਰੇ ਬਿਨੁ ਭਗਤਿ ਨ ਹੋਈ॥** *(ਗਉੜੀ ਕਬੀਰ ਜੀ, ਪੰਨਾ 329)*

ਸਰੀਰ ਵਿਚ ਜੋ ਸਵਾਸਾਂ ਦਾ ਵੇਗ ਚੱਲ ਰਿਹਾ ਹੈ, ਇਹ ਤਨ ਦੀ ਜ਼ਿੰਦਗੀ ਹੈ। ਜੋ ਫੁਰਨਿਆਂ ਦਾ ਵੇਗ ਚੱਲ ਰਿਹਾ ਹੈ, ਇਹ ਮਨ ਦੀ ਜ਼ਿੰਦਗੀ ਹੈ। ਫੁਰਨੇ ਸੰਸਾਰਿਕ ਵਿਕਾਸ ਲਈ ਚਾਹੀਦੇ ਹਨ, ਪਰ ਪ੍ਰਮਾਰਥਿਕ ਵਿਚ ਇਹ ਬਾਧਾ ਹਨ। ਜਿਵੇਂ ਜਾਗਣਾ ਵੀ ਹੈ ਪਰ ਸੌਣਾ ਵੀ ਹੈ, ਸਿਰਫ਼ ਜਾਗਣਾ ਹੋਵੇ, ਸੌਣਾ ਖੋਹ ਜਾਵੇ ਤਾਂ ਉਹ ਘਾਤਕ ਹੈ। ਫੁਰਨਿਆਂ ਦਾ ਵੇਗ ਚੱਲੇ ਪਰ ਰੁਕੇ ਨਾ ਤਾਂ ਇਹ ਘਾਤਕ ਹੈ ਤੇ ਅਧਿਆਤਮ ਆਨੰਦ ਤੋਂ ਵਾਂਝਾ ਹੈ, ਜੀਵਨ ਦਾ ਸਾਰਾ ਸੰਤੁਲਨ ਖੋਹ ਜਾਂਦਾ ਹੈ।

ਅੰਤਮ ਸਮੇਂ ਜਦ ਸੁਆਸਾਂ ਦੀ ਡੋਰੀ ਟੁੱਟਦੀ ਹੈ ਮਗਰ ਫੁਰਨਿਆਂ ਦੀ ਡੋਰੀ ਨਾ ਟੁੱਟੀ ਤਾਂ ਐਸਾ ਮਨੁੱਖ ਫਿਰ ਜਨਮ ਲੈਂਦਾ ਹੈ। ਸੁਆਸਾਂ ਦੀ ਡੋਰੀ ਟੁੱਟਣ ਤੋਂ ਪਹਿਲੇ ਜਿਸ ਦੀ ਫੁਰਨਿਆਂ ਦੀ ਡੋਰੀ ਟੁੱਟ ਗਈ ਹੈ, ਉਹ ਜੀਵਨ-ਮੁਕਤ ਹੈ। ਉਹ ਹਰ ਵਕਤ ਪ੍ਰਭੂ ਅਕਾਲ ਪੁਰਖ ਦੀ ਰਜ਼ਾ ਵਿਚ ਰਹਿੰਦਾ ਹੈ:

**ਪ੍ਰਭ ਕੀ ਆਗਿਆ ਆਤਮ ਹਿਤਾਵੈ॥**
**ਜੀਵਨ ਮੁਕਤਿ ਸੋਊ ਕਹਾਵੈ॥** *(ਗਉੜੀ ਸੁਖਮਨੀ ਮ: ੫, ਪੰਨਾ 275)*

ਅਗਰ ਅੰਤਿਮ ਸਮੇਂ ਤਕ ਵੀ ਫੁਰਨੇ ਸ਼ਾਂਤ ਨਹੀਂ ਹੋਏ ਤਾਂ ਫਿਰ ਇਹ

ਜਨਮ ਲਵੇਗਾ। ਫੁਰਨੇ ਅਗਲੇ ਜਨਮ ਦਾ ਬੀਜ ਹਨ। ਸੁਆਸਾਂ ਦੀ ਡੋਰੀ ਟੁੱਟ ਜਾਵੇ ਤਾਂ ਲੋਕੀਂ ਕਹਿੰਦੇ ਹਨ, ਫ਼ਲਾਣਾ ਸ਼ਾਂਤ ਹੋ ਗਿਆ ਹੈ, ਪਰ ਸ਼ਾਂਤ ਤਾਂ ਉਦੋਂ ਹੁੰਦਾ ਹੈ, ਜਦ ਫੁਰਨੇ ਸ਼ਾਂਤ ਹੁੰਦੇ ਹਨ। ਫੁਰਨੇ ਸ਼ਾਂਤ ਹੁੰਦਿਆਂ ਮਨੁੱਖ ਪੂਰਨ ਹੋ ਜਾਂਦਾ ਹੈ। ਫੁਰਨੇ ਤਾਂ ਅਧੂਰੇ ਹੋਣ ਦਾ ਸਬੂਤ ਹਨ। ਮਰੇ ਹੋਏ ਨੂੰ ਲੋਕੀਂ ਕਹਿੰਦੇ ਹਨ ਪੂਰਾ ਹੋ ਗਿਆ ਹੈ, ਪਰ ਮਰ ਕੇ ਕੋਈ ਪੂਰਾ ਨਹੀਂ ਹੁੰਦਾ, ਜਿਤਨੇ ਤਕ ਜੀਂਵਦੇ-ਜੀ ਪੂਰਾ ਨਾ ਹੋਵੇ। ਜ਼ਿੰਦਗੀ ਵਿਚ ਜਿਸ ਵਸਤੂ ਦੀ ਪਕੜ ਬਹੁਤ ਜ਼ਿਆਦਾ ਹੋਵੇ ਤਾਂ ਸਾਰਾ ਦਿਨ ਉਸ ਦੇ ਫੁਰਨੇ ਚੱਲਦੇ ਹਨ। ਮਰਨ ਲੱਗਿਆਂ ਉਹੀ ਯਾਦ ਆਂਵਦੇ ਹਨ, ਜਿਨ੍ਹਾਂ ਨੂੰ ਜ਼ਿੰਦਗੀ ਭਰ ਜੀਵਨ ਦਾ ਲਕਸ਼ ਸਮਝਿਆ ਸੀ, ਸੰਸਾਰ ਦੇ ਕਿਸੇ ਪੱਖ ਦੀ ਯਾਦ ਅਗਰ ਅੰਤਿਮ ਸਮੇਂ ਵੀ ਚੱਲ ਰਹੀ ਹੈ ਤਾਂ ਐਸਾ ਪ੍ਰਾਣੀ ਸੰਸਾਰ ਵਿਚ ਹੀ ਰਹਿੰਦਾ ਹੈ। ਉਸ ਦੀ ਮੌਤ ਇਕ ਹੋਰ ਨਵਾਂ ਜਨਮ ਹੁੰਦੀ ਹੈ।

**ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਸਰਪ ਜੋਨਿ ਵਲਿ ਵਲਿ ਅਉਤਰੈ ॥੧॥**
**ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ਰਹਾਉ॥**
**ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥**
**ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥**
**ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥**

*(ਗੂਜਰੀ ਸ੍ਰੀ ਤ੍ਰਿਲੋਚਨ ਜੀ, ਪੰਨਾ 526)*

ਜਿਸ ਨੇ ਜੀਵਨ ਦਾ ਨਿਸ਼ਾਨਾ ਪ੍ਰਭੂ ਨੂੰ ਰੱਖਿਆ ਤਾਂ ਪਰਮਾਤਮਾ ਦੀ ਯਾਦ ਹੀ ਜੀਵਨ ਵਿਚ ਪ੍ਰਧਾਨ ਯਾਦ ਰਹਿੰਦੀ ਹੈ। ਉਹੋ ਅੰਤਿਮ ਸਮੇਂ ਪਰਮਾਤਮਾ ਨੂੰ ਹੀ ਯਾਦ ਕਰੇਗਾ। ਪਰਮਾਤਮਾ ਦੀ ਯਾਦ ਪਰਮਾਤਮਾ ਵਿਚ ਸਦੀਵੀ ਲੀਨ ਕਰ ਦੇਵੇਗੀ।

**ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥**

*(ਗੂਜਰੀ ਸ੍ਰੀ ਤ੍ਰਿਲੋਚਨ ਜੀ, ਪੰਨਾ 526)*

ਅੰਤ ਸਮੇਂ ਨੂੰ ਇਮਤਿਹਾਨ ਮੰਨਿਆ ਗਿਆ ਹੈ। ਜੀਵਨ-ਭਰ ਜੋ ਕੁਛ ਕੀਤਾ ਹੈ, ਉਹ ਮਰਨ ਲੱਗਿਆਂ ਸਾਹਮਣੇ ਆਵੇਗਾ ਤੇ ਮੌਤ ਜੀਵਨ ਦੀ ਸਫਲਤਾ ਯਾ ਨਾਕਾਮੀ ਦਾ ਰੂਪ ਪੇਸ਼ ਕਰੇਗੀ।

ਪ੍ਰਭੂ-ਚਿੰਤਨ ਚਿੰਤਾਵਾਂ ਦਾ ਅੰਤ ਕਰਦਾ ਹੈ।

ਪ੍ਰਭੂ-ਚਿੰਤਨ ਨਾਲ ਚੰਗੀਆਂ ਮੰਗਾਂ ਦੇ ਫੁਰਨੇ ਪੂਰਨ ਹੋ ਜਾਂਦੇ ਹਨ। ਮਾੜੀਆਂ ਮੰਗਾਂ ਦੇ ਫੁਰਨੇ ਸ਼ਾਂਤ ਹੋ ਜਾਂਦੇ ਹਨ, ਇਸ ਵਾਸਤੇ ਕੋਈ ਸਮੱਸਿਆ ਨਹੀਂ। ਜਿਥੇ ਸਮੱਸਿਆ ਨਹੀਂ ਹੈ, ਉਥੇ ਸਮਾਧੀ ਹੈ। ਬੁਰੇ ਫੁਰਨੇ ਮਿਟ ਗਏ, ਚੰਗੇ ਪੂਰੇ ਹੋ ਗਏ, ਐਸੀ ਅਫੁਰ ਅਵਸਥਾ ਵਿਚ ਸਮਾਧੀ ਘਟਿਤ ਹੁੰਦੀ ਹੈ। ਜਨਮਾਂ ਜਨਮਾਂ ਦੀ ਥਕਾਨ ਦੂਰ ਹੋ ਜਾਂਦੀ ਹੈ। ਰਾਤ ਗਹਿਰੀ ਨੀਂਦ ਪਿੱਛੇ ਸਵੇਰੇ ਜੋ ਤਾਜ਼ਗੀ ਮਹਿਸੂਸ ਹੁੰਦੀ ਹੈ, ਉਹ ਨੀਂਦ ਵੱਲੋਂ ਮਿਲਿਆ ਇਕ ਮਹਾਨ ਤੋਹਫ਼ਾ ਹੈ, ਪਰ ਫੁਰਨਿਆਂ ਦੇ ਸ਼ਾਂਤ ਹੋਣ ਨਾਲ ਜਦ ਸਮਾਧੀ ਘਟਿਤ ਹੁੰਦੀ ਹੈ ਜੋ ਪਰਮ ਤਾਜ਼ਗੀ, ਹਲਕਾ-ਪਨ, ਫੁੱਲਾਂ ਦੀ ਮਹਿਕ ਦੀ ਹਲਕੀ ਜ਼ਿੰਦਗੀ ਤੇ ਵਿਸਮਾਦ ਉਪਲਬਧ ਹੁੰਦਾ ਹੈ, ਉਹ ਅਕੱਥ ਹੈ, ਕਹਿਣ ਤੋਂ ਪਰੇ ਹੈ:

**ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥**
**ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥**

*(ਕਾਨੜਾ ਮ: ੫, ਪੰਨਾ 1302)*

**ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ ॥**

*(ਰਾਮਕਲੀ ਮਹਲਾ ੫, ਪੰਨਾ 883)*

**ਕਿਆ ਕਹੀਐ ਕਿਛੁ ਕਹੀ ਨ ਜਾਇ ॥** *(ਭੈਰਉ ਮ: ੧, ਪੰਨਾ 1125)*

ਜੀਵਨ-ਧਾਰਾ ਜਦ ਪਰਮਾਤਮਾ-ਰੂਪੀ ਸਾਗਰ ਵਿਚ ਲੀਨ ਹੋ, ਪਰਮਾਤਮ ਰੂਪ ਹੋ ਜਾਂਦੀ ਹੈ, ਉਹ ਸਮਾਧੀ-ਅਵਸਥਾ ਹੈ। ਮਰੇ ਹੋਏ ਦੀ ਕਬਰ, ਮੜ੍ਹੀ ਬਣਾ ਲੋਕੀਂ ਕਹਿੰਦੇ ਹਨ, ਇਹ ਫ਼ਲਾਣੇ ਦੀ ਸਮਾਧੀ ਹੈ, ਪਰ ਸਮਾਧੀ ਧਰਤੀ ਵਿਚ ਲੀਨ ਹੋਣ ਨਾਲ ਨਹੀਂ ਮਿਲਦੀ, ਪਰਮਾਤਮਾ ਵਿਚ ਲੀਨ ਹੋਣ ਨਾਲ ਮਿਲਦੀ ਹੈ।

# ਅਰਦਾਸ

ਕੁਝ ਵਸਤੂਆਂ ਯਤਨ ਨਾਲ, ਮਿਹਨਤ ਨਾਲ ਮਿਲਦੀਆਂ ਹਨ—ਨਾ ਮਿਹਨਤ ਕਰੀਏ ਤਾਂ ਨਹੀਂ ਮਿਲਦੀਆਂ। ਮਿਹਨਤ ਨਾਲ ਜੋ ਮਿਲਦਾ ਹੈ ਉਸ ਦੀ ਸੀਮਾ ਹੈ। ਪਰਮਾਤਮਾ ਅਸੀਮ ਹੈ, ਅਗਰ ਉਹ ਵੀ ਮਿਹਨਤ ਨਾਲ ਮਿਲੇ ਤਾਂ ਪਰਮਾਤਮਾ ਦੀ ਸੀਮਾ ਹੋ ਗਈ ਤੇ ਪਰਮਾਤਮਾ ਨਾਲੋਂ ਸਾਡੀ ਮਿਹਨਤ ਵੱਡੀ ਹੋਵੇਗੀ, ਪਰਮਾਤਮਾ ਛੋਟਾ ਹੋ ਜਾਵੇਗਾ। ਮਿਹਨਤ ਪਰਮਾਤਮਾ ਦਾ ਮੁੱਲ ਹੋਵੇਗੀ। ਜਿਸ ਦਾ ਮੁੱਲ ਹੈ, ਫਿਰ ਉਹ ਅਮੁੱਲ ਨਹੀਂ ਹੋ ਸਕਦਾ।

ਇਸ ਦਾ ਇਹ ਵੀ ਮਤਲਬ ਨਹੀਂ ਹੈ ਕਿ ਮਿਹਨਤ ਦੀ ਲੋੜ ਹੀ ਨਹੀਂ। ਮਿਹਨਤ ਤਾਂ ਕਰਨੀ ਪਵੇਗੀ। ਨਾਮ ਜਪਣ ਵਾਸਤੇ ਨਾਮ-ਅਭਿਆਸੀ ਵੱਡੀ ਘਾਲਣਾ ਘਾਲਦੇ ਹਨ। ਨਾਮ ਜਪਣ ਤੋਂ ਵੱਡੀ ਹੋਰ ਕੋਈ ਘਾਲਣਾ ਨਹੀਂ ਹੋ ਸਕਦੀ :

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**

*(ਜਪੁਜੀ, ਸਲੋਕੁ, ਪੰਨਾ 8)*

ਪਰ ਮੁਸ਼ੱਕਤ ਕਰ ਕੇ, ਘਾਲਣਾ ਘਾਲ ਕੇ, ਸਿਰਫ਼ ਇਤਨਾ ਪਤਾ ਚੱਲਦਾ ਹੈ ਕਿ ਉਹ ਸਿਰਫ਼ ਘਾਲਣਾ ਨਾਲ ਨਹੀਂ ਮਿਲਦਾ, ਇਸ ਦਾ ਬੋਧ ਘਾਲਣਾ ਘਾਲ ਕੇ, ਮਿਹਨਤ ਕਰ ਕੇ ਪਤਾ ਚੱਲਦਾ ਹੈ :

**ਘਾਲ ਨ ਮਿਲਿਓ ਸੇਵ ਨ ਮਿਲਿਓ ਮਿਲਿਓ ਆਇ ਅਚਿੰਤਾ ॥**

*(ਧਨਾਸਰੀ ਮ: ੫, ਪੰਨਾ 672)*

ਪਰਮਾਤਮਾ ਪ੍ਰਸਾਦ ਨਾਲ ਮਿਲਦਾ ਹੈ। ਬਖ਼ਸ਼ਿਸ਼ ਨਾਲ ਮਿਲਦਾ ਹੈ। ਬਖ਼ਸ਼ਿਸ਼ ਲਈ ਤਾਂ ਕੇਵਲ ਅਰਦਾਸ ਹੀ ਕੀਤੀ ਜਾ ਸਕਦੀ ਹੈ। ਵਾਸ਼ਨਾ ਕਰਕੇ ਜਗਤ ਨਾਲ ਸੰਬੰਧ ਜੁੜਦਾ ਹੈ, ਪ੍ਰਾਰਥਨਾ (ਅਰਦਾਸ) ਕਰਕੇ ਜਗਤ ਦੇ ਕਰਤੇ ਨਾਲ ਸੰਬੰਧ ਜੁੜਦਾ ਹੈ। ਜਿਤਨੀ ਪ੍ਰਬਲ ਵਾਸ਼ਨਾ ਹੋਵੇ, ਉਤਨੀ ਮਨੁੱਖ ਘਾਲਣਾ ਘਾਲਦਾ ਹੈ ਤੇ ਜਿਤਨੀ ਮਿਹਨਤ ਕਰਦਾ ਹੈ, ਉਤਨਾ ਸੰਸਾਰ ਵਿਚ ਉੱਨਤ ਹੋ ਜਾਂਦਾ ਹੈ। ਅਗਾਂਹ ਵਧ ਜਾਂਦਾ ਹੈ।

ਜੋ ਮਾਰਗ ਸੰਸਾਰ ਵਿਚ ਬੁਲੰਦੀਆਂ 'ਤੇ ਲੈ ਜਾਂਦਾ ਹੈ, ਉਹੀ ਪ੍ਰਮਾਰਥ ਵਿਚ ਢਹਿੰਦੀ ਕਲਾ ਦਾ ਕਾਰਨ ਬਣਦਾ ਹੈ।

ਜਗਤ ਵਿਚ ਝੂਠਾ ਅਗਾਂਹ ਵਧ ਜਾਂਦਾ ਹੈ। ਬੇਈਮਾਨ ਕਾਫ਼ੀ ਵਿਕਾਸ ਕਰ ਲੈਂਦਾ ਹੈ, ਪਰ ਧਾਰਮਿਕ ਦੁਨੀਆ ਵਿਚ ਇਸੇ ਝੂਠ ਦੇ ਆਸਰੇ ਮਿਲੇ ਵਿਕਾਸ ਕਰਕੇ ਪੱਛੜ ਜਾਂਦਾ ਹੈ। ਅਰਦਾਸ ਦਾ ਅੰਦਰ ਜਨਮ ਹੋ ਸਕੇ, ਪ੍ਰਾਰਥਨਾ ਪ੍ਰਾਣਾਂ ਵਿੱਚੋਂ ਨਿਕਲ ਸਕੇ, ਧਾਰਮਿਕ ਘਾਲਣਾ ਸਿਰਫ਼ ਇਸ ਵਾਸਤੇ ਹੈ। ਜਪ ਕਰਨਾ, ਤਪ ਕਰਨਾ, ਸੇਵਾ ਕਰਨੀ, ਦਾਨ-ਪੁੰਨ ਕਰਨਾ, ਨਿੱਤਨੇਮ ਇਤਿਆਦਿਕ ਸਿਰਫ਼ ਅਰਦਾਸ ਪੈਦਾ ਕਰਨ ਵਾਸਤੇ ਹਨ। ਅਰਦਾਸ ਦੇ ਫੁੱਲ ਵਿੱਚੋਂ ਪਰਮਾਤਮਾ ਦਾ ਫਲ ਨਿਕਲਦਾ ਹੈ। ਕਈ ਆਪਣੀ ਘਾਲਣਾ ਦੇ ਬੀਜ ਨੂੰ ਹੀ ਸਭ ਕੁਛ ਸਮਝ ਲੈਂਦੇ ਹਨ। ਤੇ ਇੰਝ ਇਨ੍ਹਾਂ ਦਾ ਘਾਲਣਾ-ਰੂਪੀ ਬੀਜ ਨਿਸਫਲ ਚਲਾ ਜਾਂਦਾ ਹੈ। ਬੀਜ ਨੂੰ ਅਨੁਕੂਲ ਧਰਤੀ ਮਿਲੇ, ਪਾਣੀ-ਖ਼ਾਦ ਮਿਲੇ, ਦੇਖ-ਰੇਖ ਹੋਵੇ ਤਾਂ ਪ੍ਰਫੁੱਲਤ ਹੋਵੇਗਾ। ਘਾਲਣਾ (ਮਿਹਨਤ) ਦੇ ਬੀਜ ਨੂੰ ਹੀ ਸਿਰਫ਼ ਹਥੇਲੀ 'ਤੇ ਰੱਖੀ ਫਿਰਨਾ, ਇਹ ਬੀਜ ਨੂੰ ਅਜਾਈਂ ਗੁਆਉਣਾ ਹੈ। ਅੱਜ ਬ੍ਰਹਮ-ਗਿਆਨੀ ਭਗਤਾਂ ਨੇ ਇਹੀ ਆਖਿਆ ਹੈ, ਸਾਨੂੰ ਅਕਾਲ ਪੁਰਖ ਮਿਲਿਆ ਹੈ, ਪਰ ਉਸ ਦੀ ਬਖ਼ਸ਼ਿਸ਼ ਹੈ, ਉਹ ਆਪਣੀ ਕ੍ਰਿਪਾ ਕਰਕੇ, ਪ੍ਰਸਾਦ ਕਰਕੇ ਮਿਲਿਆ ਹੈ, ਪਰ ਇਨ੍ਹਾਂ ਘਾਲਣਾ ਕਠਿਨ ਘਾਲੀ ਹੈ।

ਗੁਰੂ-ਘਰ ਵਿਚ ਕੀਰਤਨ, ਕਥਾ, ਨਿੱਤਨੇਮ ਪਿੱਛੋਂ ਅਰਦਾਸ ਲਾਜ਼ਮੀ ਹੈ। ਕੀਰਤਨ ਨਿੱਤਨੇਮ ਦੀ ਸ਼ਾਖ਼ਾ ਵਿੱਚੋਂ ਅਰਦਾਸ ਦਾ ਫੁੱਲ ਨਿਕਲਦਾ ਹੈ ਤੇ ਅਰਦਾਸ ਅਖ਼ੀਰ ਵਿਚ ਹੈ। ਅਰਦਾਸ ਦਾ ਮਤਲਬ ਹੈ—ਹੇ ਅਕਾਲ ਪੁਰਖ! ਅਸੀਂ ਜੋ ਕਰ ਸਕਦੇ ਸੀ ਕੀਤਾ ਹੈ, ਹੁਣ ਤੂੰ ਆਪਣੀ ਮਿਹਰ ਕਰ, ਆਪਣੀ ਰਹਿਮਤ ਕਰ, ਸਾਡੇ ਕੋਲ ਐਸਾ ਕੁਛ ਵੀ ਨਹੀਂ ਹੈ ਜੋ ਤੇਰਾ ਮੁੱਲ ਪਾ ਸਕੀਏ। ਵੱਡੀਆਂ ਵੱਡੀਆਂ ਘਾਲਣਾ ਘਾਲਣ ਵਾਲੇ ਹੱਥ ਜੋੜ ਅਰਦਾਸ ਹੀ ਕਰਦੇ ਰਹੇ ਹਨ।

ਅਸੀਂ ਉਸ ਅਬਿਨਾਸ਼ੀ ਸ਼ਕਤੀ 'ਤੇ ਹੁਕਮ ਨਹੀਂ ਕਰ ਸਕਦੇ। ਮੁੱਲ ਨਹੀਂ ਪਾ ਸਕਦੇ, ਜੇ ਮੁੱਲ ਪਾ ਦਿੱਤਾ, ਉਹ ਤਾਂ ਸਾਡੀ ਪਕੜ ਵਿਚ ਆ ਗਿਆ। ਜੋ ਪਕੜ ਵਿਚ ਆ ਗਿਆ, ਉਸ ਨੂੰ ਪੂਜਣ ਦੀ ਲੋੜ ਨਹੀਂ। ਪੂਜਾ ਤਾਂ ਅਸੀਮ ਦੀ ਹੁੰਦੀ ਹੈ ਤੇ ਅਸੀਮ 'ਤੇ ਹੁਕਮ ਨਹੀਂ ਕੀਤਾ ਜਾ ਸਕਦਾ:

**ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥**

*(ਆਸਾ ਦੀ ਵਾਰ, ਪੰਨਾ 474)*

ਕੀਤਾ ਹੋਇਆ ਜਪ ਤਪ ਅਗਰ ਅਰਦਾਸ ਤਕ ਨਹੀਂ ਅੱਪੜਿਆ ਤਾਂ ਸਭ ਵਿਅਰਥ ਚਲਾ ਗਿਆ, ਪਰ ਇਸ ਕੀਤੇ ਹੋਏ ਜਪ ਤਪ ਤੋਂ ਜਦ ਅਰਦਾਸ ਦਾ ਜਨਮ ਹੁੰਦਾ ਹੈ ਤਾਂ ਉਹ ਅਰਦਾਸ ਕਦੇ ਵੀ ਵਿਅਰਥ ਨਹੀਂ ਜਾਂਦੀ:

**ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥**

*(ਬਿਲਾਵਲ ਮ: ੫, ਪੰਨਾ 819)*

ਅਰਦਾਸ ਜਦ ਪ੍ਰਾਣਾਂ ਵਿੱਚੋਂ ਨਿਕਲੇ, ਰੋਮ ਰੋਮ ਪ੍ਰਾਰਥਨਾ ਵਿਚ ਜੁਟ ਜਾਏ ਤਾਂ ਐਸੀ ਪ੍ਰਾਰਥਨਾ ਵਿੱਚੋਂ ਪਰਮਾਤਮਾ ਮਿਲਦਾ ਹੈ। ਅਰਦਾਸ ਖੜੇ ਹੋ ਕੇ ਕਰਨੀ ਹੈ। ਹੱਥ ਜੁੜ ਜਾਣ, ਦੀਨ-ਭਾਵ ਅੰਦਰ ਪੈਦਾ ਹੋਵੇ ਤਾਂ ਐਸੀ ਅਰਦਾਸ ਕਬੂਲ ਹੋ ਜਾਂਦੀ ਹੈ:

**ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ ॥**
**ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ ॥**

*(ਮਾਰੂ ਵਾਰ ਸਲੋਕ ਮ: ੨, ਪੰਨਾ 1093)*

**ਦੁਇ ਕਰ ਜੋੜਿ ਕਰਉ ਅਰਦਾਸਿ ॥**
**ਤੁਧੁ ਭਾਵੈ ਤਾ ਆਣਹਿ ਰਾਸਿ ॥** *(ਸੂਹੀ ਮਹਲਾ ੫, ਪੰਨਾ 737)*

ਜਿਥੇ ਮਨੁੱਖ ਆਪਣੇ ਆਪ ਨੂੰ ਪੂਰਨ ਤੌਰ 'ਤੇ ਅਸਹਾਇ, ਮਜਬੂਰ ਪਾਂਦਾ ਹੈ, ਕੋਈ ਵੱਸ ਨਹੀਂ ਚੱਲਦਾ, ਜੋ ਕੁਛ ਕੀਤਾ ਹੈ, ਉਸ ਦਾ ਕੋਈ ਮੁੱਲ ਨਹੀਂ ਦਿਖਾਈ ਦੇਂਦਾ ਤਾਂ ਐਸੀ ਹਾਲਤ ਵਿਚ ਅਰਦਾਸ ਜਨਮ ਲੈਂਦੀ ਹੈ।

ਪ੍ਰਯਤਨ ਨਾਲ ਸੰਸਾਰ ਮਿਲਦਾ ਹੈ, ਪਰ ਪ੍ਰਸਾਦ ਨਾਲ, ਬਖ਼ਸ਼ਿਸ਼ ਨਾਲ ਹੀ ਕਰਤਾਰ ਮਿਲਦਾ ਹੈ। ਤੇ ਬਖ਼ਸ਼ਿਸ਼ ਅਰਦਾਸੀਏ 'ਤੇ ਹੁੰਦੀ ਹੈ। ਅਰਦਾਸ ਵਿਚ ਅਗਰ ਸੰਸਾਰ ਦੀ ਮੰਗ ਹੈ ਤਾਂ ਉਹ ਵੀ ਅਰਦਾਸ ਨਹੀਂ ਹੈ। ਅਰਦਾਸ ਵਿਚ ਧੰਨਵਾਦ ਚਾਹੀਦਾ ਹੈ। ਧੰਨਵਾਦੀ ਹਿਰਦਾ ਅਰਦਾਸ ਕਰ ਸਕਦਾ ਹੈ। ਗਿਲਿਆਂ ਨਾਲ ਜੋ ਭਰਿਆ ਹੈ, ਉਸ ਦੇ ਪ੍ਰਾਣਾਂ ਵਿੱਚੋਂ ਅਰਦਾਸ ਨਹੀਂ ਨਿਕਲ ਸਕਦੀ।

ਹੇ ਅਕਾਲ ਪੁਰਖ! ਤੂੰ ਮਨੁੱਖਾ ਜਨਮ ਦਿੱਤਾ, ਜੀਵਨ ਬਤੀਤ ਕਰਨ ਦੇ ਵਸੀਲੇ ਦਿੱਤੇ, ਸਤਿਸੰਗ ਦਿੱਤਾ, ਮਾਂ-ਬਾਪ ਦਿੱਤੇ, ਪਵਨ-ਪਾਣੀ ਦਿੱਤਾ, ਸੂਰਜ ਦੀ ਅਗੰਮੀ ਰੋਸ਼ਨੀ ਦਿੱਤੀ। ਮੈਂ ਤਾਂ ਤੁੱਛ ਹਾਂ, ਯੋਗਤਾ ਮੇਰੀ ਕੁਛ ਵੀ ਨਹੀਂ। ਤੂੰ ਮਿਹਰਵਾਨ ਹੈਂ, ਬਹੁਤ ਬਖ਼ਸ਼ਿੰਦ ਹੈਂ, ਇਹ ਸਭ ਕੁਛ ਤੇਰੀ ਬਖ਼ਸ਼ਿਸ਼ ਹੈ। ਇਹ ਸ਼ੁਕਰਾਨਾ-ਭਾਵ ਬਣਿਆ ਰਹੇ, ਅਕਾਲ ਪੁਰਖ ਐਸੀ ਬੁੱਧ ਦੇਵੇ, ਆਦਿਕ।

ਜਦ ਇਸ ਢੰਗ ਨਾਲ ਧੰਨਵਾਦ ਦਾ ਭਾਵ ਅੰਦਰੋਂ ਉਪਜਦਾ ਹੈ ਤਾਂ ਅਰਦਾਸ ਕਬੂਲ ਹੋ ਜਾਂਦੀ ਹੈ ਤੇ ਅਰਦਾਸ ਦੇ ਇਸ ਫੁੱਲ ਵਿੱਚੋਂ ਮਿਲਾਪ ਦਾ ਫਲ ਨਿਕਲ ਆਂਵਦਾ ਹੈ। ਜੀਵਨ ਧੰਨ ਧੰਨ ਹੋ ਜਾਂਦਾ ਹੈ। ਸ਼ੁਕਰਾਨੇ ਦਾ ਭਾਵ ਤੇ ਪਰਉਪਕਾਰੀ ਬਿਰਤੀ ਰੱਖਣ ਵਾਲੇ ਜਦ ਵੀ ਅਰਦਾਸ ਕਰਦੇ ਹਨ, ਅਕਾਲ ਪੁਰਖ ਸੁਣਦਾ ਹੈ ਤੇ ਆਪਣੀ ਨੇੜ ਬਖ਼ਸ਼ਦਾ ਹੈ:

**ਸਤੁ ਸੰਤੋਖੁ ਹੋਵੈ ਅਰਦਾਸਿ ॥**
**ਤਾ ਸੁਣਿ ਸਦਿ ਬਹਾਲੇ ਪਾਸਿ ॥** *(ਰਾਮਕਲੀ ਮ: ੧, ਪੰਨਾ 878)*

# ਚਰਨ-ਰਜ

ਸਮੱਗਰ ਜੀਵਨ ਇਕ ਜੋੜ ਹੈ। ਕੋਈ ਜੀਵਨ ਉਸ ਮਹਾਂ ਜੀਵਨ ਨਾਲੋਂ ਟੁੱਟਿਆ ਹੋਇਆ ਨਹੀਂ ਹੈ ਤੇ ਟੁੱਟ ਕੇ ਰਹਿ ਵੀ ਨਹੀਂ ਸਕਦਾ। ਸਾਡੇ ਅੰਦਰ ਦੀ ਪਵਨ, ਬਾਹਰ ਦੀ ਪਵਨ ਨਾਲ ਜੁੜੀ ਹੋਈ ਹੈ। ਅਗਨ ਤੇ ਪਾਣੀ ਜੋ ਅੰਦਰ ਹੈ, ਇਸ ਦਾ ਬਾਹਰ ਨਾਲ ਸੰਬੰਧ ਹੈ। ਅਸੀਂ ਆਪਣੀ ਨਾਪ ਸਿਰਫ਼ ਪੰਜ ਯਾ ਛੇ ਫ਼ੁੱਟ ਨਾ ਸਮਝੀਏ ਕਿਉਂਕਿ ਅਸੀਂ ਬ੍ਰਹਿਮੰਡ ਦੇ ਵਿਚ ਇਸ ਤਰ੍ਹਾਂ ਹਾਂ, ਜਿਸ ਤਰ੍ਹਾਂ ਕੋਈ ਬੂੰਦ ਸਾਗਰ ਵਿਚ ਹੋਵੇ, ਜਿਵੇਂ ਰੇਤ ਦਾ ਜ਼ੱਰਾ ਸਹਾਰਾ ਮਾਰੂਥਲ ਵਿਚ ਪਿਆ ਹੋਵੇ। ਅਸੀਂ ਜੁੜੇ ਹੋਏ ਹਾਂ। ਅਗਰ ਸੂਰਜ ਨਾ ਹੋਵੇ ਤਾਂ ਵੀ ਅਸੀਂ ਨਹੀਂ ਹੋ ਸਕਦੇ। ਜੇਕਰ ਅਸੀਂ ਆਪਣੀ ਸੀਮਾ ਸੂਰਜ ਤਕ ਮੰਨ ਲਈਏ ਜੋ ਵਿਗਿਆਨ ਦੇ ਕਥਨ ਮੁਤਾਬਿਕ ਨੌਂ ਕਰੋੜ ਸੱਠ ਲੱਖ ਮੀਲ ਧਰਤੀ ਤੋਂ ਦੂਰ ਹੈ, ਤਾਂ ਇਸ ਸੂਰਜ ਦੀ ਹੋਂਦ ਕਿਸੇ ਹੋਰ ਮਹਾਂ ਸੂਰਜ ਤੋਂ ਹੈ ਤੇ ਉਹ ਮਹਾਂ ਸੂਰਜ ਕਿਸੇ ਹੋਰ ਮਹਾਂ ਸੂਰਜ ਦੇ ਅਧੀਨ ਹੈ ਤੇ ਸਿਲਸਿਲਾ ਕਿਥੇ ਖ਼ਤਮ ਹੁੰਦਾ ਹੈ, ਕੁਛ ਪਤਾ ਨਹੀਂ। ਇਸ ਵਾਸਤੇ ਗਣਿਤ ਵਿਚ ਨਹੀਂ ਲਿਆ ਸਕਦੇ, ਅਨੰਤ ਹੈ, ਅਨੰਤ ਹੈ, ਏਹੀ ਆਖ ਸਕਦੇ ਹਾਂ। ਸੋ ਅਸੀਂ ਬ੍ਰਹਿਮੰਡ ਨਾਲ ਸਮਿਲਤ ਹਾਂ। ਜਦ ਸਮਿਲਤ ਹਾਂ ਤਾਂ ਬ੍ਰਹਿਮੰਡ ਦੇ ਕਣ ਕਣ ਦਾ ਸਾਡੇ ਉੱਤੇ ਪ੍ਰਭਾਵ ਪਵੇਗਾ। ਮਨੁੱਖ ਇਕ ਐਸਾ ਸਮਾਜਕ ਤੇ ਬੌਧਿਕ ਪ੍ਰਾਣੀ ਹੈ, ਇਹ ਸਭ ਤੋਂ ਜ਼ਿਆਦਾ ਆਪਣਾ ਪ੍ਰਭਾਵ ਦੇਂਦਾ ਹੈ, ਲੈਂਦਾ ਹੈ। ਸੰਸਾਰ ਕਿਰਿਆ ਨੂੰ ਲੈਣਾ ਦੇਣਾ ਕਹਿੰਦੇ ਹਨ, ਇਹ ਬਿਲਕੁਲ ਠੀਕ ਹੈ। ਜੋ ਜਿਤਨਾ ਜ਼ਿਆਦਾ ਸੰਵੇਦਨ-ਸ਼ੀਲ ਹੈ, ਉਹ ਉਤਨਾ ਜ਼ਿਆਦਾ ਅਸਰ ਪ੍ਰਕ੍ਰਿਤੀ ਤੋਂ ਕਬੂਲਦਾ ਹੈ ਤੇ ਆਪਣਾ ਅਸਰ ਪਾਉਂਦਾ ਹੈ। ਜੋ ਜਿਤਨਾ ਦੀਰਘ-ਦ੍ਰਿਸ਼ਟ ਹੈ, ਅੰਤਰ-ਮੁਖੀ ਹੈ, ਸੰਵੇਦਨ-ਸ਼ੀਲ ਹੈ, ਉਹ ਜਗਤ ਦੇ ਸੁਖ ਦੁਖ ਨੂੰ ਬਹੁਤ ਡੂੰਘੇ ਤਲ 'ਤੇ ਮਹਿਸੂਸ ਕਰਦਾ ਹੈ। ਜਗਤ ਵਿਚ ਜਿਤਨਾ ਦੁਖ ਗੁਰੂ ਨਾਨਕ ਸਾਹਿਬ ਨੂੰ ਦਿਸਿਆ ਹੈ ਤੇ ਉਨ੍ਹਾਂ ਨੇ ਵੇਖ ਕੇ ਇਹ ਆਖ ਦਿੱਤਾ ਕਿ :

**ਨਾਨਕ ਦੁਖੀਆ ਸਭੁ ਸੰਸਾਰੁ ॥** *(ਰਾਮਕਲੀ ਕੀ ਵਾਰ, ਸਲੋਕੁ ਮ: ੧, ਪੰਨਾ 954)*

ਤਾਂ ਜਗਤ-ਜੀਵਨ ਦੇ ਸੰਬੰਧ ਵਿਚ ਬਹੁਤ ਵੱਡੀ ਸੱਚਾਈ ਹੈ। ਕੁਦਰਤ ਵਿਚ ਕਾਦਰ ਦੀ ਝਲਕ ਸੰਤ ਜਨਾਂ ਨੂੰ ਹੀ ਮਹਿਸੂਸ ਹੁੰਦੀ ਹੈ। ਇਕ ਕਵੀ ਵੀ ਜ਼ਰਾ

ਗਹਿਰੀ ਦ੍ਰਿਸ਼ਟ ਰੱਖਦਾ ਹੈ : ਪਹਾੜਾਂ ਦੀ ਬੁਲੰਦੀ, ਪੰਛੀਆਂ ਦਾ ਸੰਗੀਤ ਤੇ ਫੁੱਲਾਂ ਦੀ ਸੁੰਦਰਤਾ, ਸਾਗਰ ਦੀ ਗਰਜਨਾ ਜਿਸ ਢੰਗ ਨਾਲ ਇਕ ਕਵੀ ਸੁਣਦਾ ਤੇ ਵੇਖਦਾ ਹੈ, ਇਹ ਆਮ ਸਾਧਾਰਨ-ਜਨ ਤੋਂ ਪਰੇ ਦੀ ਗੱਲ ਹੈ। ਕਵੀ ਆਮ ਲੋਕਾਂ ਨਾਲੋਂ ਜ਼ਿਆਦਾ ਸੰਵੇਦਨ-ਸ਼ੀਲ ਹੈ, ਸੰਤ ਦੀ ਸੰਵੇਦਨਾ ਤੇ ਦ੍ਰਿਸ਼ਟੀ ਪੂਰਨ ਹੈ। ਉਹ ਜੋ ਵੇਖਦਾ ਹੈ, ਉਹ ਦੂਜਿਆਂ ਨੂੰ ਦਿਖਾਈ ਨਹੀਂ ਦੇਂਦਾ।

ਇਸ ਤਰ੍ਹਾਂ ਦਾ ਪਾਵਨ ਮਨੁੱਖ ਆਪਣੇ ਸਰੀਰ ਵਿੱਚੋਂ ਜੋ ਤਰੰਗਾਂ ਕੱਢਦਾ ਹੈ, ਉਨ੍ਹਾਂ ਦਾ ਸੂਖਸ਼ਮ ਰੂਪ ਵਿਚ ਤਾਂ ਸਾਰਿਆਂ 'ਤੇ ਪ੍ਰਭਾਵ ਪੈਂਦਾ ਹੈ ਪਰ ਪਾਣੀ ਤੇ ਮਿੱਟੀ (ਖ਼ਾਕ) 'ਤੇ ਸਭ ਤੋਂ ਜ਼ਿਆਦਾ ਅਸਰ ਪੈਂਦਾ ਹੈ।

ਮਿੱਟੀ ਤੇ ਪਾਣੀ ਉਨ੍ਹਾਂ ਲਹਿਰਾਂ ਨੂੰ ਆਪਣੇ ਵਿਚ ਆਤਮ-ਸਾਤ ਕਰ ਲੈਂਦੇ ਹਨ। ਬਹੁਤ ਲੰਬੇ ਸਮੇਂ ਦੇ ਲੰਘਣ ਬਾਅਦ ਇਹ ਪਕੜ ਵਿਚ ਆਈ ਹੈ ਕਿ ਗੁਰਮੁਖ, ਭਗਤ, ਸੰਤ ਜਿਥੇ ਖੜਾ ਹੈ, ਉਸ ਦੀ ਚਰਨ-ਛੁਹ ਨਾਲ ਥੱਲੇ ਦੀ ਖ਼ਾਕ ਪਵਿੱਤਰ ਹੋ ਗਈ ਹੈ। ਐਸਾ ਪਾਵਨ ਮਨੁੱਖ ਅਗਰ ਸ਼ਬਦ ਉਚਾਰਨ ਕਰ ਰਿਹਾ ਹੋਵੇ, ਜਪ ਕਰ ਰਿਹਾ ਹੋਵੇ, ਤੇ ਨੇੜੇ ਪਾਣੀ ਹੋਵੇ, ਸਰੋਵਰ ਦਰਿਆ ਯਾ ਕਿਸੇ ਭਾਂਡੇ ਵਿਚ ਵੀ ਪਾਣੀ ਪਿਆ ਹੋਵੇ ਤਾਂ ਉਹ ਪਾਵਨ ਹੋ ਜਾਂਦਾ ਹੈ। ਅੰਮ੍ਰਿਤ ਹੋ ਜਾਂਦਾ ਹੈ। ਸਦੀਆਂ ਤਕ ਜਿਨ੍ਹਾਂ ਨਦੀਆਂ ਤੇ ਸਰੋਵਰਾਂ ਦੇ ਕੰਢੇ 'ਤੇ ਭਗਤ-ਜਨ ਜਪ ਕਰਦੇ ਰਹੇ ਹਨ ਤੇ ਉਨ੍ਹਾਂ ਨਦੀਆਂ ਤੇ ਸਰੋਵਰਾਂ ਨੇ ਜੋ ਉਨ੍ਹਾਂ ਜਪ ਦੀਆਂ ਤਰੰਗਾਂ ਨੂੰ ਜੋ ਆਤਮ-ਸਾਤ ਕਰ ਲਿਆ ਹੈ, ਆਪਣੇ ਅੰਦਰ ਲੀਨ ਕਰ ਲਿਆ ਹੈ, ਉਹ ਅਸਰ ਕੰਮ ਕਰ ਰਿਹਾ ਹੈ। ਤਦੇ ਤਾਂ ਇਸ ਤਰ੍ਹਾਂ ਦੇ ਸਰੋਵਰ ਯਾ ਨਦੀ ਕੋਲ ਬੈਠ ਕੇ ਅਕਾਲ ਪੁਰਖ ਚੇਤੇ ਆਂਵਦਾ ਹੈ।

ਪੰਜ ਬਾਣੀਆਂ ਦੇ ਜਾਪ ਨਾਲ ਪਾਣੀ ਅੰਮ੍ਰਿਤ ਬਣ ਜਾਂਦਾ ਹੈ, ਅਗਰ ਪੰਜੇ ਬਾਣੀਆਂ ਪੂਰਨ ਇਕਾਗਰਤਾ ਨਾਲ ਪੜ੍ਹੀਆਂ ਜਾਣ। ਚਰਨ ਅੰਮ੍ਰਿਤ ਦੇਣ ਦੀ ਪ੍ਰਥਾ ਬਹੁਤ ਪੁਰਾਣੀ ਹੈ। ਗੁਰੂ-ਘਰ ਵਿਚ ਪੂਰਨ ਤੌਰ 'ਤੇ ਪ੍ਰਚਲਿਤ ਸੀ :

**ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ ॥**

*(ਭਾਈ ਗੁਰਦਾਸ ਜੀ, ਵਾਰ 1, ਪਉੜੀ 23)*

ਸੁਦਾਮਾ ਜਦ ਸ੍ਰੀ ਕ੍ਰਿਸ਼ਨ ਜੀ ਨੂੰ ਦੀਨ-ਹੀਨ ਹਾਲਤ ਵਿਚ ਮਿਲਿਆ ਤਾਂ ਕ੍ਰਿਸ਼ਨ ਜੀ ਨੇ ਸੁਦਾਮੇ ਨੂੰ ਸਿੰਘਾਸਨ 'ਤੇ ਬਿਠਾ, ਉਸ ਦੇ ਚਰਨ ਧੋ, ਚਰਨਾਮ੍ਰਿਤ ਪੀ ਗਏ ਤੇ ਆਪਣੇ ਧੰਨ ਭਾਗ ਸਮਝੇ :

**ਚਰਣੋਦਕ ਲੈ ਪੈਰ ਧੋਇ ਸਿੰਘਾਸਣੁ ਉਤੇ ਬੈਠਾਏ ॥**

*(ਭਾਈ ਗੁਰਦਾਸ ਜੀ, ਵਾਰ 10, ਪਉੜੀ 9)*

ਆਤਮ-ਖੋਜੀਆਂ ਨੂੰ ਇਹ ਦਿੱਸ ਪਿਆ ਕਿ ਪਾਣੀ ਪਾਵਨ ਹੋ ਜਾਂਦਾ

ਹੈ। ਇਹ ਤਰਲ ਹੈ ਤੇ ਪਾਵਨ ਤਰੰਗਾਂ ਲਹਿਰਾਂ ਨੂੰ ਆਪਣੇ ਵਿਚ ਆਤਮ-ਸਾਤ ਕਰ ਲੈਂਦਾ ਹੈ। ਫਿਰ ਸਹਿਜੇ ਸਹਿਜੇ ਇਹ ਵੀ ਦਿੱਸ ਪਿਆ ਕਿ ਧੂੜ (ਖ਼ਾਕ) ਵੀ ਉਨ੍ਹਾਂ ਪਾਵਨ ਲਹਿਰਾਂ ਨੂੰ ਆਪਣੇ ਵਿਚ ਸਮੋ ਲੈਂਦੀ ਹੈ। ਇਸ ਵਾਸਤੇ ਇਸ ਤਰ੍ਹਾਂ ਦੀ ਖ਼ਾਕ (ਚਰਨ ਧੂੜੀ) ਨੂੰ ਮੱਥੇ 'ਤੇ ਲਾਇਆ ਜਾਂਦਾ ਰਿਹਾ ਹੈ। ਗੁਰੂ ਅਰਜਨ ਦੇਵ ਜੀ ਤਾਂ ਪ੍ਰਭੂ ਪਾਸ ਐਸੀ ਧੂੜ ਦੀ ਯਾਚਨਾ ਕਰਦੇ ਹਨ:

**ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥**

*(ਸਲੋਕ ਮ: 8, ਪੰਨਾ 1424)*

ਈਰਾਨ ਦੇ ਪ੍ਰਸਿੱਧ ਸੂਫ਼ੀ ਸੰਤ ਮੌਲਾਨਾ ਰੂਮੀ ਦਾ ਕਹਿਣਾ ਹੈ ਕਿ ਤੂੰ ਜੀਵਨ ਦਾ ਆਦਿ ਤੇ ਅੰਤ ਅਗਰ ਵੇਖਣਾ ਚਾਹੁੰਦਾ ਹੈਂ ਤਾਂ ਸੰਤਾਂ ਦੀ ਧੂੜੀ ਦਾ ਸੁਰਮਾ ਬਣਾ, ਆਪਣੀਆਂ ਅੱਖਾਂ ਵਿਚ ਪਾ, ਇਹ ਨਿਆਮਤ ਹੈ।

*ਸੁਰਮਾਂ ਕੁਨ ਖ਼ਾਕਿ ਔਲੀਆ।*
*ਬਬੀਨੀ ਇਬਤਦਾ ਤਾ ਇੰਤਹਾ।* *(ਮੌਲਾਨਾ ਰੂਮੀ)*

ਭਾਈ ਨੰਦ ਲਾਲ ਜੀ ਤਾਂ ਆਪਣੀ ਇੱਕੋ ਇਕ ਮੰਗ ਦੱਸਦੇ ਹਨ ਤੇ ਕਹਿੰਦੇ ਹਨ, ਬੱਸ ਏਹੀ ਆਰਜ਼ੂ ਹੈ ਕਿ ਸੰਗਤਾਂ ਦੇ ਚਰਨਾਂ ਦੀ ਖ਼ਾਕ ਬਣ ਜਾਈਏ ਯਾ ਖ਼ਾਕ ਨਸੀਬ ਹੋਵੇ।

*ਸ਼ਵਦ ਕੁਰਬਾਨੇ ਖ਼ਾਕਿ ਰਾਹਿ ਸੰਗਤ,*
*ਦਿਲਿ ਗੋਯਾ ਹਮੀਂ ਬਸ ਆਰਜ਼ੂ ਕਰਦ।* *(ਭਾਈ ਨੰਦ ਲਾਲ ਜੀ)*

ਗੰਗਾ ਦੇ ਜਲ ਨਾਲੋਂ ਵੀ ਸਾਧੂ ਦੀ ਚਰਨ-ਧੂੜ ਜ਼ਿਆਦਾ ਪਾਵਨ ਹੈ, ਭਾਵੇਂ ਮਿਥਿਹਾਸ ਅਨੁਸਾਰ ਗੰਗਾ ਵਿਸ਼ਨੂੰ ਦੇ ਚਰਨਾਂ ਦਾ ਜਲ ਹੈ, ਬ੍ਰਹਮੇ ਦੇ ਕਰ-ਮੰਡਲ ਤੇ ਸ਼ੰਕਰ ਦੇ ਮਸਤਕ ਦਾ ਜਲ ਹੈ। ਅਠਸਠ ਤੀਰਥ ਇਸੇ ਦੇ ਕੰਢੇ 'ਤੇ ਬਣੇ ਹੋਏ ਹਨ ਤੇ ਸਾਧੂ-ਜਨ ਮਹਿਮਾ ਗਾਉਂਦੇ ਆ ਰਹੇ ਹਨ, ਪਰ ਸੰਤ ਦੀ, ਗੁਰਸਿੱਖ ਦੀ ਚਰਨ-ਧੂੜ ਦੇ ਸਾਹਮਣੇ ਗੰਗਾ ਬਿਲਕੁਲ ਤੁਛ ਹੈ। ਇਕ ਗੰਗਾ ਦੀ ਤਾਂ ਗੱਲ ਹੀ ਨਹੀਂ, ਜੇ ਕਰੋੜਾਂ ਗੰਗਾ ਵਰਗੀਆਂ ਪਾਵਨ ਨਦੀਆਂ ਹੋਵਣ ਤਾਂ ਵੀ ਸਾਧੂ ਦੀ ਚਰਨ-ਧੂੜ ਦੇ ਸਾਹਮਣੇ ਕੁਛ ਵੀ ਨਹੀਂ:

**ਚਰਣੋਦਕੁ ਹੋਇ ਸੁਰਸਰੀ ਤਜਿ ਬੈਕੁੰਠ ਧਰਤਿ ਵਿਚਿ ਆਈ॥**
**ਨਉ ਸੈ ਨਦੀ ਨੜਿੰਨਵੈ ਅਠਸਠਿ ਤੀਰਥਿ ਅੰਗਿ ਸਮਾਈ॥**
**ਤਿਹੁ ਲੋਈ ਪਰਵਾਣੁ ਹੈ ਮਹਾਦੇਵ ਲੈ ਸੀਸ ਚੜਾਈ॥**
**ਦੇਵੀ ਦੇਵ ਸਰੇਵਦੇ ਜੈ ਜੈ ਕਾਰ ਵਡੀ ਵਡਿਆਈ॥**
**ਸਣੁ ਗੰਗਾ ਬੈਕੁੰਠ ਲਖ ਲਖ ਬੈਕੁੰਠ ਨਾਥਿ ਲਿਵ ਲਾਈ॥**
**ਸਾਧੂ ਧੂੜਿ ਦੁਲੰਭ ਹੈ ਸਾਧ ਸੰਗਤਿ ਸਤਿਗੁਰੁ ਸਰਣਾਈ॥**
**ਚਰਣ ਕਵਲ ਦਲ ਕੀਮ ਨ ਪਾਈ॥**

*(ਭਾਈ ਗੁਰਦਾਸ ਜੀ, ਵਾਰ 23, ਪਉੜੀ 4)*

ਦਰਬਾਰਿ-ਅਕਬਰੀ ਦਾ ਮਹਾਨ ਰਤਨ ਕਵੀ ਰਹੀਮ ਅਕਬਰ ਦੇ ਬਾਅਦ ਜਹਾਂਗੀਰ ਦੀ ਸੈਨਾ ਦੇ ਸੈਨਾਪਤੀ ਬਣੇ। ਜਹਾਂਗੀਰ ਦੇ ਤੰਗ ਸੁਭਾਅ ਨੇ ਰਹੀਮ ਦੀ ਖ਼ੁੱਲ੍ਹਦਿਲੀ ਤੇ ਖ਼ਾਸ ਕਰਕੇ ਕ੍ਰਿਸ਼ਨ-ਭਗਤੀ ਪਸੰਦ ਨਾ ਕੀਤੀ। ਆਪ ਨੂੰ ਬੇ-ਸਰੋ ਸਾਮਾਨੀ ਦੀ ਹਾਲਤ ਵਿਚ ਕੱਢ ਬਾਹਰ ਸੁੱਟਿਆ। ਰਹੀਮ ਮਧੂਕਰੀ ਮੰਗ ਮੰਗ ਆਪਣਾ ਗੁਜ਼ਾਰਾ ਕਰਦੇ ਰਹੇ :

*ਯਾ ਰਹੀਮ ਦਰ ਦਰ ਫਿਰੇ ਮਾਂਗ ਮਧੂਕਰੀ ਖਾਇ।*
*ਯਾਰੋ ਯਾਰੀ ਛੋਰ ਦੋ ਅਬ ਰਹੀਮ ਵੋਹਿ ਨਾਹਿ।*

ਵਿਚਰਦੇ ਵਿਚਰਦੇ ਰਹੀਮ ਜਦ ਚਿਤਰਕੂਟ ਪੁੱਜੇ ਤੇ ਉਥੇ ਉਨ੍ਹਾਂ ਨੂੰ ਪਤਾ ਚੱਲਿਆ ਕਿ ਇਥੇ ਕਵੀ ਤੁਲਸੀ ਰਹਿੰਦੇ ਹਨ ਤਾਂ ਆਪ ਨੇ ਉਨ੍ਹਾਂ ਨੂੰ ਮਿਲਣ ਦੀ ਠਾਨੀ।

ਤੁਲਸੀ ਨੂੰ ਵੀ ਪਤਾ ਚੱਲ ਗਿਆ ਕਿ ਕਵੀ ਰਹੀਮ ਮੈਨੂੰ ਮਿਲਣ ਆ ਰਹੇ ਹਨ। ਚਿਤਰਕੂਟ ਦੇ ਘਾਟ 'ਤੇ ਬੈਠੇ ਤੁਲਸੀ ਨੇ ਦੇਖਿਆ ਕਿ ਰਹੀਮ ਔਹ ਸਾਹਮਣੇ ਆ ਰਹੇ ਹਨ, ਦੇਵਨੇਤ ਕਿਸੇ ਰਾਜੇ ਦਾ ਹਾਥੀ ਤੁਲਸੀ ਦੇ ਨੇੜੇ ਖੜਾ ਸੀ ਤੇ ਉਹ ਧਰਤੀ ਦੀ ਧੂੜ ਸੁੰਡ ਨਾਲ ਪੁੱਟ ਪੁੱਟ ਕੇ ਆਪਣੇ ਮਸਤਕ 'ਤੇ ਪਾ ਰਿਹਾ ਸੀ ਤਾਂ ਕਵੀ ਤੁਲਸੀ ਨੇ ਕੋਲ ਆ ਗਏ ਰਹੀਮ 'ਤੇ ਇਹ ਪ੍ਰਸ਼ਨ ਖੜਾ ਕਰ ਦਿੱਤਾ :

*ਧੂਰ ਉਡਾਵਤ ਸੀਸ ਪਰ ਕਹੋ ਰਹੀਮ ਕਹਿ ਕਾਜ।*

ਇਹ ਹਾਥੀ ਹਰ ਵਕਤ ਧਰਤੀ ਦੀ ਧੂੜ ਆਪਣੇ ਮਸਤਕ 'ਤੇ ਪਾਂਦਾ ਰਹਿੰਦਾ ਹੈ, ਐਸਾ ਕਿਉਂ ਕਰਦਾ ਹੈ ? ਤਾਂ ਰਹੀਮ ਦਾ ਜਵਾਬ ਬੜਾ ਭਾਵ-ਪੂਰਤ ਹੈ :

*ਜਿਹ ਰਜਿ ਮੁਨ ਪਤਨੀ ਤਰੀ ਸੋ ਢੂੰਡਤ ਗਜ ਰਾਜ।*

ਜਿਸ ਚਰਨ-ਧੂੜ ਦਾ ਸਦਕਾ ਗੌਤਮ ਦੀ ਨਾਰ ਅਹੱਲਿਆ ਦਾ ਉੱਧਾਰ ਹੋਇਆ ਹੈ, ਇਹ ਉਸੇ ਚਰਨਾਂ ਦੀ ਧੂੜ ਲੱਭ ਰਿਹਾ ਹੈ ਤਾਂ ਤੁਲਸੀ ਭਾਵ-ਵਿਭਰ ਹੋ, ਰਹੀਮ ਨੂੰ ਗਲੇ ਲਾ, ਫਿਰ ਉਸ ਦੇ ਚਰਨਾਂ ਦੀ ਖ਼ਾਕ ਨੂੰ ਮੱਥੇ 'ਤੇ ਲਾਇਆ।

ਆਦਿ ਕਾਲ ਤੋਂ ਇਹ ਗੱਲ ਆਤਮ-ਦਰਸੀਆਂ ਦੀ ਸਮਝ ਵਿਚ ਆ ਗਈ ਸੀ ਕਿ ਚਰਨ-ਰਜ ਮਸਤਕ ਦੇ ਲੇਖ ਬਦਲ ਦੇਂਦੀ ਹੈ, ਤਨ ਪਾਵਨ ਕਰਦੀ ਹੈ, ਮਨ ਨੂੰ ਸ਼ੁਭ ਪ੍ਰੇਰਨਾ ਦੇਂਦੀ ਹੈ।

ਗੁਰੂ-ਘਰ ਵਿਚ ਤਾਂ ਆਰੰਭ ਤੋਂ ਹੀ ਚਰਨ-ਧੂੜੀ ਦੀ ਮਹਿਮਾ ਰਹੀ ਹੈ ਤੇ ਸਿੱਖ ਮਸਤਕ 'ਤੇ ਲਾ, ਆਪਣੇ ਧੰਨ-ਭਾਗ ਸਮਝਦੇ ਹਨ। ਚਰਨ-ਧੂੜੀ ਵਿਚ ਪਰਮ-ਰਸ ਤੇ ਪਰਮ-ਆਨੰਦ ਲੁਕਿਆ ਪਿਆ ਹੈ।

ਗੁਰਸਿੱਖ ਸੰਤਾਂ ਦੇ ਚਰਨਾਂ ਦੀ ਧੂੜ ਪਰਮਾਤਮਾ ਦੇ ਚਰਨਾਂ ਦੀ ਧੂੜ ਹੈ ਤੇ ਇਸ ਧੂੜੀ ਵਿਚ ਰਹਿਣਾ ਤਾਂ ਪਰਮਾਤਮਾ ਨੂੰ ਹੀ ਗਲਵੱਕੜੀ ਪਾਉਣੀ ਹੈ :

**ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ॥**

*(ਸਲੋਕ ਮ: ੫, ਪੰਨਾ 1425)*

ਚਰਨ-ਧੂੜ ਗ਼ਰੂਰ ਨੂੰ ਨਾਸ ਕਰਦੀ ਹੈ, ਨਿਰਮਾਣ ਭਾਵ ਪੈਦਾ ਕਰਦੀ ਹੈ। ਚਰਨ-ਧੂੜ ਜਪ ਤਪ ਦੀ ਪ੍ਰੇਰਨਾ ਦੇਂਦੀ ਹੈ ਤੇ ਸਰੀਰ ਪਾਵਨ ਕਰਦੀ ਹੈ। ਗੁਰੂ ਗੁਰਬਾਣੀ ਨਾਲ ਜੁੜੇ ਗੁਰਸਿੱਖਾਂ ਦੇ ਚਰਨਾਂ ਦੀ ਧੂੜ ਅਕਾਲ ਪੁਰਖ ਦੇ ਚਰਨਾਂ ਦੀ ਧੂੜ ਤੇ ਵਡਭਾਗੀਆਂ ਨੂੰ ਇਹ ਸੌਗਾਤ ਨਸੀਬ ਹੁੰਦੀ ਹੈ।

ਜਿਨ੍ਹਾਂ ਦਾ ਜੀਵਨ-ਚੋਲਾ ਨਾਮ ਨਾਲ ਰੰਗਿਆ ਹੋਇਆ ਹੈ, ਜਿਨ੍ਹਾਂ ਦੇ ਹਿਰਦੇ ਪ੍ਰਭੂ ਪਿਆਰੇ ਦੀ ਯਾਦ ਹੈ, ਜਿਨ੍ਹਾਂ ਦੀਆਂ ਅੱਖਾਂ ਸਿਰਫ਼ ਉਸ ਪਿਆਰੇ ਨੂੰ ਹੀ ਵੇਖਣ ਵਿਚ ਮੁਸ਼ਤਾਕ ਹਨ, ਉਨ੍ਹਾਂ ਦੇ ਚਰਨਾਂ ਦੀ ਧੂੜ ਦੇਹ, ਉਨ੍ਹਾਂ ਦੇ ਚਰਨਾਂ ਦੀ ਧੂੜ ਦੇਹ:

**ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥**
**ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥**

*(ਤਿਲੰਗ ਮਹਲਾ ੧, ਪੰਨਾ 722)*

# ਵਿਸਮਾਦ

ਅਦਭੁਤ ਵਿਸਮਾਦ ਇਕ ਪਰਮ ਅਵਸਥਾ ਹੈ, ਜਦ ਵੇਖੀਏ ਤੇ ਪੂਰਾ ਵੇਖ ਨਾ ਸਕੀਏ, ਸੁਣੀਏ ਔਰ ਪੂਰਾ ਸੁਣ ਨਾ ਸਕੀਏ। ਜਿਸ ਨੂੰ ਕਥਨ ਕਰੀਏ ਤੇ ਫਿਰ ਕਥਨ ਤੋਂ ਬਾਹਰ ਰਹਿ ਜਾਏ, ਅਕੱਥ ਹੋ ਜਾਵੇ, ਐਸੀ ਹਾਲਤ ਵਿਚ ਵਿਸਮਾਦ ਦਾ ਆਨੰਦ ਮਾਣੀਦਾ ਹੈ। ਵਿਸਮਾਦ ਰਸ ਮਾਨਣ ਲਈ ਗਹਿਰੀ ਦ੍ਰਿਸ਼ਟੀ ਚਾਹੀਦੀ ਹੈ ਤੇ ਗਹਿਰੀ ਦ੍ਰਿਸ਼ਟੀ ਸਾਧਨਾ ਨਾਲ ਬਣਦੀ ਹੈ। ਜੈਸੇ ਜੈਸੇ ਬੁੱਧ ਸੂਖਮ ਹੁੰਦੀ ਹੈ, ਵਿਸਮਾਦ ਦੀ ਵਰਖਾ ਹੋਣ ਲੱਗ ਪੈਂਦੀ ਹੈ। ਸੂਖਮ ਬੁੱਧ, ਬਾਰੀਕ ਦ੍ਰਿਸ਼ਟੀ ਬਹੁਤ ਘੱਟ ਮਨੁੱਖਾਂ ਕੋਲ ਹੁੰਦੀ ਹੈ।

ਪਰਮਾਤਮਾ ਤਾਂ ਅਤੀ ਸੂਖਮ ਹੈ:

**ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥**

*(ਸੂਹੀ ਮ: ੩, ਪੰਨਾ 756)*

ਜਿਸ ਦੁਆਰ ਤੋਂ ਲੰਘ ਕੇ ਪ੍ਰਭੂ-ਪ੍ਰੀਤਮ ਤਕ ਪੁੱਜਣਾ ਹੈ, ਉਹ ਮੋਖ-ਦਵਾਰ ਤਾਂ ਭਗਤ ਕਬੀਰ ਜੀ ਦੇ ਕਥਨ ਅਨੁਸਾਰ ਰਾਈ ਦੇ ਦਾਣੇ ਦੇ ਦਸਵੇਂ ਹਿੱਸੇ ਤੋਂ ਵੀ ਬਾਰੀਕ ਹੈ, ਜਿਸ ਨੂੰ ਇਸ ਮੋਟੀ ਅੱਖ-ਦ੍ਰਿਸ਼ਟ ਨਾਲ ਵੇਖਿਆ ਨਹੀਂ ਜਾ ਸਕਦਾ। ਆਮ ਕਹਾਵਤ ਹੈ ਕਿ ਫ਼ਲਾਣੇ ਦੀ ਅਕਲ ਹੈ ਕਿ ਮੱਝ ਹੈ—ਭੈਂਸ ਹੈ; ਮੋਟੀ ਅਕਲ, ਠੋਸ ਬੁੱਧ ਦੀ ਤੁਲਨਾ ਮੱਝ ਨਾਲ ਕੀਤੀ ਗਈ ਹੈ, ਕਬੀਰ ਜੀ ਹਾਥੀ ਨਾਲ ਤੁਲਨਾ ਕਰਦੇ ਹਨ:

**ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ ॥**
**ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ ॥**

*(ਸਲੋਕ ਕਬੀਰ ਜੀ, ਪੰਨਾ 1367)*

ਹਰ ਵਕਤ ਧਨ-ਸੰਪਦਾ, ਰੂਪ ਦਾ ਚਿੰਤਨ, ਅਕਲ ਮੋਟੀ ਕਰ ਦੇਂਦਾ ਹੈ ਤੇ ਜੀਵਨ ਦੀ ਸੂਖਮਤਾ ਨਾਲੋਂ ਸੰਬੰਧ ਟੁੱਟ ਜਾਂਦਾ ਹੈ। ਵਾਸਤਵਿਕ ਤਾਂ ਇਹੋ ਜਿਹੀ ਮੋਟੀ ਅਕਲ ਦਾ ਬੰਦਾ ਹੀ ਮਾਇਆਧਾਰੀ ਹੈ, ਕਿਉਂਕਿ ਸੱਚ ਸੁਣ ਨਹੀਂ ਸਕਦਾ ਤੇ ਸੱਚ ਵੇਖ ਨਹੀਂ ਸਕਦਾ। ਸੂਖਮ ਦ੍ਰਿਸ਼ਟ ਤੇ ਸੂਖਸ਼ਮ-ਸਰੋਤ ਤੋਂ ਹੀਣਾ ਹੈ, ਅਸਲ ਵਿਚ ਇਹ ਅੰਧਾ ਤੇ ਬਹਿਰਾ ਹੁੰਦਾ ਹੈ:

**ਮਾਇਆਧਾਰੀ ਅਤਿ ਅੰਨਾ ਬੋਲਾ ॥** *(ਰਾਗ ਗਉੜੀ ਵਾਰ ਮ: ੩, ਪੰਨਾ 313)*

ਵਿਸਮਾਦ-ਰਸ ਤੋਂ ਮਾਇਆਧਾਰੀ ਦਾ ਜੀਵਨ ਸੱਖਣਾ ਹੁੰਦਾ ਹੈ। ਵਿਸਮਾਦ ਅਕਾਲ ਪੁਰਖ ਦੀ ਦਿੱਤੀ ਹੋਈ ਇਕ ਮਹਾਨ ਸੌਗਾਤ ਹੈ। ਜੇ ਬੁੱਧ ਸੂਖਮ ਹੋਵੇ ਤਾਂ ਚਾਰੋਂ ਪਾਸੇ ਹੀ ਵਿਸਮਾਦ-ਰਸ ਬਿਖਰਿਆ ਪਿਆ ਹੈ।

ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ—ਪਸ਼ੂ ਦੀ ਆਵਾਜ਼, ਪੰਛੀਆਂ ਦੀ ਚਹਿ-ਚਹਾਟ, ਸਾਗਰ ਦਾ ਗਰਜਨ, ਮਨੁੱਖੀ ਵੱਖ ਵੱਖ ਬੋਲੀ ਤੇ ਧੁਨੀ ਬਾਰੀਕ-ਬੀਨ ਨੂੰ ਵਿਸਮਾਦ ਵਿਚ ਲੈ ਜਾਂਦੀ ਹੈ। ਵੱਖ ਵੱਖ ਤਰ੍ਹਾਂ ਦੇ ਜਾਨਦਾਰ ਤੇ ਹਰ ਜੀਅ ਦਾ ਜੀਅ ਨਾਲ ਤਨ ਦਾ ਤੇ ਜੀਵਨ ਸ਼ੈਲੀ ਦਾ ਭੇਦ ਤਰ੍ਹਾਂ ਤਰ੍ਹਾਂ ਦੇ ਰੂਪ ਰੰਗ, ਸੁੰਦਰਤਾ, ਪਸ਼ੂਆਂ ਦਾ ਨੰਗੇ ਹੀ ਵਿਚਰਨਾ, ਕਿਧਰੇ ਪਵਨ ਦਾ ਵੇਗ ਤੇ ਕਿਧਰੇ ਪਾਣੀ ਦੀ ਤਰਲਤਾ ਤੇ ਕਿਧਰੇ ਅਗਨੀ ਦੇ ਅਦਭੁਤ ਕੌਤਕ—ਬੌਧਿਕ ਪੁਰਸ਼ ਨੂੰ ਵਿਸਮਾਦ ਵਿਚ ਲੈ ਜਾਂਦੇ ਹਨ। ਬੁੱਧ ਸੂਖਮ ਕਰਨ ਦੀ ਸਾਧਨਾ ਕਰੀਏ, ਵਿਸਮਾਦ ਤਾਂ ਚਾਰੋਂ ਪਾਸੇ ਪਸਰਿਆ ਹੋਇਆ ਹੈ ਤੇ ਬੁੱਧ ਸੂਖਮ ਤਾਂ ਹੋਵੇਗੀ ਜੇ ਸੂਖਮ ਦਾ ਚਿੰਤਨ ਕਰੀਏ। ਹਰੀ ਅਤੀ ਸੂਖਮ ਹੈ, ਇਸ ਵਾਸਤੇ ਜੈਸੀ ਬੁੱਧ ਹਰੀ-ਚਿੰਤਨ ਕਰਨ ਵਾਲਿਆਂ ਕੋਲ ਹੁੰਦੀ ਹੈ, ਐਸੀ ਹਰ ਕਿਸੇ ਕੋਲ ਵੀ ਨਹੀਂ ਹੁੰਦੀ। ਸੂਖਮ ਬੁੱਧ ਨਾਲ ਹੀ ਅਧਿਆਤਮ ਸਿੱਧੀ ਮਿਲਦੀ ਹੈ:

**ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ॥**

*(ਗਉੜੀ ਸ੍ਰੀ ਕਬੀਰ ਜੀ, ਪੰਨਾ 339)*

**ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ॥**

*(ਟੋਡੀ ਮਹਲਾ 8, ਪੰਨਾ 711)*

ਮਨੁੱਖ ਕੋਲ ਤਿੰਨ ਤਰ੍ਹਾਂ ਦਾ ਬੋਲਣ ਦਾ ਢੰਗ ਹੈ, ਇਕ ਤਾਂ ਆਮ ਬੋਲ-ਚਾਲ ਜੋ ਗਦ ਵਿਚ ਬੋਲਣਾ ਹੈ, ਨਸਰ ਵਿਚ ਬੋਲਣਾ ਹੈ, ਆਮ ਜ਼ਿੰਦਗੀ ਵਿਚ ਗਦ ਇਸੇ ਦੀ ਹੀ ਵਰਤੋਂ ਹੈ, ਇਹ ਬੋਲ-ਚਾਲ ਵਿਵਹਾਰਿਕ ਹੈ, ਕੰਮ ਚਲਾਊ ਹੈ। ਇਕ ਹੋਰ ਬੋਲ ਹੈ ਜੋ ਪਦ ਵਿਚ ਬੋਲੇ ਜਾਂਦੇ ਹਨ। ਨਜ਼ਮ ਵਿਚ ਸ਼ਾਇਰੀ (ਕਵਿਤਾ) ਵਿਚ ਆਖੇ ਜਾਂਦੇ ਹਨ। ਨਸਰ ਨਾਲ ਨਜ਼ਮ, ਗਦ ਨਾਲੋਂ ਪਦ ਕਵਿਤਾ ਜ਼ਰਾ ਗਹਿਰੀ ਹੈ ਤੇ ਨਜ਼ਮ ਦਾ ਸ਼ਾਇਰੀ (ਕਵਿਤਾ) ਦਾ ਪ੍ਰਭਾਵ ਡੂੰਘਾ ਪੈਂਦਾ ਹੈ। ਸ਼ਾਇਰ (ਕਵੀ) ਆਮ ਜੀਵਨ ਨਾਲੋਂ ਅੱਗੇ ਹੈ, ਉਸ ਕੋਲ ਦ੍ਰਿਸ਼ਟ ਜ਼ਰਾ ਗਹਿਰੀ ਹੈ। ਜੋ ਉਸ ਨੂੰ ਦਿਖਾਈ ਦੇਂਦਾ ਹੈ, ਉਹ ਆਮ ਸਾਧਾਰਨ-ਜਨ ਨੂੰ ਨਹੀਂ ਦਿਖਾਈ ਦੇਂਦਾ। ਕਵੀ ਥੋੜੇ ਵਿਸਮਾਦ ਵਿਚ ਰਹਿੰਦਾ ਹੈ। ਰਹੱਸ ਵਿਚ ਜੀਂਵਦਾ ਹੈ, ਤਦੇ ਤਾਂ ਉਸ ਦੇ ਬੋਲ ਪਰੋਏ ਹੋਏ ਮੋਤੀ ਹੁੰਦੇ ਹਨ ਤੇ ਆਮ ਸਾਧਾਰਨ-ਜਨ ਦੇ ਹਿਰਦੇ 'ਤੇ ਵੀ ਗਹਿਰੀ ਚੋਟ ਕਰਦੇ ਹਨ। ਜਿਤਨਾ ਪ੍ਰਕ੍ਰਿਤੀ ਦੇ ਸੁਹੱਪਣ ਨੂੰ ਵੇਖ, ਇਕ ਕਵੀ ਅਨੰਦ ਮਾਣਦਾ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਸਰੀਰ ਤੋਂ ਉੱਚਾ ਉਠ ਕੇ ਬੌਧਿਕ ਤਲ

'ਤੇ ਜੀਵਨ ਵਾਲਾ ਜੋ ਵਿਅਕਤੀ ਹੈ, ਉਸ ਦੀਆਂ ਗੱਲਾਂ ਬੋਧ ਨਾਲ ਭਰੀਆਂ ਹੁੰਦੀਆਂ ਹਨ ਤੇ ਜੱਗ ਨੂੰ ਬੋਧ ਦੇਂਦੀਆਂ ਹਨ।

ਪਰ ਇਸ ਤੋਂ ਅੱਗੇ ਬੋਲਣ ਦਾ ਇਕ ਹੋਰ ਵੀ ਢੰਗ ਹੈ। ਜਿਥੇ ਗਦ ਨਹੀਂ ਤੇ ਪਦ ਵੀ ਨਹੀਂ, ਆਮ ਬੋਲ-ਚਾਲ ਤਾਂ ਨਹੀਂ ਹੈ ਪਰ ਕਵਿਤਾ ਵੀ ਨਹੀਂ ਹੈ, ਕਹਿਣ ਦਾ ਇਕ ਹੋਰ ਢੰਗ ਹੈ ਜੋ ਇਨ੍ਹਾਂ ਦੋਹਾਂ ਤੋਂ ਅੱਗੇ ਹੈ, ਉਹ ਹੈ ਵਿਸਮਾਦ, ਮੋਨ, ਚੁੱਪ।

ਅਸਚਰਜਤਾ ਵਿਚ ਆ ਕੇ ਬੋਲ ਖੋਹ ਜਾਂਦੇ ਹਨ, ਅਬੋਲ ਹੋ ਜਾਂਦਾ ਹੈ, ਉਹ ਅਬੋਲ ਅਵਸਥਾ ਵਿਸਮਾਦ ਹੈ। ਐਸੀ ਅਵਸਥਾ ਵੀ ਇਕ ਹੈ, ਜਿਥੇ ਬੋਲ ਖੋਹ ਜਾਂਦੇ ਹਨ। ਦੋ ਪ੍ਰੇਮੀ ਜਦ ਮੁੱਦਤਾਂ ਦੇ ਵਿੱਛੜੇ ਮਿਲਦੇ ਹਨ, ਉਸ ਵਕਤ ਵੀ ਅਬੋਲ ਅਵਸਥਾ ਘਟਿਤ ਹੁੰਦੀ ਹੈ। ਕੁਛ ਕਹਿਣਾ ਵੀ ਚਾਹੁੰਦੇ ਹਨ, ਕੁਛ ਕਹਿ ਵੀ ਨਹੀਂ ਸਕਦੇ। ਹਿਰਦੇ ਨੂੰ ਗਹਿਰਾ ਹੁਲਾਸ ਹੋਇਆ ਹੈ। ਉਸ ਚੋਟ ਨਾਲ ਰੋਣਾ ਨਿਕਲ ਆਇਆ ਹੈ, ਇਥੇ ਵੀ ਬੋਲ ਖੋਹ ਗਏ ਹਨ।

ਜਦ ਜਨਮਾਂ ਦਾ ਵਿੱਛੜਿਆ ਪਰਮਾਤਮਾ ਮਿਲਦਾ ਹੈ, ਉਸ ਦੇ ਮਿਲਦਿਆਂ ਜੋ ਅਬੋਲ ਅਵਸਥਾ ਬਣਦੀ ਹੈ, ਜੋ ਪਰਮ-ਅਨੰਦ ਮਿਲਦਾ ਹੈ, ਉਸ ਨੂੰ ਬੋਲ ਕੇ ਦੱਸਣਾ ਔਖਾ ਹੈ। ਬੋਲ ਬਹੁਤ ਛੋਟੇ ਹਨ। ਬੋਲਾਂ ਦੀ ਸੀਮਾ ਹੈ। ਉਹ ਅਸੀਮ ਜਦ ਆਣ ਮਿਲਦਾ ਹੈ ਤਾਂ ਸੀਮਤ ਬੋਲਾਂ ਨਾਲ ਵਰਣਨ ਕਰਨਾ ਔਖਾ ਹੋ ਜਾਂਦਾ ਹੈ:

**ਕਿਆ ਕਹੀਐ ਕਿਛੁ ਕਹੀ ਨ ਜਾਇ॥** *(ਭੈਰਉ ਮ: ੧, ਪੰਨਾ 1125)*

**ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥** *(ਜਪੁਜੀ)*

**ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ॥**
*(ਰਾਮਕਲੀ ਮ: ੫, ਪੰਨਾ 883)*

**ਹਉ ਬਿਸਮੁ ਭਈ ਜੀ ਹਰਿ ਦਰਸਨੁ ਦੇਖਿ ਅਪਾਰਾ॥**
*(ਸੂਹੀ ਮ: ੫, ਪੰਨਾ 784)*

ਅਨੰਦ ਦਾ ਸਾਗਰ ਉਮਡਿਆ ਹੈ। ਰਸਨਾ ਦੀ ਟੂਟੀ ਵਿੱਚੋਂ ਇਸ ਸਾਗਰ ਨੂੰ ਕੱਢਣਾ ਔਖਾ ਹੈ। ਵਿਸਮਾਦ ਛਾਇਆ ਰਹਿੰਦਾ ਹੈ। ਇਸ ਵਿਸਮਾਦੀ ਅਵਸਥਾ ਵਿਚ ਅਗਰ ਬੋਲ ਨਿਕਲਦੇ ਹਨ ਤਾਂ ਬੋਲ ਖ਼ਸਮ ਦੇ ਹਨ। ਇੰਜ ਕਹਿਣਾ ਚਾਹੀਦਾ ਹੈ ਕਿ ਖ਼ਸਮ ਹੀ ਬੋਲਦਾ ਹੈ:

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥**
*(ਤਿਲੰਗ ਮ: ੧, ਪੰਨਾ 722)*

ਬੋਲ-ਚਾਲ ਤਿੰਨ ਤਰ੍ਹਾਂ ਦੀ ਹੁੰਦੀ ਹੈ, ਇਕ ਤਾਂ ਦੋ ਅਗਿਆਨੀਆਂ ਦੇ ਵਿਚ ਗੁਫ਼ਤਗੂ ਹੁੰਦੀ ਹੈ, ਉਹ ਖ਼ੂਬ ਜ਼ੋਰ ਦੀ ਹੁੰਦੀ ਹੈ। ਕਈ ਦਫ਼ਾ ਸਾਰਾ ਸਾਰਾ

ਦਿਨ ਹੁੰਦੀ ਹੈ। ਉਸ ਵਿਚ ਦੋਵੇਂ ਆਪਣੀ ਆਪਣੀ ਕਹਿੰਦੇ ਹਨ, ਸੁਣਦੇ ਇਕ ਦੂਜੇ ਦੀ ਨਹੀਂ ਹਨ, ਇਸ ਵਾਸਤੇ ਉਨ੍ਹਾਂ ਦੀ ਬੋਲ-ਚਾਲ ਵਿਚ ਤਾਲ-ਮੇਲ ਨਹੀਂ ਹੋਵੇਗਾ। ਫਿਰ ਇਕ ਅਗਿਆਨੀ ਤੇ ਦੂਜੇ ਪਰਮ ਗਿਆਨੀ ਵਿਚ ਚਰਚਾ ਚੱਲਦੀ ਹੈ, ਇਕ ਸਰੋਤਾ ਹੈ, ਸੁਣਦਾ ਹੈ, ਦੂਜਾ ਬੋਲਦਾ ਹੈ।

ਇਕ ਹੋਰ ਚਰਚਾ ਦਾ ਢੰਗ ਹੈ, ਦੋ ਬ੍ਰਹਮ-ਗਿਆਨੀਆਂ ਦੀ ਚਰਚਾ, ਇਕ ਦੂਜੇ ਨੂੰ ਵੇਖ, ਦੋਵੇਂ ਚੁੱਪ ਹੋ ਜਾਣਗੇ, ਕਿਉਂਕਿ ਦੋਹਾਂ ਦਾ ਹਿਰਦਾ ਸਮਤਲ 'ਤੇ ਹੈ। ਬਰਾਬਰ ਹੈ। ਦੋ ਬ੍ਰਹਮ-ਗਿਆਨੀ ਜਦ ਮਿਲਣਗੇ ਤਾਂ ਉਨ੍ਹਾਂ ਦੀ ਵਾਰਤਾ ਨਹੀਂ ਹੋਵੇਗੀ।

ਇਹ ਇਕ ਦੂਜੇ ਨੂੰ ਜਿਤਨਾ ਜਾਣਦੇ ਹਨ, ਹੋਰ ਕੋਈ ਵੀ ਨਹੀਂ ਜਾਣਦਾ। ਪਰਮਾਤਮਾ ਨੂੰ ਮਨ ਬਾਣੀ ਬੁੱਧ ਤੋਂ ਪਰੇ ਆਖਦੇ ਹਨ। ਉਸ ਪਰਮ ਵਿਸਮਾਦ ਵਿਚ ਤਾਂ ਬਸ ਖ਼ਾਮੋਸ਼ੀ ਹੈ, ਕਹਿਣਾ ਬਣਦਾ ਹੀ ਨਹੀਂ। ਇਸ ਵਾਸਤੇ ਭਗਤਾਂ ਨੇ ਆਖਿਆ ਹੈ, ਅਸੀਂ ਉਸ ਨੂੰ ਕਿਵੇਂ ਬਿਆਨ ਕਰੀਏ। ਅਸੀਂ ਤਾਂ ਗੂੰਗੇ ਹਾਂ :

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥**

*(ਗਉੜੀ ਸ੍ਰੀ ਕਬੀਰ ਜੀ, ਪੰਨਾ 334)*

ਅਨੰਤ ਆਨੰਦ ਦਾ ਸਾਗਰ ਪ੍ਰਗਟ ਹੋਇਆ ਹੈ। ਬ੍ਰਹਿਮੰਡਾਂ ਦਾ ਮਾਲਕ ਆ ਕੇ ਬਿਰਾਜਮਾਨ ਹੋਇਆ ਹੈ, ਹੁਣ ਨਿੱਕੀ ਜਿਹੀ ਇਹ ਰਸਨਾ ਕੀ ਬਖਾਨ ਕਰੇ। ਉਥੇ ਤਾਂ ਰੋਮ ਰੋਮ ਰਸਨਾ ਬਣ ਜਾਂਦੀ ਹੈ। ਰੋਇ ਰੋਇ ਖੜੇ ਹੋ ਜਾਂਦੇ ਹਨ, ਅੱਖਾਂ ਹੀ ਦੱਸਦੀਆਂ ਹਨ। ਕੁਝ ਐਸਾ ਘਟਿਤ ਹੋਇਆ ਹੈ ਜੋ ਵਰਣਨ ਤੋਂ ਪਰੇ ਹੈ :

**ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥**
**ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥**

*(ਕਾਨੜਾ ਮ: ੫, ਪੰਨਾ 1302)*

ਪ੍ਰਸੰਨਤਾ ਹੈ, ਮੁਸਕਰਾਹਟ ਹੈ, ਖੇੜਾ, ਖ਼ੁਸ਼ੀਆਂ ਦੇ ਘਣੇ ਬੱਦਲ ਛਾਏ ਹਨ, ਪਰ ਵਰਣਨ ਤੋਂ ਪਰੇ ਹੈ, ਐਸੀ ਅਵਸਥਾ ਵਿਸਮਾਦ ਹੈ ਤੇ ਵਿਸਮਾਦ ਪਰਮ-ਰਸ ਹੈ।

# ਭੈ-ਸਾਗਰ

ਸੰਸਾਰ ਨੂੰ ਸਾਡੇ ਦੇਸ਼ ਦੇ ਸੰਤ-ਜਨਾਂ ਨੇ ਭੈ-ਸਾਗਰ ਆਖਿਆ ਹੈ। ਸਾਗਰ ਵਿਚ ਜਿਵੇਂ ਪਾਣੀ ਹੀ ਪਾਣੀ ਹੈ, ਜਗਤ ਵਿਚ ਤਿਵੇਂ ਭੈ ਹੀ ਭੈ ਹੈ। ਸੰਸਾਰ ਸਾਗਰ ਦਾ ਪਾਣੀ ਭੈ ਹੈ, ਤਦੇ ਤਾਂ ਜਗਤ ਨੂੰ ਭਉਜਲ ਵੀ ਆਖਦੇ ਹਨ। ਸਾਗਰ ਵਿਚ ਤਾਂ ਕਦੇ ਕਦਾਈਂ ਹਾਦਸਾ ਹੁੰਦਾ ਹੈ, ਕੋਈ ਜਹਾਜ਼ ਡੁੱਬ ਜਾਂਦਾ ਹੈ, ਪਰ ਸੰਸਾਰ ਸਾਗਰ ਵਿਚ ਤਾਂ ਜਗਤ-ਜੀਵਨ ਹੀ ਡੁੱਬ ਰਿਹਾ ਹੈ:

**ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ॥**
**ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥**

*(ਆਸਾ ਮ: ੧, ਪੰਨਾ 12)*

ਭੈ-ਆਤਮ ਸੁਰਖਸ਼ਾ ਜ਼ਰੂਰ ਹੈ ਅਗਰ ਇਹ ਸੀਮਾ ਵਿਚ ਹੋਵੇ। ਪੰਛੀਆਂ ਵਿਚ ਜਲ-ਜੰਤੂ ਤੇ ਥਲ-ਜੰਤੂ ਆਪਣੀ ਸੁਰੱਖਿਆ ਭੈ-ਭੀਤ ਹੋ, ਕਰਦੇ ਹਨ। ਪਸ਼ੂ-ਪੰਖੀ ਯਾ ਜਲ-ਜੰਤੂ ਉਸ ਵਕਤ ਭੈ-ਭੀਤ ਹੁੰਦੇ ਹਨ, ਜਦ ਉਨ੍ਹਾਂ ਨੂੰ ਕੋਈ ਖ਼ਤਰਾ ਭਾਸਦਾ ਹੋਵੇ। ਖ਼ਤਰਾ ਦਿੱਸਦਿਆਂ ਪਸ਼ੂ ਭੈ-ਭੀਤ ਹੋ, ਆਪਣੀ ਸੁਰਖਸ਼ਾ ਲਈ ਦੌੜਦਾ ਹੈ, ਛੁਪਦਾ ਹੈ। ਜਦ ਖ਼ਤਰਾ ਕੋਈ ਨਾ ਹੋਵੇ ਤਾਂ ਪਸ਼ੂ ਨਿਰਭੈ ਹੋ, ਬੜੇ ਪ੍ਰਸੰਨ ਚਿੱਤ ਵਿਚਰਦੇ ਹਨ ਤੇ ਨਿਸ਼ਚਿਤ ਹੋ ਸੌਂਦੇ ਹਨ। ਇਕ ਮਨੁੱਖ ਹੀ ਐਸਾ ਪ੍ਰਾਣੀ ਹੈ ਜੋ ਹਰ ਵਕਤ ਡਰਿਆ ਡਰਿਆ ਰਹਿੰਦਾ ਹੈ। ਖ਼ਤਰਾ ਕੋਈ ਹੈ ਨਹੀਂ, ਪਰ ਖ਼ਤਰੇ ਦੀ ਕਲਪਨਾ ਕਰ, ਭੈ-ਭੀਤ ਰਹਿੰਦਾ ਹੈ ਤੇ ਭੈ ਜੀਵਨ ਦਾ ਬੋਝ ਬਣ, ਜੀਵਨ ਦਾ ਸਾਰਾ ਰਸ ਖੋਹ ਲੈਂਦਾ ਹੈ। ਮੌਤ ਆਵਣ ਤੋਂ ਪਹਿਲਾਂ ਮੌਤ ਦਾ ਡਰ, ਕਿਧਰੇ ਮੈਂ ਬੀਮਾਰ ਨਾ ਪੈ ਜਾਵਾਂ, ਕਮਾਇਆ ਹੋਇਆ ਧਨ ਨਾਸ ਨਾ ਹੋ ਜਾਵੇ, ਬਣੀ ਬਣਾਈ ਇੱਜ਼ਤ ਪ੍ਰਤਿਸ਼ਠਾ ਵਿਚ ਕੋਈ ਵਿਘਨ ਨਾ ਪੈ ਜਾਵੇ, ਜੀਵਨ ਦੀ ਦੌੜ ਵਿਚ ਮੈਂ ਕਿਧਰੇ ਪਿੱਛੇ ਨਾ ਰਹਿ ਜਾਵਾਂ। ਇਸ ਤਰ੍ਹਾਂ ਇਕ ਜੀਵਨ ਵਿਚ ਅਨੇਕਾਂ ਤਰ੍ਹਾਂ ਦੇ ਭੈ ਨੂੰ ਆਪਣੇ ਜੀਵਨ ਵਿਚ ਸਮੋ ਕੇ ਜੀਵਨ ਨੂੰ ਨਰਕ ਬਣਾ ਲੈਂਦਾ ਹੈ। ਸੀਮਾ ਤੋਂ ਵੱਧ ਭੈ ਆਤਮ-ਘਾਤ ਹੈ ਔਰ ਇਸ ਤਰ੍ਹਾਂ ਦਾ ਭੈ ਇਕ ਮਾਨਸਿਕ ਰੋਗ ਹੈ। ਭੈ ਦੀ ਮਾਤਰਾ ਦੇ ਵਧਦੇ ਹੀ ਮਨ ਦਾ ਸੰਤੁਲਨ ਡਾਵਾਂਡੋਲ ਹੋ ਜਾਂਦਾ ਹੈ ਤੇ ਨੌਬਤ ਪਾਗਲਪਨ ਤਕ ਵੀ ਆ ਜਾਂਦੀ ਹੈ।

ਕਿਸੇ ਖ਼ਾਸ ਵਸਤੂ ਯਾ ਕਿਸੇ ਖ਼ਾਸ ਜੀਵ ਦਾ ਭੈ ਬਹੁਤ ਗਹਿਰੇ ਤਲ ਵਿਚ ਚਲਾ ਜਾਵੇ ਤਾਂ ਉਸ ਨੂੰ ਜਲਦੀ ਬਾਹਰ ਕੱਢਣਾ ਔਖਾ ਹੋ ਜਾਂਦਾ ਹੈ।

ਜਿਵੇਂ ਕਿਸੇ ਨੂੰ ਬਚਪਨ ਵਿਚ ਚੂਹੇ ਨੇ ਕੱਟ ਲਿਆ ਸੀ ਤਾਂ ਹੁਣ ਚੂਹੇ ਨੂੰ ਵੇਖਦਿਆਂ ਚੀਖ਼ ਨਿਕਲ ਜਾਂਦੀ ਹੈ। ਕੋਈ ਚੀਜ਼ ਖਾਧੀ ਸੀ, ਉਹ ਪਚੀ ਨਹੀਂ ਤੇ ਉਲਟੀ ਹੋ ਗਈ ਸੀ ਤਾਂ ਇਤਨਾ ਭੈ ਅੰਦਰ ਸਮਾ ਗਿਆ, ਉਸ ਵਸਤੂ ਨੂੰ ਵੇਖਦਿਆਂ ਪ੍ਰਾਣ ਕੰਬਣ ਲੱਗ ਪਏ।

ਐਸਾ ਭੈ ਸੀਮਾ ਤੋਂ ਵੱਧ ਹੈ, ਲਿਹਾਜ਼ਾ ਜੀਵਨ ਲਈ ਘਾਤਕ ਹੋ ਜਾਂਦਾ ਹੈ।

ਰੇਲ ਗੱਡੀ ਯਾ ਬੱਸ ਦਾ ਕੋਈ ਹਾਦਸਾ ਹੋ ਗਿਆ ਸੀ, ਹੁਣ ਇਤਨਾ ਭੈ-ਭੀਤ ਹੈ ਕਿ ਗੱਡੀ ਵਿਚ ਬੈਠਣਾ ਵੀ ਔਖਾ ਹੈ। ਮੌਤ ਤਾਂ ਘਰ ਵਿਚ ਵੀ ਆ ਜਾਂਦੀ ਹੈ, ਬਲਕਿ ਗੱਡੀਆਂ ਦੇ ਹਾਦਸੇ ਨਾਲੋਂ ਲੋਕੀਂ ਘਰ ਵਿਚ ਜ਼ਿਆਦਾ ਮਰਦੇ ਹਨ। ਤਾਂ ਕੀ ਘਰ ਵਿਚ ਜਾਣ ਤੋਂ ਇਨਕਾਰ ਕਰ ਦਈਏ ?

ਹਰ ਵਕਤ ਸਹਿਮੇ ਸਹਿਮੇ ਰਹਿਣਾ ਇਹ ਜੀਵਨ ਦੇ ਵਿਕਾਸ ਲਈ ਇਕ ਪ੍ਰਬਲ ਰੋਕ ਹੈ। ਜੋ ਖ਼ਤਰਿਆਂ ਨਾਲ ਬਗ਼ਲਗੀਰ ਨਹੀਂ ਹੁੰਦੇ, ਉਹ ਕੋਈ ਵੱਡੀ ਉਸਾਰੀ ਨਹੀਂ ਕਰ ਸਕਦੇ। ਵੱਡੇ ਵੱਡੇ ਖ਼ਤਰਿਆਂ ਨਾਲ ਨਿਰਭੈ ਜੂਝਣ ਵਾਲੇ ਮਹਾਨ ਉਸਾਰੂ ਕੰਮ ਕਰ ਲੈਂਦੇ ਹਨ ਤੇ ਆਪਣਾ ਜੀਵਨ ਸੁਚੱਜਾ ਬਣਾ ਲੈਂਦੇ ਹਨ।

ਇਹ ਠੀਕ ਹੈ ਕਿ ਭੈ ਆਤਮ-ਸੁਰਖਸ਼ਾ ਹੈ, ਅਗਰ ਸੀਮਾ ਵਿਚ ਹੋਵੇ। ਭੈ ਸੀਮਾ ਵਿਚ ਰੱਖਣ ਲਈ ਗੁਰਬਾਣੀ ਨੇ ਕੁਝ ਸਾਧਨ ਜੁਟਾਏ ਹਨ। ਸੰਸਾਰ ਮੈਲਾ ਹੈ, ਸੰਸਾਰ ਦਾ ਭੈ ਵੀ ਮੈਲਾ ਹੈ:

**ਮੈਲਾ ਮਲਤਾ ਇਹੁ ਸੰਸਾਰੁ ॥**
**ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥**

*(ਰਾਗ ਭੈਰਉ, ਕਬੀਰ ਜੀ, ਪੰਨਾ 1158)*

ਨਿਰਮਲ ਪਰਮਾਤਮਾ ਦਾ ਭੈ ਨਿਰਮਲ ਹੈ।

ਮਨੁੱਖ, ਮਨੁੱਖ ਤੋਂ ਡਰਦਾ ਹੈ ਜਾਂ ਕਾਨੂੰਨ ਤੋਂ ਡਰਦਾ ਹੈ, ਪਰਮਾਤਮਾ ਤੋਂ ਨਹੀਂ ਡਰਦਾ। ਜਿਵੇਂ ਟਰੈਫ਼ਿਕ (ਆਵਾਜਾਈ) ਦੇ ਨਿਯਮ ਬਣੇ ਹਨ, ਤਾਕਿ ਦੁਰਘਟਨਾ ਨਾ ਹੋਵੇ ਪਰ ਜੇਕਰ ਕਿਧਰੇ ਦੁਰ-ਘਟਨਾਵਾਂ ਹੋ ਜਾਂਦੀਆਂ ਹਨ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਹੁਣ ਗੱਡੀ ਚਲਾਉਣੀ ਹੀ ਨਹੀਂ ਹੈ। ਸਾਈਕਲ ਤੋਂ ਗਿਰ ਕੇ ਚੋਟ ਲੱਗ ਸਕਦੀ ਹੈ, ਇਸ ਵਾਸਤੇ ਸਾਈਕਲ ਚਲਾਉਣੀ ਹੀ ਨਹੀਂ। ਇਸ ਤਰ੍ਹਾਂ ਮਲੀਨ ਭੈ ਨਾਲ ਜੀਵਨ ਦਾ ਸਾਰਾ ਵਿਕਾਸ ਰੁਕ ਜਾਂਦਾ ਹੈ।

ਮੁਰਝਾਣ ਦਾ ਖ਼ਤਰਾ ਫੁੱਲਾਂ ਨੂੰ ਹੈ—ਕੰਡਿਆਂ ਨੂੰ ਨਹੀਂ ਹੈ। ਫੁੱਲਾਂ ਵਿਚ ਤਾਜ਼ਗੀ ਹੈ, ਖਿੜਾਓ ਹੈ, ਮਹਿਕ ਦਾ ਵੰਡਣਾ ਹੈ, ਕੋਮਲਤਾ ਹੈ, ਸੁੰਦਰਤਾ ਹੈ। ਫੁੱਲਾਂ ਵਰਗੀ ਜ਼ਿੰਦਗੀ ਲਈ ਤਾਂ ਖ਼ਤਰੇ ਹੀ ਖ਼ਤਰੇ ਹਨ। ਪਰ ਹੁਣ ਕੋਈ ਇਹ ਸੋਚੇ ਕਿ ਚੂੰਕਿ ਖ਼ਤਰੇ ਹੀ ਖ਼ਤਰੇ ਹਨ, ਇਸ ਵਾਸਤੇ ਫੁੱਲ ਬਣ ਕੇ ਕੀ ਕਰਨਾ ਹੈ, ਕੰਡੇ ਹੀ ਠੀਕ ਹਾਂ।

ਇਸ ਤਰ੍ਹਾਂ ਦੀ ਭੈ-ਭੀਤ ਸੋਚਣੀ ਨੇ ਕਈਆਂ ਦੀ ਜ਼ਿੰਦਗੀ ਕੰਡਿਆਂ ਵਾਂਗ ਹੀ ਕਰ ਦਿੱਤੀ ਹੈ।

ਸੰਸਾਰ ਤੋਂ ਨਿਰਭੈ ਹੋ ਔਰ ਪਰਮਾਤਮਾ ਦਾ ਭੈ ਧਾਰਨ ਕਰੀਏ ਪਰ ਮਨੁੱਖ ਤਾਂ ਪਰਮਾਤਮਾ ਤੋਂ ਨਿਰਭੈ ਹੋਇਆ ਫਿਰਦਾ ਹੈ ਤੇ ਜਗਤ ਤੋਂ ਡਰਦਾ ਫਿਰਦਾ ਹੈ:

**ਭੈ ਤੇ ਨਿਰਭਉ ਡਰਤਾ ਫਿਰੈ ॥** *(ਰਾਮਕਲੀ ਮ: ੫, ਪੰਨਾ 900)*

ਜਗਤ ਮੇਲਾ ਹੈ ਤੇ ਇਸ ਮੇਲੇ-ਜਗਤ ਦਾ ਭੈ ਜ਼ਹਿਰ ਹੈ।

ਅਕਾਲ ਪੁਰਖ ਨਿਰਮਲ ਹੈ, ਉਸ ਦਾ ਭੈ ਅੰਮ੍ਰਿਤ ਹੈ, ਜੀਵਨ ਦੇਣ ਵਾਲਾ ਹੈ।

ਅਕਾਲ ਪੁਰਖ ਦਾ ਭੈ ਧਾਰਨ ਕਰ ਕੇ ਜਦ ਕੋਈ ਉਸ ਦੀ ਬੰਦਗੀ ਕਰਦਾ ਹੈ, ਉਹ ਨਿਰਮਲ ਭੈ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ ਤੇ ਐਸਾ ਮਨੁੱਖ ਪਰਮਾਤਮਾ ਨੂੰ ਹਾਜ਼ਰ-ਨਾਜ਼ਰ ਹਰ ਥਾਂ ਵੇਖਦਾ ਹੈ।

**ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥**
**ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥**

*(ਸੂਹੀ ਮ: ੪, ਪੰਨਾ 774)*

ਹੁਣ ਭੈ ਇਕ ਬੋਝ ਨਹੀਂ, ਇਕ ਲੋੜ ਹੈ। ਹੁਣ ਇਹ ਪ੍ਰਭੂ ਦਾ ਭੈ ਹੁਲਾਸ ਹੈ, ਖੇੜਾ ਹੈ। ਹੁਣ ਤਾਂ ਅੱਠੇ ਪਹਿਰ ਉਸ ਨਿਰਭਉ ਦੇ ਜਪ ਨੇ ਨਿਰਭਉ ਕਰ ਦਿੱਤਾ ਹੈ:

**ਨਿਰਭਉ ਜਪੈ ਸਗਲ ਭਉ ਮਿਟੈ ॥** *(ਗਉੜੀ ਸੁਖਮਨੀ ਮ: ੫, ਪੰਨਾ 293)*

ਹੁਣ ਸੰਸਾਰ ਦੀ ਹਰ ਘਟਨਾ ਵਿਚ ਨਿਰੰਕਾਰ ਦਾ ਹੱਥ ਦਿਖਾਈ ਦੇਣ ਲੱਗ ਪਿਆ, ਇਸ ਵਾਸਤੇ ਸੰਸਾਰ ਕਬੂਲ ਹੋ ਗਿਆ ਹੈ। ਜੰਮਣਾ-ਮਰਨਾ, ਨਫ਼ਾ-ਨੁਕਸਾਨ, ਇੱਜ਼ਤ-ਬੇਇੱਜ਼ਤੀ, ਸਭ ਪ੍ਰਭੂ ਦਾ ਖੇਲ ਹੈ, ਜੋ ਜਗਤ ਵਿਚ ਹੋ ਰਿਹਾ ਹੈ, ਵੇਖ ਵੇਖ ਵਿਗਸਦਾ ਹੈ:

**ਜੌ ਰਾਜੁ ਦੇਹਿ ਤ ਕਵਨ ਬਡਾਈ ॥**
**ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥**

*(ਗੂਜਰੀ ਸ੍ਰੀ ਨਾਮਦੇਉ ਜੀ ਕੀ, ਪੰਨਾ 525)*

ਜਗਤ ਦੀ ਹਰ ਘਟਨਾ ਯਾ ਦੁਰਘਟਨਾ ਨੂੰ ਵੇਖ, ਭੈ-ਭੀਤ ਹੋਏ ਰਹਿਣਾ, ਇਹ ਤਾਂ ਰੋਗੀ-ਚਿੱਤ ਦਸ਼ਾ ਹੈ। ਪ੍ਰਭੂ-ਚਿੰਤਨ ਦੇ ਆਸਰੇ ਚਿੱਤ ਅਡੋਲ ਰਹਿੰਦਾ ਹੈ:

*ਜੋ ਹੰਸ ਰਹਾ ਹੈ ਸੋ ਹੰਸ ਰਹੇਗਾ।*
*ਜੋ ਰੋ ਰਹਾ ਹੈ ਸੋ ਰੋ ਰਹੇਗਾ।*
*ਸਕੂਨੇ ਕਲਬ ਸ਼ੌ ਖ਼ੁਦਾ ਖ਼ੁਦਾ ਕਰ,*
*ਜੋ ਕੁਛ ਕਿ ਹੋਨਾ ਹੈ ਸੋ ਹੋ ਰਹੇਗਾ।*

ਜੀਵਨ ਦੇ ਆਦਿ ਕਾਲ ਵਿਚ ਜਦ ਮਨੁੱਖ ਜੰਗਲਾਂ ਵਿਚ ਰਹਿੰਦਾ ਸੀ, ਰਾਤ ਦੇ ਅੰਧੇਰੇ ਵਿਚ ਜੰਗਲੀ ਜਾਨਵਰ ਸ਼ੇਰ, ਚੀਤੇ, ਬਘਿਆੜ ਯਾ ਸਰਪ ਇਤਿਆਦਿਕ ਜਿਨ੍ਹਾਂ ਤੋਂ ਲੰਬੇ ਸਮੇਂ ਤਕ ਇਹ ਪੀੜਤ ਰਿਹਾ ਹੈ, ਇਸੇ ਕਰਕੇ ਅੰਧੇਰੇ ਦਾ ਭੈ ਅਚੇਤਨ ਵਿਚ ਐਸੇ ਸਮਾਇਆ ਹੈ ਕਿ ਅੱਜ ਵੀ ਇਹ ਸਿਰਫ਼ ਅੰਧੇਰੇ ਤੋਂ ਡਰਦਾ ਹੈ, ਭਾਵੇਂ ਅੰਧੇਰੇ ਵਿਚ ਕੋਈ ਭੈ-ਭੀਤ ਕਰਨ ਵਾਲਾ ਨਾ ਹੋਵੇ, ਸਿਰਫ਼ ਅੰਧੇਰਾ ਹੀ ਭੈ-ਭੀਤ ਕਰ ਦੇਂਦਾ ਹੈ ਤੇ ਆਪਣੀ ਮਨੋ-ਕਲਪਨਾ ਨਾਲ ਮਨੁੱਖ ਅੰਧੇਰੇ ਵਿਚ ਕੋਈ ਡਰਾਉਣੀ ਦੁਨੀਆ ਘੜ ਲੈਂਦਾ ਹੈ।

ਜਿਸ ਦਿਨ ਅਕਾਲ ਪੁਰਖ ਦੀ ਯਾਦ ਦਾ ਦੀਪਕ ਅੰਤਰ-ਆਤਮੇ ਜਲਦਾ ਹੈ ਤੇ ਅੰਦਰ ਦਾ ਜਨਮਾਂ ਜਨਮਾਂ ਦਾ ਅੰਧਕਾਰ ਦੂਰ ਹੋ ਜਾਂਦਾ ਹੈ, ਉਸ ਦਿਨ ਬਾਹਰ ਦਾ ਅੰਧਕਾਰ ਇਕ ਪ੍ਰਭੂ ਦਾ ਤਮਾਸ਼ਾ ਹੀ ਦਿਖਾਈ ਦੇਂਦਾ ਹੈ, ਫਿਰ ਡਰਦਾ ਨਹੀਂ ਹੈ। ਨਾਮ ਦੇ ਤੇਜ ਨਾਲ ਹੁਣ ਬਾਹਰ ਦਾ ਅੰਧਕਾਰ ਵੀ ਉਸ ਦਾ ਰੂਪ ਦਿਖਾਈ ਦੇਂਦਾ ਹੈ।

**ਨਮੋ ਅੰਧਕਾਰੇ ਨਮੋ ਤੇਜ ਤੇਜੇ॥** *(ਜਾਪੁ ਸਾਹਿਬ)*

ਪਰਮਾਤਮਾ ਦਾ ਭੈ ਇਕ ਐਸੀ ਅਗਨ ਹੈ, ਜਿਸ ਵਿਚ ਸੰਸਾਰ ਦੇ ਸਾਰੇ ਭੈ ਜਲ ਕੇ ਰਾਖ਼ ਹੋ ਜਾਂਦੇ ਹਨ। ਪਰਮਾਤਮਾ ਦੇ ਭੈ ਤੋਂ ਬਿਨਾਂ ਭਵ-ਸਾਗਰ ਪਾਰ ਕਰਨਾ ਅਤੀ ਕਠਿਨ ਹੈ:

**ਭਵਜਲੁ ਬਿਨੁ ਸਬਦੈ ਕਿਉ ਤਰੀਐ॥** *(ਭੈਰਉ ਮਹਲਾ ੧, ਪੰਨਾ 1125)*

# ਮਾਨੁਸ਼

ਮਨੁੱਖੀ ਤਨ ਧਰਤੀ ਦੇ ਸਮੱਗਰ ਜੀਵਨ ਦੀ ਸਿਖਰਤਾ ਹੈ, ਇਸ ਦੀ ਕੋਈ ਤੁਲਨਾ ਨਹੀਂ ਹੈ। ਮਨੁੱਖ ਯਾ ਮਾਨੁਸ਼ ਦੇ ਅਰਥ ਹਨ—ਜਿਸ ਕੋਲ ਮਨ ਹੈ, ਜੋ ਮਨ ਰੱਖਦਾ ਹੈ ਭਾਵ ਸੋਚ ਸਕਦਾ ਹੈ, ਸਮਝ ਸਕਦਾ ਹੈ, ਚੇਤੇ ਰੱਖ ਸਕਦਾ ਹੈ। ਤਨ ਤਾਂ ਇਸ ਧਰਤੀ 'ਤੇ ਹੋਰ ਵੀ ਕਈ ਸੁੰਦਰ, ਬਲਵਾਨ ਤੇ ਵੱਡੇ ਹਨ ਪਰ ਮਨੁੱਖ ਦੀ ਮਹਿਮਾ ਬੇਜੋੜ ਹੈ।

ਤਿੰਨ ਤਰ੍ਹਾਂ ਦਾ ਜੀਵਨ ਇਸ ਪ੍ਰਿਥਵੀ 'ਤੇ ਹੈ—ਮਨ ਤੋਂ ਥੱਲੇ ਦਾ ਜੀਵਨ, ਜਿਨ੍ਹਾਂ ਨੂੰ ਪਸ਼ੂ ਆਖਿਆ ਜਾਂਦਾ ਹੈ, ਜੋ ਪੱਛੜ ਗਿਆ ਹੈ, ਜਿਸ ਕੋਲ ਤਨ ਤਾਂ ਹੈ ਪਰ ਮਨ ਨਹੀਂ ਤੇ ਮਨ ਤੋਂ ਥੱਲੇ ਦੀ ਦੁਨੀਆ ਪਸ਼ੂ ਹੈ। ਜਿਸ ਕੋਲ ਤਨ ਵੀ ਹੈ, ਮਨ ਵੀ ਹੈ ਤੇ ਜਿਸ ਦੀਆਂ ਰੁਚੀਆਂ ਸਿਰਫ਼ ਤਨ 'ਤੇ ਹੀ ਨਹੀਂ ਹੁੰਦੀਆਂ ਹਨ ਬਲਕਿ ਤਨ ਤੋਂ ਉੱਚਾ ਉਠਿਆ ਹੈ। ਤਨ ਦੀ ਪੂਰਤੀ ਤੋਂ ਕੁਛ ਉੱਚਾ ਸੋਚਣ ਲੱਗ ਪਿਆ ਹੈ, ਜੋ ਮਨ ਦੇ ਤਲ 'ਤੇ ਜੀ ਰਿਹਾ ਹੈ, ਉਹੋ ਮਾਨੁਸ਼ ਹੈ। ਔਰ ਜੋ ਮਨ ਤੋਂ ਵੀ ਪਾਰ ਚਲਾ ਗਿਆ ਹੈ, ਉਹ ਹੁਣ ਮਾਨੁਸ਼ ਨਹੀਂ, ਉਹ ਤਾਂ ਦੇਵਤਾ ਹੈ, ਜੋ ਮਨ ਤੋਂ ਉੱਚਾ ਉਠ, ਆਤਮ-ਪ੍ਰਕਾਸ਼ ਦੇ ਤਲ 'ਤੇ ਜੀ ਰਿਹਾ ਹੈ, ਉਹ ਦੇਵਤਾ ਹੈ।

ਜੀਵਨ ਦੇ ਇਹ ਤਿੰਨ ਤਲ ਹਨ : ਤਨ, ਮਨ ਤੇ ਆਤਮਾ। ਮਨ ਤੋਂ ਥੱਲੇ ਦੀ ਦੁਨੀਆ ਪਸ਼ੂ ਹੈ, ਜਿਥੇ ਸੋਚ ਸਿਮਟ ਕੇ ਸਿਰਫ਼ ਤਨ 'ਤੇ ਹੀ ਰੁਕ ਗਈ ਹੈ, ਸਰੀਰ ਦੀ ਪੂਰਤੀ ਤੋਂ ਬਾਦ ਪਸ਼ੂ ਸੰਤੁਸ਼ਟ ਹੋ ਜਾਂਦਾ ਹੈ। ਉਸ ਦੀ ਸਾਰੀ ਭੱਜ-ਦੌੜ ਸਿਰਫ਼ ਸਰੀਰ ਪੂਰਤੀ ਵਾਸਤੇ ਹੈ। ਸਰੀਰ ਹੀ ਜਿਸ ਵਾਸਤੇ ਸਭ ਕੁਛ ਹੈ, ਜਿਥੋਂ ਸੋਚਣਾ ਆਰੰਭ ਹੋ ਗਿਆ। ਮਾਨੁਸ਼ ਦੀ ਦੁਨੀਆ ਉਥੋਂ ਸ਼ੁਰੂ ਹੋ ਗਈ। ਜਿਨ੍ਹਾਂ ਨੂੰ ਅਸੀਂ ਪਸ਼ੂ ਕਹਿੰਦੇ ਹਾਂ, ਇਨ੍ਹਾਂ ਵਿਚ ਵੀ ਕਈ ਮਨੁੱਖ ਹਨ, ਸੋਚ ਸਕਦੇ ਹਨ।

ਇਕ ਕਥਾ ਹੈ ਕਿ ਇਕ ਹਾਥੀ ਪਿਆਸਾ ਪਾਣੀ ਪੀਣ ਲਈ ਇਕ ਸਰੋਵਰ ਅੰਦਰ ਗਿਆ, ਪਾਣੀ ਪੀਂਦਿਆਂ ਹੋਇਆਂ ਉਸ ਦੀ ਲੱਤ ਮਗਰਮੱਛ ਨੇ ਪਕੜ ਲਈ ਤੇ ਮਗਰਮੱਛ ਉਸ ਨੂੰ ਖਿੱਚ ਕੇ ਗਹਿਰੇ ਪਾਣੀ ਵਿਚ ਲੈ ਗਿਆ, ਬਚਾਉ ਦਾ ਕੋਈ ਸਹਾਰਾ ਨਾ ਦੇਖਦੇ ਹੋਏ ਉਸ ਨੇ ਗੁਪਤ ਸ਼ਕਤੀ ਨੂੰ ਪੁਕਾਰਿਆ। ਸਰੋਵਰ

ਵਿੱਚੋਂ ਕਮਲ ਦਾ ਫੁੱਲ ਤੋੜ ਕੇ ਅਸਮਾਨ ਵੱਲ ਕੀਤਾ ਤੇ ਅੰਦਰੋਂ ਪ੍ਰਾਰਥਨਾ ਦਾ ਭਾਵ ਉਠਿਆ। ਇਹ ਕਥਾ ਦੱਸਦੀ ਹੈ ਕਿ ਹਾਥੀ ਸੋਚ ਸਕਦਾ ਹੈ :

**ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥**
**ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ॥**

*(ਸੋਰਠ ਮ: ੯, ਪੰਨਾ 632)*

**ਦੂਖਿਤ ਗਜਿੰਦ ਅਰਬਿੰਦ ਗਹਿ ਭੇਟ ਰਾਖੇ,**
**ਤਾਂ ਕੈ ਕਾਜੈ ਚਕ੍ਰਪਾਨਿ ਆਨਿ ਗ੍ਰਸੇ ਗ੍ਰਾਹ ਜੀ॥**

*(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)*

ਮਹਾਤਮਾ ਬੁੱਧ ਦੀ ਮਾਤਾ ਨੂੰ ਸੁਪਨਾ ਆਇਆ ਕਿ ਉਸ ਦੇ ਗਰਭ ਵਿਚ ਹਾਥੀ ਨੇ ਪ੍ਰਵੇਸ਼ ਕੀਤਾ ਹੈ। ਸੁਪਨਿਆਂ ਦੀ ਤਹਿ ਨੂੰ ਸਮਝਣ ਵਾਲੇ ਜੋਤਸ਼ੀ ਬੁਲਾਏ ਗਏ, ਜਿਨ੍ਹਾਂ ਨੇ ਆਖਿਆ ਕਿ ਕੋਈ ਮਹਾਨ ਆਤਮਾ ਗਰਭ ਵਿਚ ਪ੍ਰਵੇਸ਼ ਕਰ ਗਈ ਹੈ। ਮਹਾਤਮਾ ਬੁੱਧ ਦੀ ਜੀਵਨ-ਕਥਾ ਵਿਚ ਵੀ ਲਿਖਿਆ ਹੈ ਕਿ ਉਨ੍ਹਾਂ ਦਾ ਪਿਛਲਾ ਜਨਮ ਹਾਥੀ ਦਾ ਸੀ।

ਜੰਗਲ ਨੂੰ ਅੱਗ ਲੱਗੀ, ਜੰਗਲ ਦੇ ਸਾਰੇ ਜੀਵ ਜਾਨ ਬਚਾਉਣ ਲਈ ਦੌੜੇ, ਹਾਥੀ ਵੀ ਦੌੜਿਆ। ਥੱਕ ਕੇ ਰੁਕਿਆ ਤਾਂ ਇਕ ਸਹਿਆ ਹਾਥੀ ਦੇ ਅਗਲੇ ਪੈਰ ਥੱਲੇ ਆ ਕੇ ਛੁਪਿਆ, ਹਾਥੀ ਨੇ ਜਦ ਆਪਣਾ ਅਗਲਾ ਇਕ ਪੈਰ ਉੱਚਾ ਕੀਤਾ ਤਾਂ ਝਟ ਉਸ ਨੇ ਪੈਰ ਥੱਲੇ ਆ ਕੇ ਆਪਣੀ ਪਨਾਹ ਲੱਭੀ। ਜੰਗਲ ਦੀ ਅੱਗ ਵਧਦੀ ਗਈ। ਇਸ ਹਾਥੀ ਨੇ ਪੈਰ ਜ਼ਮੀਨ 'ਤੇ ਨਾ ਰੱਖਿਆ, ਕਿਉਂਕਿ ਸਹੇ ਨੇ ਮਰ ਜਾਣਾ ਸੀ। ਖ਼ੁਦ ਹਾਥੀ ਜਲ ਗਿਆ, ਪਰ ਸਹੇ ਨੂੰ ਪੈਰ ਥੱਲੇ ਨਹੀਂ ਆਵਣ ਦਿੱਤਾ। ਇਸ ਦਇਆ ਤੇ ਪੁੰਨ ਕਰਕੇ ਇਸ ਆਤਮਾ ਦਾ ਜਨਮ ਸਿਧਾਰਥ ਦੇ ਰੂਪ ਵਿਚ ਹੋਇਆ ਜੋ ਬਾਅਦ ਵਿਚ ਮਹਾਤਮਾ ਬੁੱਧ ਬਣਿਆ। ਮਹਾਤਮਾ ਬੁੱਧ ਦੇ ਜੀਵਨ ਅੰਦਰ ਦੈਵੀ ਗੁਣਾਂ ਵਿੱਚੋਂ ਦਇਆ ਪ੍ਰਧਾਨ ਰਹੀ।

ਇਹ ਕਹਾਣੀ (ਕਥਾ) ਦੱਸਦੀ ਹੈ ਕਿ ਹਾਥੀ ਦੇ ਅੰਦਰ ਮਨ ਹੈ, ਸੋਚ ਸਕਦਾ ਹੈ। ਹਾਂ, ਸਾਰੇ ਹਾਥੀ ਨਹੀਂ ਸੋਚ ਸਕਦੇ ਹੋਣਗੇ। ਸਾਰੇ ਤਾਂ ਮਨੁੱਖ ਵੀ ਨਹੀਂ ਸੋਚਦੇ, ਹਾਥੀ ਕਿਥੋਂ ਸੋਚੇਗਾ ? ਪਰ ਸੰਭਾਵਨਾ ਹੈ ਕਿ ਹਾਥੀ ਦਾ ਮਨ ਕਿਸੇ ਖ਼ਾਸ ਹਾਲਤ ਵਿਚ ਕੰਮ ਕਰਨ ਲੱਗ ਪੈਂਦਾ ਹੈ।

ਗਊ, ਹਾਥੀ, ਸ਼ੇਰ, ਮੋਰ, ਹੰਸ, ਬਾਂਦਰ ਇਤਿਆਦਿਕ ਪਸ਼ੂਆਂ ਅੰਦਰ ਮਾਨਸ ਹੋਣ ਦੀ ਸੰਭਾਵਨਾ ਛੁਪੀ ਹੋਈ ਹੈ। ਇਹ ਜ਼ਿਆਦਾ ਸੁਚੇਤ ਹਨ। ਇਸ ਲਈ ਆਦਿ ਕਾਲ ਤੋਂ ਇਨ੍ਹਾਂ ਨੂੰ ਮਾਰਨਾ ਪਾਪ ਸਮਝਿਆ ਗਿਆ ਹੈ। ਜਿਥੇ ਸੋਚਣੀ ਆਰੰਭ ਹੋ ਗਈ ਹੈ, ਅਹਿਸਾਸ ਪੈਦਾ ਹੋ ਗਿਆ ਹੈ, ਸੰਵੇਦਨਾ ਦੀ ਅੰਸ਼ ਜਾਗ ਪਈ ਹੈ, ਮਨੁੱਖ ਦੀ ਹੋਂਦ ਸ਼ੁਰੂ ਹੋ ਜਾਂਦੀ ਹੈ।

ਸਾਰੀ ਦੁਨੀਆ ਦੀ ਮਨੁੱਖੀ ਆਬਾਦੀ ਕੋਈ ਸਾਢੇ ਚਾਰ ਅਰਬ ਦੇ ਕਰੀਬ ਮੰਨੀ ਜਾ ਰਹੀ ਹੈ, ਪਰ ਇਹ ਗਿਣਤੀ ਦੋ ਹੱਥਾਂ ਤੇ ਦੋ ਪੈਰਾਂ ਕਰਕੇ ਕੀਤੀ ਗਈ ਹੈ। ਇਸ ਦੋ ਪੈਰਾਂ ਤੇ ਦੋ ਹੱਥਾਂ ਵਾਲੇ ਅੰਦਰ ਮਨ ਵੀ ਹੈ ਕਿ ਨਹੀਂ, ਇਸ ਦੀ ਪ੍ਰਵਾਹ ਨਹੀਂ ਕੀਤੀ ਗਈ। ਇਹ ਸੋਚ ਸਕਦਾ ਹੈ ਕਿ ਨਹੀਂ, ਇਸ ਦੇ ਅੰਦਰ ਸੰਵੇਦਨਾ ਹੈ ਕਿ ਨਹੀਂ, ਇਹ ਦ੍ਰਿਸ਼ਟੀਕੋਣ ਨਹੀਂ ਰੱਖਿਆ ਗਿਆ, ਪਰ ਮਨੁੱਖ ਦੀ ਗਿਣਤੀ ਮਨੁੱਖੀ ਦ੍ਰਿਸ਼ਟੀਕੋਣ ਨੂੰ ਮੁਖ ਰੱਖ ਕੇ ਕੀਤੀ ਜਾਵੇ ਤਾਂ ਸ਼ਾਇਦ ਕੁਛ ਹਜ਼ਾਰ ਹੀ ਹੋਣਗੇ, ਜਿਨ੍ਹਾਂ ਨੂੰ ਮਨੁੱਖ ਆਖਿਆ ਜਾ ਸਕਦਾ ਹੈ। ਹੁਣ ਤਾਂ ਐਸਾ ਪ੍ਰਤੀਤ ਹੁੰਦਾ ਹੈ ਕਿ ਜੰਗਲਾਂ ਵਿਚ ਪਸ਼ੂ ਖ਼ਤਮ ਹੁੰਦੇ ਜਾ ਰਹੇ ਹਨ, ਸ਼ਹਿਰਾਂ ਵਿਚ ਪਸ਼ੂ ਵਧਦੇ ਜਾ ਰਹੇ ਹਨ, ਇਸ ਵਾਸਤੇ ਹੁਣ ਜੰਗਲ ਵਿਚ ਇਤਨਾ ਡਰ ਨਹੀਂ ਹੈ, ਜਿਤਨਾ ਸ਼ਹਿਰਾਂ ਵਿਚ ਹੈ।

ਮਨ ਤੋਂ ਥੱਲੇ ਦੀ ਦੁਨੀਆ ਵਿਚ ਸਮਾਜ, ਰਾਜਨੀਤੀ, ਧਰਮ ਤੇ ਪਰਿਵਾਰ ਦਾ ਜਨਮ ਨਹੀਂ ਹੋ ਸਕਿਆ। ਇਸ ਸਭ ਕੁਝ ਦਾ ਜਨਮ ਹੋ ਸਕੇ, ਮਨ ਚਾਹੀਦਾ ਹੈ। ਇਸ ਵਾਸਤੇ ਪਸ਼ੂਆਂ ਦੇ ਵਿਚ ਪਰਿਵਾਰ ਨਹੀਂ ਜਨਮ ਸਕੇ। ਕੌਣ ਭੈਣ ਹੈ, ਕੌਣ ਮਾਂ ਹੈ, ਕੌਣ ਪਿਤਾ ਤੇ ਪੁੱਤਰ ਹੈ, ਇਸ ਤਰ੍ਹਾਂ ਪਰਿਵਾਰਕ ਜੀਵਨ ਪੈਦਾ ਕਰਨ ਲਈ ਮਨ ਚਾਹੀਦਾ ਹੈ, ਕਿਉਂਕਿ ਇਸ ਸਭ ਕੁਛ ਦਾ ਜਨਮ ਸੋਚ ਤੋਂ ਹੁੰਦਾ ਹੈ ਤੇ ਸੋਚ-ਮੰਡਲ ਤੋਂ ਥੱਲੇ ਦੀ ਦੁਨੀਆ ਪਸ਼ੂ ਹੈ। ਨਸ਼ਾ ਕਰ ਕੇ ਜਦ ਬੇਹੋਸ਼ ਹੋ, ਸੋਚ ਮੰਡਲ ਤੋਂ ਥੱਲੇ ਮਨੁੱਖ ਆਂਵਦਾ ਹੈ ਤਾਂ ਉਸ ਦੀ ਨਿਗ੍ਹਾ ਵਿਚ ਵੀ ਭੈਣ, ਮਾਂ, ਧੀ ਦਾ ਕੋਈ ਰਿਸ਼ਤਾ ਨਹੀਂ ਰਹਿ ਜਾਂਦਾ। ਮਨੁੱਖ ਦਾ ਭੂਤਕਾਲ ਪਸ਼ੂ ਹੈ ਤੇ ਮਾਜ਼ੀ (ਭੂਤਕਾਲ) ਦੀ ਖਿੱਚ ਕਰਕੇ ਅਕਸਰ ਮਨੁੱਖ, ਮਨੁੱਖਤਾ ਤੋਂ ਥੱਲੇ ਜਾਂਦਾ ਹੈ।

ਸਮਾਜ ਨੀਤੀ ਤੇ ਧਰਮ ਅਨੁਕੂਲ ਜੋ ਚੱਲ ਰਿਹਾ ਹੈ, ਉਹ ਮਾਨੁਸ਼ ਹੈ। ਪਸ਼ੂਆਂ ਦੀ ਦੁਨੀਆ ਵਿਚ ਛੋਟੇ ਵਾਸਤੇ ਕੋਈ ਥਾਂ ਨਹੀਂ ਹੈ। ਵੱਡਾ ਪਸ਼ੂ ਛੋਟੇ ਪਸ਼ੂ ਨੂੰ ਖਾ ਜਾਂਦਾ ਹੈ ਯਾ ਦਬਾ ਕੇ ਰੱਖਦਾ ਹੈ। ਮਨੁੱਖੀ ਦੁਨੀਆ ਅੰਦਰ ਵੀ ਬਹੁਤਾ ਏਹੀ ਕੁਛ ਦੇਖਣ ਨੂੰ ਮਿਲਦਾ ਹੈ। ਵੱਡਾ ਮੁਲਕ ਛੋਟੇ ਮੁਲਕ ਨੂੰ ਦਬਾ ਕੇ ਰੱਖਦਾ ਹੈ। ਵੱਡੀ ਕੌਮ ਛੋਟੀ ਕੌਮ ਨੂੰ ਉਠਣ ਨਹੀਂ ਦੇਂਦੀ ਤੇ ਵੱਡਾ ਮਨੁੱਖ ਛੋਟੇ ਨੂੰ ਵਧਣ ਨਹੀਂ ਦੇਂਦਾ। ਇਹ ਸਭ ਪਸ਼ੂ-ਪਣ ਹੈ। ਧਰਤੀ ਜ਼ਿਆਦਾ ਪਸ਼ੂਆਂ ਕਰਕੇ ਹੀ ਨਰਕ ਬਣੀ ਹੋਈ ਹੈ। ਅੱਜ ਤੋਂ ਕੁਛ ਸਮਾਂ ਪਹਿਲੇ ਦਾਰਸ਼ਨਿਕ ਐਸਾ ਸੋਚਦੇ ਸਨ, ਜਦ ਮਨੁੱਖ ਸਿਖਸ਼ਤ ਹੋ ਜਾਵੇਗਾ ਤਾਂ ਖ਼ੂਨ-ਖ਼ਰਾਬਾ, ਬੁਰਾਈਆਂ ਹਟ ਜਾਣਗੀਆਂ। ਪਰ ਹੈਰਾਨੀ ਇਸ ਗੱਲ ਦੀ ਹੈ ਕਿ ਬਹੁਤਾ ਖ਼ੂਨ-ਖ਼ਰਾਬਾ ਤੇ ਉਪੱਦਰ ਇਹ ਪੜ੍ਹੇ-ਲਿਖੇ ਹੀ ਕਰ ਰਹੇ ਹਨ। ਅਜੋਕੀ ਵਿੱਦਿਆ ਮਨੁੱਖ ਨੂੰ ਮਨੁੱਖ ਬਣਾਉਣ ਲਈ ਅਸਫਲ ਰਹੀ ਹੈ। ਧਰਮ ਹੀ ਇਕ ਐਸਾ ਸਾਧਨ ਹੈ, ਜਿਸ ਨਾਲ ਮਨੁੱਖ, ਮਨੁੱਖ ਬਣਦਾ ਹੈ ਪਰ ਮਨੁੱਖ ਹੋਣਾ ਹੀ ਜੀਵਨ

ਦੀ ਮੰਜ਼ਿਲ ਨਹੀਂ ਹੈ, ਪੜਾਓ ਹੈ। ਮੰਜ਼ਿਲ ਤਾਂ ਹੈ, ਦੇਵਤਾ ਹੋਣਾ। ਆਤਮ-ਤਲ 'ਤੇ ਜੀਵਣਾ, ਇਹ ਜੀਵਨ ਦੀ ਸਿਖਰਤਾ ਹੈ।

ਅਜੋਕੇ ਸਮੇਂ ਵਿਚ ਮਨੁੱਖ ਦਾ ਦੇਵਤਾ ਹੋਣਾ ਦੁਰਲੱਭ ਹੁੰਦਾ ਜਾ ਰਿਹਾ ਹੈ ਕਿਉਂਕਿ ਮਨੁੱਖ ਦਾ ਮਨੁੱਖ ਹੋਣਾ ਵੀ ਦੁਰਲੱਭ ਹੋ ਰਿਹਾ ਹੈ। ਐਲਾਨੀਆ ਤੌਰ 'ਤੇ ਅੱਧੀ ਦੁਨੀਆ ਨਾਸਤਿਕ ਹੈ ਤੇ ਜੋ ਆਸਤਿਕ ਹੈ, ਉਹ ਪੂਰਨ ਰੂਪ ਵਿਚ ਆਸਤਿਕ ਨਹੀਂ ਹੈ। ਇਸ ਤਰ੍ਹਾਂ ਮਨੁੱਖ ਸਿਖਰ ਨੂੰ ਨਾ ਛੂਹ ਕੇ ਥੱਲੇ ਜਾ ਰਿਹਾ ਹੈ।

ਜਿਸ ਦਿਨ ਅਕਾਲ ਪੁਰਖ ਦੇ ਚਿੰਤਨ ਨਾਲ ਆਤਮ-ਪ੍ਰਕਾਸ਼ ਪ੍ਰਗਟ ਹੁੰਦਾ ਹੈ, ਉਹ ਅਵਸਥਾ ਪ੍ਰਾਪਤ ਹੁੰਦੀ ਹੈ ਜੋ ਮਨ ਤੋਂ ਵੀ ਪਰੇ ਹੈ। ਸੋਚਣ ਤੋਂ ਪਰੇ ਹੈ ਤਾਂ ਇਹ ਜੀਵਨ ਧੰਨ ਧੰਨ ਹੋ ਜਾਂਦਾ ਹੈ। ਜੀਵਨ ਦੀ ਮੰਜ਼ਿਲ ਪਰਮਾਤਮਾ ਹੈ। ਜੋ ਜਾਨ ਰੱਖਦਾ ਹੈ, ਉਹ ਜਾਨਵਰ ਹੈ। ਉਰਦੂ ਭਾਸ਼ਾ ਦਾ ਇਹ ਸ਼ਬਦ ਬਹੁਤ ਪਿਆਰਾ ਹੈ—ਜੋ ਜਾਨ ਰੱਖਦਾ ਹੈ ਜਾਨਵਰ, ਜੋ ਪ੍ਰਾਣ ਰੱਖਦਾ ਹੈ ਪ੍ਰਾਣੀ।

ਜਾਨਵਰ ਤਾਂ ਸਾਰੇ ਹਨ, ਪਰ ਜੋ ਜਾਨ ਦੇ ਨਾਲ ਨਾਲ ਮਨ ਹੈ, ਉਹ ਮਨੁੱਖ ਇਨਸਾਨ ਹੈ। ਜੋ ਪ੍ਰਾਣ-ਮਨ ਤੋਂ ਉੱਚਾ ਉਠ ਕੇ ਆਤਮਾ ਤਕ ਪੁੱਜਦਾ ਹੈ, ਪਰਮ-ਪ੍ਰਕਾਸ਼ ਪ੍ਰਾਪਤ ਕਰ ਲੈਂਦਾ ਹੈ। ਨਾਮ-ਦੀਪਕ ਜਲ ਉਠਦਾ ਹੈ, ਉਹ ਦੇਵਤਾ ਹੈ। ਜਿਤਨੇ ਤਕ ਪ੍ਰਾਣੀ ਦੇਵਤਾ ਨਹੀਂ ਬਣਦਾ, ਜਨਮ-ਮਰਨ ਚੱਲਦਾ ਰਹਿੰਦਾ ਹੈ। ਮਨੁੱਖ ਮਧੁ ਵਿਚ ਹੈ ਤੇ ਇਥੋਂ ਦੋਵੇਂ ਪਾਸੇ ਜਾਣ ਦੀ ਸੰਭਾਵਨਾ ਹੈ। ਅਗਰ ਇਹ ਪਿੱਛੇ ਮੁੜਿਆ ਤਾਂ ਪਸ਼ੂ, ਅੱਗੇ ਗਿਆ ਤਾਂ ਦੇਵਤਾ।

ਮਨੁੱਖ ਅੱਗੇ ਜਾ ਸਕੇ, ਸਤਿ ਪੁਰਸ਼ ਆਦਿ ਕਾਲ ਤੋਂ ਪ੍ਰੇਰਨਾ ਦੇਂਦੇ ਰਹੇ ਹਨ :

**ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥**
**ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥**

*(ਮਾਰੂ ਵਾਰ, ਡਖਣੇ ਮ: ੫, ਪੰਨਾ 1096)*

ਹਰ ਵਕਤ ਦ੍ਰਿਸ਼ਟੀ ਅੱਗੇ ਹੋਵੇ, ਸੋਚ ਅਗਾਂਹ-ਵਧੂ ਹੋਵੇ, ਇਤਨਾ ਗਹਿਰਾ ਹੋਵੇ ਤਾਂ ਇਕ ਐਸੀ ਮੰਜ਼ਿਲ ਦੀ ਪ੍ਰਾਪਤੀ ਹੋ ਜਾਂਦੀ ਹੈ ਜੋ ਸਿਖਰ ਹੈ ਤੇ ਲੋਕੀਂ ਕਹਿੰਦੇ ਹਨ—ਇਹ ਮਨੁੱਖ ਨਹੀਂ ਹੈ, ਇਹ ਤਾਂ ਦੇਵਤਾ ਹੈ। ਅਗਰ ਇਹ ਨਾ ਕੀਤਾ ਔਰ ਇਸ ਤੋਂ ਉਲਟ ਜੀਵਨ ਬਤੀਤ ਕੀਤਾ ਤਾਂ ਫਿਰ ਆਖਿਆ ਜਾਂਦਾ ਹੈ ਕਿ ਇਹ ਤਾਂ ਪਸ਼ੂ ਹੈ ਜੋ ਅਗਾਂਹਾਂ ਵੀ ਵਧ ਨਹੀਂ ਸਕਿਆ ਤੇ ਪਿੱਛੇ ਵੀ ਨਹੀਂ ਆਇਆ; ਸੰਭਾਲ ਕੇ ਰੱਖਿਆ ਹੈ, ਉਸ ਨੂੰ ਆਖਿਆ ਜਾਂਦਾ ਹੈ, ਇਹ ਮਨੁੱਖ ਹੈ। ਇਸ ਅੰਦਰ ਇਨਸਾਨੀਅਤ ਦਾ ਮਾਦਾ ਹੈ।

ਸਮਾਜ-ਨੀਤੀ ਤੇ ਰਾਜਨੀਤੀ ਦਾ ਭੈ ਮੰਨ ਜੋ ਆਪਣੇ ਆਪ ਨੂੰ ਸੰਭਾਲ

ਕੇ ਰੱਖਦਾ ਹੈ ਤੇ ਜਿਸ ਅੰਦਰ ਵਿਚਾਰਾਂ ਦੀ ਪ੍ਰਧਾਨਤਾ ਹੈ, ਉਹ ਮਨੁੱਖ ਹੈ, ਪਰ ਪ੍ਰਭੂ ਭੈ ਮੰਨ ਕੇ ਜਗਤ ਤੋਂ ਨਿਰਭੈ ਹੋ ਕੇ ਜੀਂਵਦਾ ਹੈ ਤੇ ਵਿਚਾਰਾਂ ਤੋਂ ਪਰੇ ਨਿਰ-ਵਿਚਾਰ ਅਵਸਥਾ ਵਿਚ ਲੀਨ ਰਹਿੰਦਾ ਹੈ, ਉਹ ਦੇਵ-ਪੁਰਸ਼ ਹੈ ਤੇ ਇਸ ਤਰ੍ਹਾਂ ਦੇ ਹੀ ਦੇਵ-ਪੁਰਸ਼ਾਂ ਨੂੰ ਪਰਮਾਤਮਾ ਦਾ ਰੂਪ ਆਖਿਆ ਗਿਆ ਹੈ:

**ਦੋਹਰਾ ॥**

**ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ ॥**
**ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥**

*(ਦਸਮ ਗ੍ਰੰਥ, ਬਚਿਤ੍ਰ ਨਾਟਕ)*

# ਨਿਰਬਾਣ-ਪਦ

ਨਿਰਬਾਣ-ਪਦ ਦਾ ਗੁਰਬਾਣੀ ਵਿਚ ਬਹੁਤ ਜ਼ਿਕਰ ਆਇਆ ਹੈ ਤੇ ਨਿਰਬਾਣ ਪ੍ਰਾਪਤੀ ਹੀ ਜੀਵਨ ਦਾ ਸਾਰ ਦੱਸਿਆ ਹੈ:

**ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥**
**ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥**

*(ਗਉੜੀ ਮ: ੯, ਪੰਨਾ 219)*

ਨਿਰਬਾਣ-ਪਦ ਹੀ ਪਰਮ-ਪਦ ਹੈ। ਨਿਰਬਾਣ ਹੀ ਪਰਮ ਧਨ ਹੈ। ਨਿਰਬਾਣ ਹੀ ਪਰਮ-ਜੀਵਨ ਹੈ। ਇਸ ਦੀ ਖੋਜ ਵਿਚ ਜੋ ਲੀਨ ਹੈ ਉਹ ਸਾਧੂ ਹੈ, ਸਾਧਨਾ ਕਰ ਰਿਹਾ ਹੈ। ਜੋ ਨਿਰਬਾਣ ਹੋ ਗਿਆ ਹੈ ਉਹ ਸੰਤ ਹੈ, ਬ੍ਰਹਮ ਗਿਆਨੀ ਹੈ।

ਜੋ ਸਿਰਫ਼ ਬ੍ਰਹਮ ਦੇ ਸੰਬੰਧ ਵਿਚ ਜਾਣਦਾ ਹੈ, ਉਹ ਗਿਆਨੀ ਹੈ, ਪਰ ਜੋ ਬ੍ਰਹਮ ਨੂੰ ਹੀ ਜਾਣਦਾ ਹੈ, ਉਹ ਬ੍ਰਹਮ-ਗਿਆਨੀ ਹੈ। ਉਹ ਕੇਵਲ ਪਰਮਾਤਮਾ ਦੇ ਸੰਬੰਧ ਵਿਚ ਨਹੀਂ ਜਾਣਦਾ, ਬਲਕਿ ਪਰਮਾਤਮਾ ਨੂੰ ਹੀ ਜਾਣਦਾ ਹੈ। ਕਿਸੇ ਦੇ ਸੰਬੰਧ ਵਿਚ ਜਾਣਨਾ ਹੋਰ ਗੱਲ ਹੈ। ਰੰਗ ਕੀ ਹੈ ? ਬਸਤਰ ਕਿਹੜੇ ਪਹਿਨਦਾ ਹੈ, ਭਾਸ਼ਾ ਕਿਹੜੀ ਬੋਲਦਾ ਹੈ, ਰਹਿੰਦਾ ਕਿੱਥੇ ਹੈ ? ਇਸ ਤਰ੍ਹਾਂ ਦੀ ਜਾਣਕਾਰੀ ਥੋਥੀ ਹੈ। ਉਪਰੋਂ ਉਪਰੋਂ ਹੀ ਹੈ, ਪਰ ਜਿਸ ਨੇ ਕੱਪੜੇ ਪਹਿਨੇ ਹਨ, ਜਿਸ ਦਾ ਰੰਗ ਹੈ, ਜਿਸ ਦਾ ਘਰ ਹੈ, ਉਸ ਨੂੰ ਹੀ ਜਾਣਨਾ। ਇਹ ਪੂਰਾ ਜਾਣਨਾ ਹੈ। ਗਿਆਨੀ ਤੇ ਬ੍ਰਹਮ-ਗਿਆਨੀ ਵਿਚ ਇਹੀ ਅੰਤਰ ਹੈ। ਇਕ ਈਸ਼ਵਰ ਦੇ ਸੰਬੰਧ ਵਿਚ ਜਾਣਦਾ ਹੈ, ਇਕ ਈਸ਼ਵਰ ਨੂੰ ਹੀ ਜਾਣਦਾ ਹੈ। ਨਿਰਬਾਣ ਦੇ ਅਰਥ ਹਨ—ਅਡੋਲ, ਬਾਣ ਤੋਂ ਬਿਨਾਂ, ਹਰਕਤ ਤੋਂ ਬਿਨਾਂ, ਪੂਰਨ ਟਿਕਾਓ ਮਨ। ਖਿੰਡਿਤ ਹੈ, ਟੁਕੜੇ ਟੁਕੜੇ ਹੈ, ਖਿੰਡਿਤ ਮਨ ਅਖੰਡ ਪਾਠ ਨਹੀਂ ਕਰ ਸਕੇਗਾ। ਖਿੰਡਿਤ ਮਨ ਅਖੰਡ ਕੀਰਤਨ ਕਿਸ ਤਰ੍ਹਾਂ ਕਰੇਗਾ ? ਔਰ ਜਿਸ ਦਿਨ ਮਨ ਅਖੰਡ ਹੋ ਜਾਂਦਾ ਹੈ, ਉਸ ਦਿਨ ਤੋਂ ਜੋ ਵੀ ਹੁੰਦਾ ਹੈ, ਉਹ ਕੀਰਤਨ ਹੈ, ਉਹ ਪਾਠ ਹੈ। ਖਿੰਡਿਤ ਮਨ ਨਾਲ ਜੋ ਕਰਮ ਕਰੀਏ ਤੇ ਧਰਮ ਕਰੀਏ ਸਭ ਪਾਖੰਡ ਹੈ, ਕਿਉਂਕਿ ਮਨ ਉਸ ਧਾਰਮਿਕ ਕਰਮ ਵਿਚ ਨਹੀਂ ਹੈ। ਜਿਹੜਾ ਕਰਮ ਪੂਰਨ ਮਨ ਨਾਲ ਨਾ ਹੋਵੇ ਤਾਂ ਇਸ ਤਰ੍ਹਾਂ ਦੇ ਕਰਮਾਂ 'ਤੇ ਜੋ ਧਰਮ ਖੜਾ ਹੈ, ਪਾਖੰਡ ਹੈ:

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥**
**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥**

*(ਸੂਹੀ ਮ: ੫, ਪੰਨਾ 747)*

ਅਕਾਲ ਪੁਰਖ ਨਿਰਾਕਾਰ ਹੈ, ਉਸ ਨਿਰਾਕਾਰ ਵਿਚ ਜੁੜਨਾ ਇਹ ਤਾਂ ਲੋਹੇ ਦੇ ਚਣੇ ਚਬਾਣਾ ਹੈ। ਥੋੜੀ ਬਹੁਤ ਇਕਾਗਰਤਾ ਜਦ ਮਿਲ ਜਾਂਦੀ ਹੈ ਤੇ ਉਸ ਇਕਾਗਰਤਾ ਨਾਲ ਜੋ ਰਸ ਬਣ ਜਾਂਦਾ ਹੈ, ਕਈ ਭੁਲੇਖੇ-ਵੱਸ ਉਸੇ ਨੂੰ ਪੂਰਨ ਨਾਮ-ਰਸ ਸਮਝ ਲੈਂਦੇ ਹਨ ਤੇ ਹੋਰ ਅਗਾਂਹ ਵਧਣ ਤੋਂ ਆਪਣੇ ਆਪ ਨੂੰ ਰੋਕ ਲੈਂਦੇ ਹਨ। ਜਦ ਕੀਰਤਨ ਕੀਤਾ ਯਾ ਪਾਠ ਕੀਤਾ, ਥੋੜੀ ਇਕਾਗਰਤਾ ਮਿਲੀ। ਬਸ ਇਸੇ ਨੂੰ ਹੀ ਸਭ ਕੁਝ ਸਮਝ ਲਿਆ ਤੇ ਬਾਅਦ ਵਿਚ ਸਾਰਾ ਦਿਨ ਮਨ ਖਿੰਡਿਤ ਰਿਹਾ। ਖਿੰਡਿਤ ਮਨ ਤਾਂ ਸਾਰਾ ਕੁਝ ਖਿੰਡਿਤ ਹੀ ਕਰੇਗਾ।

ਜਿਸ ਮਨੁੱਖ ਦਾ ਜਿਤਨਾ ਜ਼ਿਆਦਾ ਮਨ ਖਿੰਡਿਤ ਹੋਵੇਗਾ, ਉਹ ਉਤਨਾ ਹੀ ਜਗਤ ਲਈ ਘਾਤਕ ਹੋਵੇਗਾ, ਕਿਉਂਕਿ ਜਗਤ ਦੇ ਵਿਚ ਤੋੜੇਗਾ, ਖਿੰਡਿਤ ਕਰੇਗਾ। ਖਿੰਡਿਤ ਨੂੰ ਜੁੜਿਆ ਹੋਇਆ ਚੰਗਾ ਨਹੀਂ ਲੱਗਦਾ। ਜਿਤਨੀ ਮਾਤਰਾ ਵਿਚ ਖਿੰਡਿਤ ਹੋਵੇ ਉਤਨੀ ਮਾਤਰਾ ਵਿਚ ਖਿੰਡਿਤ ਕਰੇਗਾ। ਪਰਮਾਤਮਾ ਅਖੰਡ ਜੋਤੀ ਹੈ, ਉਸ ਅਖੰਡ ਦੀ ਲੀਨਤਾ ਦਾ ਆਨੰਦ ਅਖੰਡ ਹੋਏ ਬਿਨਾਂ ਨਹੀਂ ਮਾਣਿਆ ਜਾ ਸਕਦਾ। ਉਸ ਅਖੰਡ ਜੋਤੀ ਨੂੰ ਪੁਕਾਰਨਾ ਹੈ। ਭਾਵ-ਪੂਰਤ ਹੋ ਕੇ ਤੇ ਇਹੀ ਆਖਣਾ ਹੈ : ਤੂੰ ਨਿਰਬਾਣ-ਪਦ ਬਖ਼ਸ਼, ਡੋਲਣ ਤੋਂ ਰੱਖ ਲੈ।

**ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥**

*(ਬਾਵਨ ਅਖਰੀ ਮਹਲਾ ੫, ਸਲੋਕ, ਪੰਨਾ 256)*

ਉਹ ਅਖੰਡ ਜੋਤੀ ਨਿਰੰਕਾਰ ਅਡੋਲ, ਅਚੱਲ ਅਬਿਨਾਸੀ ਹੈ। ਰੰਗ ਰੂਪ ਤੋਂ ਨਿਆਰਾ ਹੈ। ਉਸ ਵਿਚ ਕਿਵੇਂ ਜੁੜੀਏ? ਕਿਸੇ ਜਲਦੇ ਦੀਵੇ, ਮੂਰਤੀ-ਤਸਵੀਰ ਵਿਚ ਅਸੀਂ ਧਿਆਨ ਨਹੀਂ ਜੋੜਨਾ, ਇਹ ਸਭ ਆਕਾਰ ਹੈ, ਕ੍ਰਿਤ ਹੈ, ਜਦ ਕਿ ਉਹ ਨਿਰੰਕਾਰ :

**ਅਕ੍ਰਿਤਾ ਕ੍ਰਿਤ ਹੈਂ॥ ਅਮ੍ਰਿਤਾ ਮ੍ਰਿਤ ਹੈਂ॥** *(ਜਾਪੁ ਸਾਹਿਬ)*

ਜੋ ਕ੍ਰਿਤ ਹੈ ਉਹ ਤਾਂ ਮਿਟ ਜਾਂਦਾ ਹੈ। ਅਕ੍ਰਿਤ ਤੇ ਅਰੂਪ ਵਿਚ ਧਿਆਨ ਕਿਵੇਂ ਜੋੜੀਏ?

ਜਦ ਸ਼ਬਦ ਗਾਇਨ ਕਰਨਾ ਹੈ, ਵਾਹਿਗੁਰੂ ਮੰਤਰ ਉਚਾਰਨ ਕਰਨਾ ਹੈ ਤਾਂ ਉਸ ਦੇ ਅਰਥਾਂ ਵਿਚ ਨਹੀਂ ਪੈਣਾ, ਕੇਵਲ ਸੁਣਨਾ ਹੈ। ਕੋਈ ਅੰਦਰੋਂ ਵਿਚਾਰ, ਫੁਰਨਾ ਉਠੇ ਤਾਂ ਉਸ ਪ੍ਰਤੀ ਸਾਵਧਾਨ ਹੋਣਾ ਹੈ :

**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥**
**ਸਾਵਧਾਨ ਏਕਾਗਰ ਚੀਤ॥** *(ਗਉੜੀ ਸੁਖਮਨੀ ਮ: ੫, ਪੰਨਾ 295)*

ਇਤਨਾ ਸੁਚੇਤ, ਸਾਵਧਾਨ ਹੋਣਾ ਕਿ ਉਸ ਫੁਰਨੇ ਨੂੰ ਵੇਖ ਸਕੀਏ। ਵਿਚਾਰ ਦੀ ਉਠ ਰਹੀ ਤਰੰਗ ਨੂੰ ਦੇਖਦੇ ਹੀ ਤਰੰਗ ਸ਼ਾਂਤ ਹੋ ਜਾਂਦੀ ਹੈ। ਇਕਾਗਰਤਾ ਨਸੀਬ ਹੋ ਜਾਂਦੀ ਹੈ, ਪਰ ਇਕਾਗਰਤਾ ਵਿਚ ਵੀ ਇਤਨਾ ਦਵੰਦ ਤਾਂ ਹੈ ਹੀ। ਇਕ ਸ਼ਬਦ ਉਚਾਰਨ ਕਰ ਰਿਹਾ ਹੈ, ਇਕ ਸੁਣ ਰਿਹਾ ਹੈ, ਇਸ ਦੇ ਦੋ ਭਾਵ ਹਨ। ਸ਼ਬਦ ਸੁਣਦੇ ਸੁਣਦੇ ਜੋ ਸ਼ਬਦ ਦਾ ਰੂਪ ਹੋ ਗਿਆ, ਗੁਰੂ ਮੰਤਰ ਜਪਦਿਆਂ ਜਪਦਿਆਂ ਹੁਣ ਮੰਤਰ ਉਚਾਰਨ ਕਰਨ ਵਾਲਾ ਤੇ ਸੁਣਨ ਵਾਲਾ ਉਹੀ ਹੈ:

**ਆਪਿ ਕਥੈ ਆਪਿ ਸੁਨਨੈਹਾਰੁ ॥** *(ਗਉੜੀ ਸੁਖਮਨੀ ਮ: ੫, ਪੰਨਾ 292)*

ਇਸ ਤਰ੍ਹਾਂ ਦੀ ਅਡੋਲ ਅਵਸਥਾ ਨੂੰ ਨਿਰਬਾਣ-ਪਦ ਕਹਿੰਦੇ ਹਨ।

# ਪਰਚਾਰਕ

ਚਾਰ ਦੇ ਅਰਥ ਹਨ—ਵਿਦਵਾਨ, ਉੱਤਮ ਆਚਾਰ ਵਾਲਾ; ਦਲੀਲ, ਉਕਤੀਆਂ ਯੁਕਤੀਆਂ ਨੂੰ ਸਮਝਣ ਵਾਲਾ।

ਪਰਚਾਰਕ—ਪਰ ਨੂੰ, ਦੂਜੇ ਨੂੰ ਵਿੱਦਿਆ ਗਿਆਨ ਆਚਰਣ ਸਿਖਾਉਣ ਵਾਲਾ, ਜੋ ਦੂਜੇ ਨੂੰ ਮਾਰਗ ਦੱਸੇ, ਉਹ ਪਰਚਾਰਕ ਹੈ। ਕਿਸੇ ਵਸਤੂ, ਗੁਣ, ਕਲਾ-ਨੀਤੀ, ਧਰਮ ਨੂੰ ਦੂਰ ਦੂਰ ਤਕ ਫੈਲਾਉਣਾ ਹੋਵੇ, ਪਰਚਾਰ ਦੀ ਲੋੜ ਪੈਂਦੀ ਹੈ। ਪਰਚਾਰ ਦਾ ਆਮ ਹਿਰਦਿਆਂ 'ਤੇ ਤਾਂ ਅਸਰ ਪੈਂਦਾ ਹੀ ਹੈ, ਪਰ ਗੁਣੀ-ਜਨ ਤੇ ਬੜੇ ਬੜੇ ਤਾਂਤਰਿਕ ਲੋਗ ਵੀ ਪਰਚਾਰ ਦੇ ਅਸਰ ਤੋਂ ਆਪਣੇ ਆਪ ਨੂੰ ਬਚਾ ਨਹੀਂ ਸਕਦੇ। ਇਹ ਤਾਂ ਆਮ ਦੁਨੀਆਦਾਰਾਂ ਨੂੰ ਵੀ ਪਤਾ ਚੱਲ ਗਿਆ ਹੈ ਕਿ ਜਿਸ ਵਸਤੂ ਦਾ ਜਿਤਨਾ ਜ਼ਿਆਦਾ ਪਰਚਾਰ ਕਰੀਏ, ਉਸ ਦਾ ਉਤਨਾ ਹੀ ਜ਼ਿਆਦਾ ਅਸਰ ਪੈਂਦਾ ਹੈ ਤੇ ਉਸ ਵਸਤੂ ਦੀ ਵਿਕਰੀ ਜ਼ਿਆਦਾ ਹੁੰਦੀ ਹੈ। ਅੱਜ ਤਾਂ ਪਰਚਾਰ ਤੋਂ ਬਿਨਾਂ ਕਿਸੇ ਵਸਤੂ ਨੂੰ ਬਾਜ਼ਾਰ ਵਿਚ ਵੇਚਣਾ ਔਖਾ ਹੈ। ਰਾਜਨੀਤਕ ਲੋਗ ਆਪਣੇ ਹੱਕ ਵਿਚ ਪਰਚਾਰ ਕਰ ਕੇ ਜਨਤਾ ਪਾਸੋਂ ਵੋਟ ਹਾਸਲ ਕਰਨ ਵਿਚ ਸਫਲ ਹੋ ਜਾਂਦੇ ਹਨ। ਸਿੰਘਾਸਨ 'ਤੇ ਬੈਠੇ ਰਾਜੇ ਜਨਤਾ ਨੂੰ ਆਪਣੇ ਹੱਥ ਵਿਚ ਰੱਖਣ ਲਈ ਤਰ੍ਹਾਂ ਤਰ੍ਹਾਂ ਦੇ ਪਰਚਾਰ ਦੇ ਸਾਧਨਾਂ ਤੋਂ ਕੰਮ ਲੈਂਦੇ ਹਨ। ਸੁਚੱਜੇ ਪਰਚਾਰ ਦੇ ਆਸਰੇ 'ਤੇ ਨਿਕੰਮੀ ਵਸਤੂ ਵੀ ਬਾਜ਼ਾਰ ਵਿਚ ਵਿਕ ਜਾਂਦੀ ਹੈ ਤੇ ਬੇਈਮਾਨ ਝੂਠਾ ਰਾਜਨੀਤਕ ਵੀ ਸੱਤਾ ਹਾਸਿਲ ਕਰਨ ਵਿਚ ਸਫਲ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਵੱਡੇ ਪੱਧਰ 'ਤੇ ਪਰਚਾਰ ਦੇ ਆਸਰੇ 'ਤੇ ਜਨਤਾ ਦਾ ਤਾਂ ਜੀਵਨ ਉੱਚਾ ਨਹੀਂ ਉਠਦਾ, ਪਰ ਰਾਜਨੀਤਕ ਨੂੰ ਉੱਚਾ ਸਿੰਘਾਸਨ ਮਿਲ ਜਾਂਦਾ ਹੈ।

ਮਨੁੱਖੀ ਸਭਿਅਤਾ ਦੇ ਆਦਿ ਕਾਲ ਤੋਂ ਇਹ ਸਮਝ ਬਣ ਗਈ ਸੀ ਕਿ ਪਰਚਾਰ ਦਾ ਬਹੁਤ ਵੱਡਾ ਪ੍ਰਭਾਵ ਪੈਂਦਾ ਹੈ ਤਾਂ ਸੰਤ, ਭਗਤ, ਗੁਰੂ-ਜਨਾਂ ਨੇ ਧਰਮ ਪਰਚਾਰ ਦਾ ਬੀੜਾ ਚੁੱਕਿਆ ਤਾਕਿ ਲੋਕਾਂ ਨੂੰ ਧਰਮੀ ਬਣਾਇਆ ਜਾ ਸਕੇ।

ਬੜੇ ਬੜੇ ਅਵਤਾਰੀ ਪੁਰਸ਼ ਆਪ ਪ੍ਰਚਾਰ ਕਰਦੇ ਰਹੇ ਯਾ ਆਪਣੇ ਨਾਲ ਦੇ ਸਾਥੀਆਂ ਨੂੰ ਪਰਚਾਰ ਦੀ ਸੇਵਾ ਵਿਚ ਲਾਇਆ। ਮਹਾਤਮਾ ਬੁੱਧ ਆਪ

ਪਰਚਾਰ ਕਰਦੇ ਰਹੇ ਤੇ ਉਨ੍ਹਾਂ ਦੇ ਸਾਥੀ ਵੀ ਪਰਚਾਰ ਕਰਦੇ ਰਹੇ। ਨਤੀਜਾ ਇਹ ਨਿਕਲਿਆ ਕਿ ਅੱਧਾ ਹਿੰਦੁਸਤਾਨ ਬੋਧੀ ਹੋ ਗਿਆ, ਬਾਅਦ ਵਿਚ ਸ਼ੰਕਰਾਚਾਰੀਆ ਨੇ ਆਪਣੇ ਪਰਚਾਰ ਦੇ ਆਸਰੇ ਬੁੱਧ ਧਰਮ ਦੇ ਪੈਰ ਭਾਰਤ ਵਿੱਚੋਂ ਉਖਾੜ ਦਿੱਤੇ। ਈਸਾਈਅਤ ਤੇ ਇਸਲਾਮ, ਪਰਚਾਰ ਕਰ ਕੇ ਵਧਿਆ ਫੁਲਿਆ ਹੈ।

ਜ਼ਮੀਨ ਉੱਤੇ ਜਿਤਨਾ ਵੱਡਾ ਭ੍ਰਮਣ ਗੁਰੂ ਨਾਨਕ ਦੇਵ ਜੀ ਦਾ ਹੈ, ਹੋਰ ਕਿਸੇ ਅਵਤਾਰੀ ਪੁਰਸ਼ ਨੇ ਪ੍ਰਚਾਰ ਹਿਤ ਇਤਨਾ ਭ੍ਰਮਣ ਨਹੀਂ ਕੀਤਾ। ਤੀਜੇ ਪਾਤਿਸ਼ਾਹ ਗੁਰੂ ਅਮਰਦਾਸ ਜੀ ਨੇ ਪ੍ਰਚਾਰ ਹਿਤ ਬਾਈ ਮੰਜੀਆਂ ਸਥਾਪਤ ਕੀਤੀਆਂ। ਇਹ ਪ੍ਰਥਾ ਕ੍ਰਮਵਾਰ ਚੱਲਦੀ ਰਹੀ। ਗੁਰੂ-ਘਰ ਵਿਚ ਉੱਘੇ ਵਿਦਵਾਨ ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹਜ਼ੂਰੀ ਕਵੀ ਉੱਘੇ ਪਰਚਾਰਕ ਸਨ। ਬਾਅਦ ਵਿਚ ਲੰਬੇ ਸਮੇਂ ਤਕ ਉਦਾਸੀ ਤੇ ਨਿਰਮਲੇ ਗੁਰਸਿੱਖੀ ਤੇ ਗੁਰਬਾਣੀ ਦਾ ਪਰਚਾਰ ਕਰਦੇ ਰਹੇ।

ਦੇਸ਼ ਦੀ ਵੰਡ ਤੋਂ ਬਾਅਦ ਗੁਰਸਿੱਖੀ ਪਰਚਾਰ ਵਿਚ ਮੂਲ ਰੂਪ ਵਿਚ ਕਮੀਆਂ ਆਉਣੀਆਂ ਸ਼ੁਰੂ ਹੋਈਆਂ ਤੇ ਇਹ ਕਦਮ ਕਿਥੇ ਰੁਕਣਗੇ, ਕੁਛ ਕਹਿਣਾ ਔਖਾ ਹੈ। ਭਾਵੇਂ ਸਾਡਾ ਧਰਮ ਤੇ ਨੀਤੀ ਇੱਕੋ ਹੈ ਲੇਕਿਨ ਸਾਡਾ ਧਰਮ ਪਰਚਾਰ ਵੀ ਰਾਜਨੀਤੀ ਦਾ ਪਰਚਾਰ ਹੋ ਗਿਆ ਹੈ। ਸਾਡੀ ਗੁਰਮਤਿ ਪਰਚਾਰ ਸ਼੍ਰੇਣੀ ਦੋ ਹਿੱਸਿਆਂ ਵਿਚ ਤਕਸੀਮ ਕੀਤੀ ਜਾ ਸਕਦੀ ਹੈ। ਪਹਿਲੀ ਸ਼੍ਰੇਣੀ ਰਾਗੀ, ਕਥਾ-ਵਾਚਕ, ਢਾਡੀ, ਕਵੀ, ਲਿਖਾਰੀ ਇਤਿਆਦਿਕ ਤੇ ਦੂਜੀ ਸ਼੍ਰੇਣੀ ਪ੍ਰਬੰਧਕਾਂ ਦੀ ਹੈ। ਇਨ੍ਹਾਂ ਦੋਹਾਂ ਪਰਚਾਰ ਦੇ ਪਹਿਲੂਆਂ 'ਤੇ ਵਿਚਾਰ ਕਰਨੀ ਅੱਜ ਦੀ ਵੱਡੀ ਲੋੜ ਹੈ।

ਉਪਦੇਸ਼ਕ ਸ਼੍ਰੇਣੀ ਲਈ ਇਕੋ ਹੀ ਸਿਧਾਂਤਕ ਨੁਕਤਾ ਅਪਣਾਉਣ ਦੀ ਲੋੜ ਹੈ ਕਿ ਜੋ ਉਹ ਕਹਿੰਦਾ ਹੈ, ਉਹ ਆਪ ਹੋਵੇ ਔਰ ਆਪ ਉਸ ਕਹਿਣੀ ਦੀ ਮੂਰਤੀ ਹੋਵੇ, ਤਾਕਿ ਉਸ ਦਾ ਕਿਹਾ ਹੋਇਆ ਪ੍ਰਤੱਖ ਰੂਪ ਵਿਚ ਲੋਕੀਂ ਉਸ ਦੇ ਜੀਵਨ ਵਿੱਚੋਂ ਵੇਖ ਸਕਣ। ਐਸਾ ਨਾ ਹੋਵੇ ਕਿ :

**ਮੁਖ ਤੇ ਪੜਤਾ ਟੀਕਾ ਸਹਿਤ ॥**
**ਹਿਰਦੈ ਰਾਮੁ ਨਹੀ ਪੂਰਨ ਰਹਤ ॥**
**ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥**
**ਅਪਨਾ ਕਹਿਆ ਆਪਿ ਨ ਕਮਾਵੈ ॥** *(ਰਾਮਕਲੀ ਮ: ੫, ਪੰਨਾ 887)*

ਉਹ ਪਹਿਲੇ ਆਪਣੇ ਕਹੇ ਹੋਏ ਨਾਲ ਆਪਣੇ ਮਨ ਨੂੰ ਰਾਜ਼ੀ ਕਰੇ :

**ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥**
*(ਆਸਾ ਮ: ੫, ਪੰਨਾ 381)*

ਕਹਿਣੀ ਦਾ ਸੂਰਮਾ ਹੋਣ ਦੇ ਨਾਲ ਨਾਲ ਕਥਨੀ ਦਾ ਵੀ ਸੂਰਮਾ ਹੋਵੇ। ਕਹਿਣੀ ਤੇ ਕਰਨੀ ਦਾ ਆਪਸ ਵਿਚ ਤਾਲ-ਮੇਲ ਹੋਵੇ। ਤਾਂ ਉਸ ਦਾ ਅਸਰ ਸਮੂਹ ਜਗਤ 'ਤੇ ਪਵੇਗਾ :-

**ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥**
**ਤਿਸ ਕੀ ਸੀਖ ਤਰੈ ਸੰਸਾਰੁ ॥** *(ਸੁਖਮਨੀ, ਪੰਨਾ 269)*

ਗੱਲਾਂ ਨਾਲ ਅਸਮਾਨ ਨਹੀਂ ਢਾਹੁਣਾ, ਬਲਕਿ ਆਪਣੀ ਕਰਨੀ ਤੇ ਕਥਨੀ ਨਾਲ ਜ਼ਮੀਰ ਨੂੰ ਉੱਚਾ ਕਰਨਾ ਹੈ :

**ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥**
**ਬਾਤਨ ਹੀ ਅਸਮਾਨੁ ਗਿਰਾਵਹਿ ॥**

*(ਗਉੜੀ ਚੇਤੀ, ਸ੍ਰੀ ਕਬੀਰ ਜੀ, ਪੰਨਾ 332)*

ਕਰਨੀ-ਹੀਨ ਪੁਰਸ਼ ਗ਼ੁਫ਼ਤਾਰ ਦੇ ਬਹੁਤ ਵੱਡੇ ਗ਼ਾਜ਼ੀ ਬਣ ਜਾਂਦੇ ਹਨ, ਪਰ ਕਿਰਦਾਰ ਵੱਲੋਂ ਬਿਲਕੁਲ ਨਿਪੁੰਸਕ ਹੁੰਦੇ ਹਨ ਤੇ ਐਸੇ ਲੋਕਾਂ ਦਾ ਕੀਤਾ ਹੋਇਆ ਧੂੰਏਂਧਾਰ ਪਰਚਾਰ, ਤਕਰੀਰ ਧੂੰਏਂ ਦੀ ਤਰ੍ਹਾਂ ਉੱਡ ਜਾਂਦੀ ਹੈ।

ਇਕਬਾਲ ਨੇ ਇਸ ਤਰ੍ਹਾਂ ਦੇ ਪਰਚਾਰਕਾਂ ਨੂੰ ਜਗਤ ਲਈ ਹਾਨੀਕਾਰਕ ਦੱਸਿਆ ਹੈ :

*ਮਸਜਿਦ ਤੋ ਬਨਾ ਲੀ ਸ਼ਬ ਭਰ ਮੇਂ ਈਮਾਂ ਕੀ ਹਰਾਰਤ ਵਾਲੋਂ ਨੇ,*
*ਮਨ ਅਪਨਾ ਪੁਰਾਨਾ ਪਾਪੀ ਹੈ ਬਰਸੋਂ ਸੇ ਨਿਮਾਜ਼ੀ ਬਨ ਨ ਸਕਾ।*
*ਇਕਬਾਲ ਬੜਾ ਉਪਦੇਸ਼ਕ ਹੈ ਮਨ ਬਾਤੋਂ ਸੇ ਮੋਹ ਲੇਤਾ ਹੈ,*
*ਗ਼ੁਫ਼ਤਾਰ ਕਾ ਯੇ ਗ਼ਾਜ਼ੀ ਤੋ ਬਨਾ ਕਿਰਦਾਰ ਕਾ ਗ਼ਾਜ਼ੀ ਬਨ ਨ ਸਕਾ।*

ਈਸ਼ਵਰ ਦੀ ਗੱਲ ਆਖਣ ਵਾਲੇ ਦਾ ਈਸ਼ਵਰ 'ਤੇ ਹੀ ਭਰੋਸਾ ਹੋਵੇ। ਸ਼ੀਲ-ਸੰਜਮ ਦਾ ਪਰਚਾਰ ਕਰਨ ਵਾਲਾ ਬੇ-ਸੰਜਮੀ ਨਾ ਹੋਵੇ। ਨਿਰਭੈ ਅਕਾਲ ਪੁਰਖ ਦੀ ਗੱਲ ਆਖਣ ਵਾਲਾ ਖ਼ੁਦ ਭੈ-ਭੀਤ ਨਾ ਹੋਵੇ, ਨਿਡਰ ਹੋ ਕੇ ਸੱਚ ਨੂੰ ਦ੍ਰਿੜ੍ਹਾਵੇ।

ਪਰਚਾਰਕ ਲਈ ਇਹ ਤਿੰਨ ਖ਼ੂਬੀਆਂ ਤਾਂ ਲਾਜ਼ਮੀ ਹਨ :

1. ਸ਼ਬਦ ਪ੍ਰਮਾਣ, 2. ਉਕਤੀ ਦਲੀਲ, 3. ਅਨੁਭਵ।

ਸ਼ਬਦ-ਪ੍ਰਮਾਣ ਤੋਂ ਬਿਨਾਂ ਗੱਲ ਵਜ਼ਨਦਾਰ ਨਹੀਂ ਹੁੰਦੀ ਤੇ ਜੋ ਕਹਿ ਰਿਹਾ ਹੈ ਉਸ ਸੰਬੰਧ ਵਿਚ ਉਸ ਕੋਲ ਪੂਰਾ ਅਨੁਭਵ ਹੋਵੇ।

ਇਨ੍ਹਾਂ ਤਿੰਨਾਂ ਵਿੱਚੋਂ ਜਿਹੜਾ ਪੱਖ ਵੀ ਕਮਜ਼ੋਰ ਹੋਵੇਗਾ, ਪਰਚਾਰ ਪੂਰਾ ਕੰਮ ਨਹੀਂ ਕਰੇਗਾ। ਸਮਾਂ ਤੇ ਸ਼ਕਤੀ ਅਜਾਈਂ ਜਾਵੇਗੀ।

ਜਿਸ ਕੋਲ ਆਤਮ-ਅਨੁਭਵ ਹੈ ਤੇ ਅਨੁਭਵ ਪੇਸ਼ ਕਰਨ ਵਾਸਤੇ ਸ਼ਬਦ-ਪ੍ਰਮਾਣ ਤੇ ਦਲੀਲਾਂ ਹਨ, ਉਹ ਪਰਚਾਰਕ ਧੰਨਤਾ ਯੋਗ ਹੈ। ਉਸ ਦੇ ਚਰਨਾਂ ਦੀ ਖ਼ਾਕ ਵੀ ਮਹਾਨ ਹੈ :

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥

*(ਰਾਗ ਗਉੜੀ ਵਾਰ ਮ: 4, ਪੰਨਾ 306)*

ਪਰਚਾਰਕ ਸ਼੍ਰੇਣੀ ਵਿਚ ਗੁਰੂ-ਘਰ ਅੰਦਰ ਸੰਤ-ਜਨ ਵੀ ਆ ਜਾਂਦੇ ਹਨ। ਕੁਛ ਸੰਤਾਂ ਨੇ ਆਪਣੇ ਜੀਵਨ ਦੀ ਛਾਪ ਅਮਿੱਟ ਦਿੱਤੀ ਹੈ। ਕੁਝ ਇਕ ਨੂੰ ਛੱਡ ਕੇ ਬਹੁਤੇ ਸੰਤ-ਸ਼੍ਰੇਣੀ ਨੇ ਆਪਣੇ ਹੀ ਪੰਥ ਚਲਾਏ ਹਨ ਤੇ ਇਨ੍ਹਾਂ ਵਿਚ ਬਹੁਤਿਆਂ ਨੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਦੇ ਉਲਟ ਮਰਯਾਦਾ ਵੀ ਬਣਾਈਆਂ ਹੋਈਆਂ ਹਨ, ਜਿਸ ਨਾਲ ਸਾਡੀ ਧਾਰਮਿਕ ਏਕਤਾ ਖ਼ਤਰੇ ਵਿਚ ਪੈ ਸਕਦੀ ਹੈ।

ਐਸੇ ਥੋੜੇ ਸੰਤ ਹਨ ਤੇ ਹੋਏ ਹਨ ਜੋ ਗੁਰੂ, ਗੁਰਬਾਣੀ ਨੂੰ ਮੁਖ ਰੱਖ, ਪਰਚਾਰ ਕਰਦੇ ਹੋਣ ਤੇ ਕੌਮੀ ਏਕਤਾ ਨੂੰ ਹਰ ਯਤਨ ਨਾਲ ਬਣਾ ਕੇ ਰੱਖਦੇ ਹੋਣ।

ਦੂਜੀ ਸ਼੍ਰੇਣੀ ਪ੍ਰਬੰਧਕਾਂ ਦੀ ਹੈ, ਜਿਨ੍ਹਾਂ ਦੀ ਮੂਲ ਜ਼ਿੰਮੇਵਾਰੀ ਤਾਂ ਇਤਨੀ ਹੈ ਕਿ ਉਹ ਗੁਰਦੁਆਰਿਆਂ ਦਾ ਇੰਤਜ਼ਾਮ ਚੰਗੀ ਤਰ੍ਹਾਂ ਸੰਭਾਲਣ ਤੇ ਗੁਰਦੁਆਰੇ ਦੀਆਂ ਰੋਜ਼ ਦੀਆਂ ਲੋੜਾਂ, ਪਰਚਾਰ ਹਿਤ ਸਮੱਗਰੀ ਜੁਟਾਵਨ। ਗੁਰੂ ਕੀ ਗੋਲਕ ਤੇ ਗੁਰਦੁਆਰੇ ਦੀ ਜਾਇਦਾਦ ਦਾ ਗ਼ਲਤ ਇਸਤੇਮਾਲ ਨਾ ਹੋਵੇ। ਮੁਸਾਫ਼ਰਾਂ ਦੀ ਰਿਹਾਇਸ਼ ਤੇ ਲੰਗਰ ਦਾ ਬੰਦੋਬਸਤ ਠੀਕ ਢੰਗ ਨਾਲ ਚੱਲੇ।

ਰਾਗੀ, ਪਰਚਾਰਕ, ਗ੍ਰੰਥੀ ਸਿੰਘ ਬਹੁਤ ਥੋੜੇ ਹਨ, ਜੋ ਕਹਿਣੀ ਤੇ ਕਰਨੀ ਦੇ ਸੂਰੇ ਹੋਵਣ। ਇਸ ਤਰ੍ਹਾਂ ਪ੍ਰਬੰਧਕ ਸ਼੍ਰੇਣੀ ਵਿਚ ਵੀ ਨਾਮ-ਮਾਤਰ ਹਨ, ਜੋ ਆਪਣੀ ਜ਼ਿੰਮੇਵਾਰੀ ਪੂਰਨ ਤੌਰ 'ਤੇ ਨਿਭਾਉਂਦੇ ਹੋਵਣ। ਜਿਥੇ ਪਰਚਾਰਕ ਸ਼੍ਰੇਣੀ ਵਿਚ ਲੋਭ ਪ੍ਰਧਾਨ ਹੈ, ਉਥੇ ਪ੍ਰਬੰਧਕ ਸ਼੍ਰੇਣੀ ਵਿਚ ਹੰਕਾਰ ਪ੍ਰਧਾਨ ਹੈ। ਇਹ ਗੁਰਮਤਿ ਪਰਚਾਰ ਲਈ ਹਾਨੀਕਾਰਕ ਹਨ। ਇਹ ਤਾਂ ਠੀਕ ਹੈ ਕਿ ਸਾਡੀ ਧਰਮ ਤੇ ਰਾਜਨੀਤੀ ਇਕ ਹੈ, ਪਰ ਬਹੁਤੇ ਪ੍ਰਬੰਧਕਾਂ ਕੋਲ ਤਾਂ ਰਾਜਨੀਤੀ ਹੀ ਦਿਖਾਈ ਦੇਂਦੀ ਹੈ। ਧਰਮ ਤਾਂ ਨਾਮ-ਮਾਤਰ ਵਾਸਤੇ ਵੀ ਨਹੀਂ ਹੈ। ਗੁਰਦੁਆਰੇ ਨੂੰ ਪਾਰਲੀਮੈਂਟ ਤਕ ਪੁੱਜਣ ਦਾ ਵਸੀਲਾ ਬਣਾਉਣਾ, ਗੁਰਦੁਆਰੇ ਦੇ ਧਨ ਦਾ ਦੁਰ-ਪ੍ਰਯੋਗ ਕਰਨਾ ਆਮ ਘਟਨਾਵਾਂ ਹਨ। ਰਹਿਤ ਵਿਚ ਨਿਪੁੰਨ ਨਾ ਹੋਣਾ ਤੇ ਲੰਬੇ ਸਮੇਂ ਤਕ ਪ੍ਰਧਾਨਗੀ ਦੀ ਭੁੱਖ ਰੱਖਣਾ, ਮਹੀਨਿਆਂ ਬਾਅਦ ਕਦੀ ਗੁਰਦੁਆਰੇ ਮੱਥਾ ਟੇਕਣ ਆਵਣਾ, ਇਹ ਰੋਜ਼ ਘਟਿਤ ਹੋ ਰਿਹਾ ਹੈ। ਪ੍ਰਧਾਨ ਪਦ ਸਭ ਤੋਂ ਵੱਡਾ ਹੈ ਤੇ ਸਭ ਤੋਂ ਵੱਡੇ ਤਾਂ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

ਪ੍ਰਧਾਨ ਤਾਂ ਸਤਿਗੁਰੂ ਹੈ, ਉਸੇ ਦੀ ਤਾਬਿਆ ਕੋਈ ਪੰਜ ਪਿਆਰੇ ਤਾਂ ਹੋ ਸਕਦੇ ਹਨ, ਪ੍ਰਧਾਨ ਨਹੀਂ। ਲਿਹਾਜ਼ਾ ਭਵਿੱਖ ਵਿਚ ਪੰਜ ਪਿਆਰਿਆਂ ਦੀ

ਚੋਣ ਹੋ ਸਕੇ ਤਾਂ ਸਿੱਖੀ ਲਈ ਲਾਹੇਵੰਦ ਹੋਵੇਗਾ। ਪੰਜਾਂ ਵਿੱਚੋਂ ਇਕ ਨੂੰ ਜਥੇਦਾਰ ਬਣਾਇਆ ਜਾਵੇ ਤਾਂ ਪ੍ਰਧਾਨ ਪਦ ਦੀ ਹਉਮੈ ਤੋਂ ਬਚਿਆ ਜਾ ਸਕੇਗਾ ਤੇ ਇਸ ਪਦ ਦੀ ਪਕੜ ਤੋਂ ਵੀ ਬਚਾਉ ਹੋਵੇਗਾ।

ਧਰਮ ਪਰਚਾਰ ਤੇ ਰਾਜਨੀਤੀ ਵਿਚ ਚੰਗੇ ਮਨੁੱਖ ਨੂੰ ਇਮਦਾਦ ਦੇਣ, ਤਾਂ ਜੁ ਉਹ ਅੱਗੇ ਵਧ ਕੇ ਧਰਮ ਪਰਚਾਰ ਤੇ ਕੌਮ ਦੀ ਰਾਜਨੀਤਕ ਦਸ਼ਾ ਸੁਧਾਰ ਸਕੇ, ਪਰ ਜੇ ਪ੍ਰਬੰਧਕ ਆਪ ਹੀ ਰਾਜਨੀਤਕ ਸੱਤਾ ਹਥਿਆਉਣ ਵਿਚ ਜੁਟਿਆ ਹੋਵੇ ਤਾਂ ਉਸ ਕੋਲ ਗੁਰਦੁਆਰੇ ਦੀ ਦੇਖ-ਰੇਖ ਤੇ ਪਰਚਾਰ ਦੀ ਇਮਦਾਦ ਕਰਨ ਲਈ ਸਮਾਂ ਨਹੀਂ ਬਚੇਗਾ ਤੇ ਗੁਰੂ ਦੀ ਗੋਲਕ ਦਾ ਵੀ ਦੁਰ-ਪ੍ਰਯੋਗ ਹੋ ਸਕਦਾ ਹੈ।

ਫਲ ਨੂੰ ਵੇਖ ਕੇ ਅੰਦਾਜ਼ਾ ਲੱਗ ਜਾਂਦਾ ਹੈ ਕਿ ਕੀ ਬੀਜਿਆ ਸੀ। ਸੋ ਜੋ ਧਾਰਮਿਕ ਤੌਰ 'ਤੇ ਕਮਜ਼ੋਰੀ ਆਈ ਹੈ, ਇਸ ਨੂੰ ਵੇਖ, ਸਾਨੂੰ ਆਪਣਾ ਧਾਰਮਿਕ ਨਜ਼ਾਮ ਬਦਲਣਾ ਚਾਹੀਦਾ ਹੈ।

ਰਾਜਨੀਤਕ ਲੋਗ ਜੋ ਕੌਮ ਲਈ ਲਾਭਦਾਇਕ ਹੋਵਣ, ਉਨ੍ਹਾਂ ਨੂੰ ਪ੍ਰਬੰਧਕ ਸਹਿਯੋਗ ਦੇਣ, ਨਾ ਕਿ ਆਪ ਰਾਜਨੀਤਕ ਬਣਨ ਤੇ ਗੁਰਦੁਆਰੇ ਦੀ ਮਿਲੀ ਸੇਵਾ ਦਾ ਗ਼ਲਤ ਇਸਤੇਮਾਲ ਕਰਨ। ਜਿਸ ਦਿਨ ਦੀ ਇਹ ਸੋਚਣੀ ਬਣੀ ਹੈ ਕਿ ਗੁਰਦੁਆਰੇ ਦਾ ਇਸਤੇਮਾਲ ਕਰ ਕੇ ਜਲਦੀ ਰਾਜਨੀਤਕ ਦੁਨੀਆ ਵਿਚ ਉੱਨਤੀ ਕੀਤੀ ਜਾ ਸਕਦੀ ਹੈ, ਉਸ ਦਿਨ ਦਾ ਗੁਰਦੁਆਰਿਆਂ ਦਾ ਮਾਹੌਲ ਸਿਆਸੀ ਜ਼ਿਆਦਾ ਤੇ ਧਾਰਮਿਕ ਘੱਟ ਹੋ ਗਿਆ ਹੈ, ਇਹ ਧਾਰਮਿਕ ਉੱਨਤੀ ਲਈ ਇਕ ਬਹੁਤ ਵੱਡਾ ਖ਼ਤਰਾ ਹੈ।

ਗੁਰਦੁਆਰੇ ਦੀ ਸੇਵਾ ਤਾਂ ਨਿਰਮਾਣ ਬਣਨ ਲਈ ਸੀ, ਪਰ ਇਸ ਸੇਵਾ ਦੇ ਆਸਰੇ ਅਹੰਕਾਰ ਹੀ ਵਧਿਆ ਹੈ। ਜੋ ਚੁਣਾਓ ਵਿਚ ਜਿੱਤ ਜਾਂਦੇ ਹਨ, ਉਹ ਆਪਣੇ ਜਲੂਸ ਇਸ ਤਰ੍ਹਾਂ ਕੱਢਦੇ ਹਨ ਜਿਵੇਂ ਕਿ ਪਾਰਲੀਮੈਂਟ ਦਾ ਚੁਣਾਓ ਹੋਵੇ। ਇਸ ਤਰ੍ਹਾਂ ਦੇ ਮਨੁੱਖ ਨੇ ਗੁਰਦੁਆਰਿਆਂ ਦਾ ਮਾਹੌਲ ਅਪਵਿੱਤਰ ਕੀਤਾ ਹੈ। ਨਾ ਪੰਜ ਬਾਣੀਆਂ ਦਾ ਪਾਠ, ਨਾ ਹੀ ਪੰਜ ਕਕਾਰ ਦੇ ਧਾਰਨੀ, ਫਿਰ ਧਰਮ ਅਸਥਾਨਾਂ ਦੇ ਮੁਖੀ—ਇਹ ਧਰਮ ਤੇ ਧਾਰਮਿਕ ਅਸਥਾਨਾਂ ਲਈ ਹਾਨੀਕਾਰਕ ਹੈ। ਮੈਂ ਇਸ ਵਿਚਾਰ ਨਾਲ ਪੂਰਨ ਤੌਰ 'ਤੇ ਸਹਿਮਤ ਹਾਂ ਕਿ ਕੋਈ ਕੌਮ ਰਾਜਨੀਤਕ ਤੌਰ 'ਤੇ ਉੱਨਤ ਹੋਏ ਬਿਨਾਂ ਆਪਣੇ ਪੈਰ ਮਜ਼ਬੂਤੀ ਨਾਲ ਨਹੀਂ ਟਿਕਾ ਸਕੇਗੀ। ਜਿਹੜੇ ਰਾਜਨੀਤਕ ਕੌਮ ਲਈ ਲਾਹੇਵੰਦ ਹੋਵਣ, ਧਾਰਮਿਕ ਲੋਕਾਂ ਤੇ ਧਾਰਮਿਕ ਅਸਥਾਨਾਂ ਰਾਹੀਂ ਉਨ੍ਹਾਂ ਨੂੰ ਪ੍ਰਸੰਸਾ ਤੇ ਇਮਦਾਦ ਮਿਲਣੀ ਚਾਹੀਦੀ ਹੈ, ਤਾਕਿ ਰਾਜਨੀਤਕ ਕੌਮ ਦੀ ਬਾਹਰਲੀ ਦਸ਼ਾ ਸੁਧਾਰ ਸਕੇ। ਗੁਰਦੁਆਰਿਆਂ ਅੰਦਰ ਨਿਰੋਲ ਕਥਾ, ਕੀਰਤਨ, ਨਾਮ-ਅਭਿਆਸ ਹੀ ਮੁੱਖ ਰੱਖਣਾ ਚਾਹੀਦਾ ਹੈ, ਤਾਕਿ ਬ੍ਰਹਮ-ਗਿਆਨੀ, ਨਾਮ-ਰਸੀਏ ਪੈਦਾ ਹੋਵਣ।

ਸੱਚ ਤਾਂ ਇਹ ਹੈ ਕਿ ਨਾਮ-ਰਸੀਏ ਤੋਂ ਬਿਨਾਂ ਤਾਂ ਰਾਜਨੀਤਕ 'ਤੇ ਵੀ ਕੀ ਭਰੋਸਾ ਕਰੀਏ ? ਨਾਮ-ਰਸ ਤਾਂ ਜੀਵਨ ਦੀ ਬੁਨਿਆਦ ਹੈ, ਜੜ੍ਹ ਹੈ—ਔਰ ਬੁਨਿਆਦ ਪਹਿਲੇ ਰੱਖੀਦੀ ਹੈ, ਮਹੱਲ ਬਾਅਦ ਵਿਚ ਉਸਾਰੀਦਾ ਹੈ। ਧਰਮ ਦੀ ਬੁਨਿਆਦ 'ਤੇ ਹੀ ਰਾਜਨੀਤੀ ਦਾ ਮਹਿਲ ਖੜਾ ਕਰਨਾ ਚਾਹੀਦਾ ਹੈ। ਜੋ ਪੂਰਨ ਤੌਰ 'ਤੇ ਧਰਮੀ ਨਹੀਂ ਹੈ, ਉਸ ਰਾਜਨੀਤਕ ਦਾ ਕੋਈ ਭਰੋਸਾ ਨਹੀਂ ਹੈ, ਕਿਸੇ ਵਕਤ ਵੀ ਆਪਣੀ ਸੁਆਰਥ-ਸਿਧੀ ਲਈ ਕੌਮ ਨੂੰ ਧੋਖਾ ਦੇ ਜਾਵੇਗਾ :

*ਖ਼ੁਦਾ ਤਰਸ ਬਾਇਦ ਅਮਾਨਤ ਗੁਜ਼ਾਰ।*

ਸ਼ੇਖ ਸਾਅਦੀ ਦਾ ਕਹਿਣਾ ਹੈ ਕਿ ਜਿਸ ਕੋਲ ਕੌਮ ਦੀ, ਧਨ ਦੀ ਯਾ ਆਪਣੀ ਅਸਮਤ ਦੀ ਅਮਾਨਤ ਰੱਖਣੀ ਹੈ, ਉਸ ਦਾ ਖ਼ੁਦਾ-ਤਰਸ (ਧਰਮੀ) ਹੋਣਾ ਅਤੀ ਲਾਜ਼ਮੀ ਹੈ, ਨਹੀਂ ਤਾਂ ਅਮਾਨਤ ਵਿਚ ਖ਼ਿਆਨਤ ਹੋ ਜਾਵੇਗੀ। ਇਕਬਾਲ ਦਾ ਕਹਿਣਾ ਹੈ ਕਿ ਜਿਹੜੀ ਰਾਜਨੀਤੀ ਤੇ ਸੱਤਾ ਵਿਚ ਆਇਆ ਰਾਜਨੀਤਕ ਧਰਮੀ ਨਹੀਂ, ਉਹ ਤਾਂ ਚੰਗੇਜ਼ ਖ਼ਾਨ ਯਾ ਹਲਾਕੂ ਹੋਵੇਗਾ :

*ਜਲਾਲੇ ਪਾਤਸ਼ਾਹੀ ਹੋ ਯਾ ਜਮਹੂਰੀ ਤਮਾਸ਼ਾ ਹੋ,*
*ਜੁਦਾ ਹੋ ਦੀਂ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜ਼ੀ।*

ਸਤਿਗੁਰੂ ਜੀ ਆਪਣੀ ਕਲਾ ਵਰਤਾਉਣ, ਮਿਹਰ ਕਰਨ ਤਾਕਿ ਪਰਚਾਰਕਾਂ ਨੂੰ ਕਹਿਣੀ ਦੇ ਨਾਲ ਨਾਲ ਰਹਿਣੀ ਦੇਣ ਤੇ ਪ੍ਰਬੰਧਕਾਂ ਨੂੰ ਧਾਰਮਿਕ ਵਿਸ਼ਵਾਸ ਤੇ ਬਾਣੀ ਦਾ ਰਸ ਦੇਣ।

# ਉਦਾਸੀ

ਉਦਾਸੀ ਦਾ ਅਰਥ ਹੈ—ਉਦ-ਆਸਨ ਭਾਵ ਆਪਣੇ ਕੋਲ ਬੈਠਣਾ—ਤੇ ਆਪਣੇ ਕੋਲ ਉਹ ਬੈਠ ਸਕਦਾ ਹੈ, ਜੋ ਜਗਤ ਤੋਂ ਉਪਰਾਮ ਹੋਵੇ ਤੇ ਉਪਰਾਮ ਚਿੱਤ ਉਤਨੇ ਤਕ ਨਹੀਂ ਹੁੰਦਾ ਜਦ ਤਕ ਜਗਤ ਅਸਾਰ ਨਹੀਂ ਦਿਖਾਈ ਦੇਂਦਾ। ਜਗਤ ਦਾ ਅਸਾਰ ਦਿਖਾਈ ਦੇਣਾ ਦੋ ਤਰ੍ਹਾਂ ਦਾ ਹੈ—ਇਸ ਵਾਸਤੇ ਉਪਰਾਮਤਾ ਵੀ ਦੋ ਤਰ੍ਹਾਂ ਦੀ ਹੈ ਔਰ ਜਦ ਉਪਰਾਮਤਾ ਦੋ ਤਰ੍ਹਾਂ ਦੀ ਹੈ ਤਾਂ ਜਗਤ ਵਿਚ ਉਦਾਸੀ ਵੀ ਦੋ ਤਰ੍ਹਾਂ ਦੇ ਹਨ।

ਸੰਸਾਰ ਤੋਂ ਗਹਿਰੀ ਚੋਟ ਲੱਗੀ ਹੈ, ਦੀਵਾਲਾ ਨਿਕਲ ਗਿਆ ਹੈ, ਕੋਈ ਪਿਆਰਾ ਅਜ਼ੀਜ਼ ਮਿੱਤਰ, ਪੁੱਤਰ, ਪਤਨੀ, ਪ੍ਰਿਯ-ਜਨ ਚਲਾਣਾ ਕਰ ਗਿਆ ਹੈ ਤਾਂ ਜਿਤਨਾ ਸੰਵੇਦਨ-ਸ਼ੀਲ ਹਿਰਦਾ ਹੋਵੇਗਾ, ਉਤਨੀ ਗਹਿਰੀ ਚੋਟ ਲੱਗੇਗੀ ਤੇ ਉਸ ਚੋਟ ਨਾਲ ਮਨ ਸੁਕੜਦਾ ਹੈ। ਜੀਵਨ-ਚੇਤਨਾ ਸੰਕੀਰਨ ਹੁੰਦੀ ਹੈ। ਮਨੁੱਖ ਐਸੀ ਹਾਲਤ ਵਿਚ ਤਨਹਾਈ ਲੋੜਦਾ ਹੈ। ਅਤੀ ਦੁਖ ਵਿਚ ਮਨੁੱਖ ਇਕੱਲਾ ਹੋਣਾ ਚਾਹੁੰਦਾ ਹੈ। ਆਪਣੇ ਨਾਲ ਹੀ ਬੈਠਣਾ ਚਾਹੁੰਦਾ ਹੈ, ਕਿਉਂਕਿ ਬਾਕੀ ਤਾਂ ਬਾਹਰ ਹੁਣ ਕੁਛ ਵੀ ਰਿਹਾ ਨਹੀਂ। ਜਿਨ੍ਹਾਂ ਨੂੰ ਜੀਵਨ ਦਾ ਆਧਾਰ ਬਣਾਇਆ ਸੀ, ਉਹ ਨਹੀਂ ਰਹੇ ਤੇ ਜਦ ਆਧਾਰ ਹੀ ਨਹੀਂ ਰਿਹਾ ਤਾਂ ਜੀਵਨ-ਚੇਤਨਾ ਸੁਕੜੇਗੀ ਔਰ ਨਿਰਾਸ਼ਾ ਜੀਵਨ ਨੂੰ ਚਾਰੋਂ ਪਾਸਿਉਂ ਘੇਰੇਗੀ। ਐਸੀ ਘੋਰ ਨਿਰਾਸ਼ਾ ਤੇ ਉਪਰਾਮ-ਉਦਾਸ ਘੜੀ ਵਿਚ ਮਨੁੱਖ ਆਤਮ-ਹੱਤਿਆ ਕਰਨ ਲਈ ਸੋਚਦਾ ਹੈ।

ਇਸ ਤਰ੍ਹਾਂ ਦੀ ਉਦਾਸੀ-ਉਪਰਾਮਤਾ-ਨਿਰਾਸ਼ਾ ਦਾ ਆਧਾਰ ਅਗਿਆਨ ਹੈ ਤੇ ਐਸੀ ਹਾਲਤ ਵਿਚ ਮਨੁੱਖ ਆਤਮਘਾਤ (ਖ਼ੁਦਕੁਸ਼ੀ) ਹੀ ਸੋਚਦਾ ਹੈ ਯਾ ਆਤਮਘਾਤ ਕਰ ਹੀ ਲੈਂਦਾ ਹੈ।

ਇਕ ਹੋਰ ਨਿਰਾਸ਼ਾ ਵੀ ਹੈ, ਜਿਸ ਤੋਂ ਉਦਾਸੀ ਦਾ ਜਨਮ ਹੁੰਦਾ ਹੈ। ਉਸ ਉਦਾਸੀ ਦਾ ਆਧਾਰ ਗਿਆਨ ਹੈ ਤੇ ਇਸ ਤਰ੍ਹਾਂ ਦੀ ਉਦਾਸੀ ਵਿਚ ਮਨੁੱਖ ਆਤਮ-ਕ੍ਰਾਂਤੀ ਕਰਦਾ ਹੈ ਭਾਵ ਖ਼ੁਦਕੁਸ਼ੀ ਨਹੀਂ ਕਰਦਾ, ਖ਼ੁਦ ਨੂੰ ਬਦਲਦਾ ਹੈ।

ਪ੍ਰਭੂ-ਚਿੰਤਨ ਕਰਦਿਆਂ ਜਗਤ ਦੀ ਅਸਲੀਅਤ ਦਿੱਸ ਪੈਂਦੀ ਹੈ। ਸਤਿਸੰਗ ਕਰਦਿਆਂ, ਧਰਮ ਗ੍ਰੰਥਾਂ ਦਾ ਅਧਿਐਨ ਕਰਦਿਆਂ ਪਤਾ ਚੱਲ ਜਾਂਦਾ

ਹੈ ਕਿ ਜਗਤ ਦੇ ਸੁਖ ਤੇ ਜਗਤ ਦਾ ਜੀਵਨ ਸੁਪਨਾ ਹੈ, ਅਸਾਰ ਹੈ ਤਾਂ ਮਨ ਉਦਾਸ ਹੋ ਜਾਂਦਾ ਹੈ। ਇਹ ਉਦਾਸੀ ਪ੍ਰਭੂ-ਚਿੰਤਨ ਤੇ ਗਿਆਨ ਸਾਧਨਾ ਤੋਂ ਪੈਦਾ ਹੁੰਦੀ ਹੈ। ਅਸਾਰ ਤੋਂ ਉਦਾਸ ਮਨ ਸਾਰ ਦੀ ਤਲਾਸ਼ ਕਰਦਾ ਹੈ:

**ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ ॥**

*(ਰਾਮਕਲੀ ਮ: ੧, ਪੰਨਾ 877)*

ਜੋ ਜਗਤ ਤੋਂ ਨਿਰਾਸ਼ ਹੋਇਆ ਹੈ, ਉਹ ਆਤਮ-ਕ੍ਰਾਂਤੀ ਕਰੇਗਾ। ਜੋ ਪਰਮਾਤਮਾ ਤੋਂ ਨਿਰਾਸ਼ ਹੋਇਆ ਹੈ, ਉਹ ਆਤਮਘਾਤ ਕਰੇਗਾ। ਕਿਉਂਕਿ ਉਸ ਵਾਸਤੇ ਹੋਰ ਕੋਈ ਮਾਰਗ ਹੀ ਨਹੀਂ ਰਹਿ ਜਾਂਦਾ।

ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਜਨਮ ਤੋਂ ਹੀ ਜਗਤ ਤੋਂ ਉਦਾਸ ਸਨ। ਆਪ ਦੀ ਇਹ ਉਦਾਸੀ ਗਿਆਨ ਆਸ਼੍ਰਤ ਸੀ ਤੇ ਆਪ ਜੀ ਨੇ ਜੋ ਪੰਥ ਚਲਾਇਆ ਉਹ ਵੀ ਉਦਾਸੀ ਕਹਿਲਾਇਆ ਤੇ ਉਦਾਸੀਆਂ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਭਰਪੂਰ ਪਰਚਾਰ ਦੇਸ਼-ਦੇਸ਼ਾਂਤਰਾਂ ਵਿਚ ਕੀਤਾ।

ਗਿਆਨ ਆਸ਼੍ਰਤ ਜੋ ਉਦਾਸੀ ਹੈ, ਉਸ ਵਿਚ ਮਨੁੱਖ ਸਭ ਕੁਛ ਛੱਡ ਨਹੀਂ ਦੇਂਦਾ। ਜੀਵਨ ਦੀ ਕਿਰਿਆ ਸਮਾਨ ਰੂਪ ਵਿਚ ਚੱਲਦੀ ਰਹਿੰਦੀ ਹੈ ਪਰ ਆਸਾ ਜੀਵਨ ਵਿਚ ਬਿਲਕੁਲ ਮੁੱਕ ਜਾਂਦੀ ਹੈ। ਭੁੱਖ ਲੱਗੀ ਭੋਜਨ ਛਕ ਲਿਆ ਪਰ ਕੋਈ ਪ੍ਰਬਲ ਭੋਜਨ ਦੀ ਲਾਲਸਾ ਨਹੀਂ ਹੈ। ਜੀ ਰਹੇ ਹਨ, ਜੀਵਨ ਦੀ ਲਾਲਸਾ ਨਹੀਂ। ਧੰਦਾ ਕਰ ਰਹੇ ਹਨ, ਸਿਰਫ਼ ਉਪਜੀਵਕਾ ਵਾਸਤੇ ਕੀਤਾ ਹੋਇਆ ਕੰਮ ਸਿਰੇ ਚੜ੍ਹੇ ਯਾ ਨਾ, ਕੋਈ ਫ਼ਿਕਰ ਨਹੀਂ।

ਜਿਥੇ ਜੀਵਨ ਦੀ ਲਾਲਸਾ ਪ੍ਰਬਲ ਹੋਵੇਗੀ, ਉਥੇ ਵਾਸ਼ਨਾ ਵੇਗ ਵੀ ਬਹੁਤ ਪ੍ਰਬਲ ਹੋਵੇਗਾ ਤੇ ਜਿਥੇ ਜੀਵਨ-ਲਾਲਸਾ ਜੀਵਨ ਦਾ ਲਕਸ਼ ਹੋਵੇਗਾ, ਉਥੇ ਮੌਤ ਦਾ ਭੈ ਵੀ ਪ੍ਰਬਲ ਹੋਵੇਗਾ। ਜਿਤਨੀ ਮਾਤਰਾ ਵਿਚ ਜੀਵਨ ਦੀ ਲਾਲਸਾ ਹੋਵੇਗੀ, ਉਤਨੀ ਮਾਤਰਾ ਵਿਚ ਮੌਤ ਦਾ ਭੈ ਹੋਵੇਗਾ।

ਜਿਸ ਨੇ ਜਗਤ ਤੋਂ ਚੋਟ ਖਾਧੀ ਹੈ, ਅਤੀ ਪੀੜਾ ਵਿਚ ਹੈ, ਉਦਾਸ ਹੈ, ਉਹ ਵੀ ਮੌਤ ਤੋਂ ਨਿਰਭੈ ਹੋ ਜਾਂਦਾ ਹੈ ਤਦੇ ਤਾਂ ਆਤਮਘਾਤ ਕਰ ਲੈਂਦਾ ਹੈ। ਸਾਰੀ ਦੁਨੀਆ ਵਿਚ ਭਾਵੇਂ ਕਾਨੂੰਨੀ ਤੌਰ 'ਤੇ ਆਤਮਘਾਤ (ਖ਼ੁਦਕੁਸ਼ੀ ਜੁਰਮ ਹੈ ਪਰ ਸਾਰੇ ਜਗਤ ਵਿਚ ਖ਼ੁਦਕੁਸ਼ੀ ਮੌਜੂਦ ਹੈ, ਔਰ ਸੰਪੰਨ ਦੇਸ਼ਾਂ ਵਿਚ ਬਹੁਤ ਜ਼ਿਆਦਾ ਹੈ।

ਅੱਛਾ ਮਕਾਨ ਮਿਲ ਗਿਆ ਹੈ, ਪਤਨੀ ਮਿਲ ਗਈ ਹੈ, ਧਨ ਕੋਲ ਹੈ, ਸੰਸਾਰਕ ਸੁੱਖਾਂ ਦੇ ਸਾਰੇ ਸਾਧਨ ਮੌਜੂਦ ਹਨ, ਪਰ ਮਾਨਸਿਕ ਪੀੜਾ ਦਾ ਹਰਨ ਨਹੀਂ ਹੋਇਆ, ਤਾਂ ਵੀ ਘੋਰ ਨਿਰਾਸ਼ਾ ਤੇ ਉਦਾਸੀ ਘੇਰਦੀ ਹੈ ਤੇ ਆਤਮਘਾਤ ਲਈ ਮਨੁੱਖ ਸੋਚਣ ਲੱਗ ਪੈਂਦਾ ਹੈ।

ਆਤਮਘਾਤ ਇਕ ਪਾਗਲਪਨ ਹੈ, ਬੁਜ਼ਦਿਲੀ ਹੈ, ਇਸੇ ਹੀ ਜੀਵਨ ਦੇ ਅਨਘੜੇ ਪੱਥਰ ਨੂੰ ਘੜ ਕੇ ਮੂਰਤੀਮਾਨ ਕੀਤਾ ਜਾ ਸਕਦਾ ਸੀ—ਠੀਕ ਇਹ ਅਨਘੜਿਆ ਪੱਥਰ ਕਿਸੇ ਕੰਮ ਦਾ ਨਹੀਂ, ਪਰ ਮੂਰਤੀ ਦਾ ਜਨਮ ਵੀ ਇਸੇ ਤੋਂ ਹੋਣਾ ਸੀ। ਜੀਵਨ ਵਿਚ ਭਾਵੇਂ ਕੁਛ ਵੀ ਨਹੀਂ ਹੈ ਪਰ ਇਸ ਅਸਾਰ ਜੀਵਨ ਵਿਚ ਸਾਰ ਦਾ ਜਨਮ ਹੋਣਾ ਸੀ। ਇਸੇ ਜੀਵਨ ਵਿੱਚੋਂ ਪਰਮ ਜੀਵਨ ਦਾ ਜਨਮ ਹੋਣਾ ਸੀ। ਉਸ ਜਨਮ ਦੀ ਝਲਕ ਦੇ ਮਿਲਦਿਆਂ ਜੀਵਨ ਦੀ ਲਾਲਸਾ ਤੇ ਮਰਨ ਦੇ ਭੈ ਤੋਂ ਮਨੁੱਖ ਉੱਚਾ ਹੋ ਜਾਂਦਾ ਹੈ:

**ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥**
**ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ ॥**

*(ਸਿਰੀ ਰਾਗ ਮ: ੧, ਪੰਨਾ 20)*

ਅਗਿਆਨ ਆਸ਼੍ਰਤ ਉਦਾਸੀ ਤੇ ਨਿਰਾਸ਼ਾ ਘੋਰ ਅੰਧਕਾਰ ਹੈ ਤੇ ਉਸ ਅੰਧਕਾਰ ਵਿਚ ਸਿਵਾਏ ਘਾਤ ਕਰਨ ਤੋਂ ਕੁਛ ਬਣਦਾ ਨਹੀਂ।

ਪਰ ਗਿਆਨ ਸਾਧਨਾ ਨਾਲ ਜਗਤ ਅਸਾਰ ਦਿਖਾਈ ਦਿੱਤਾ ਹੈ। ਹੁਣ ਸਾਰੇ ਕਰਮ ਕਰ ਰਿਹਾ ਹੈ, ਫਲ ਦੀ ਕੋਈ ਇੱਛਾ ਨਹੀਂ ਰਹੀ। ਲਾਏ ਹੋਏ ਬੂਟੇ ਫਲ ਤਕ ਪੁੱਜਣ ਯਾ ਨਾ ਪੁੱਜਣ, ਸਭ ਕੁਝ ਜੋ ਪਰਮਾਤਮਾ 'ਤੇ ਸੁੱਟ ਦੇਂਦਾ ਹੈ ਤੇ ਕਰਮ ਵੀ ਸਾਰੇ ਕਰੀ ਜਾਂਦਾ ਹੈ ਤੇ ਫਲ ਦੀ ਇੱਛਾ ਵੀ ਨਹੀਂ ਹੈ:

**ਕਾਹੂ ਫਲ ਕੀ ਇਛਾ ਨਹੀ ਬਾਛੈ ॥**
**ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥**

*(ਗਉੜੀ ਸੁਖਮਨੀ ਮਹਲਾ ੫, ਪੰਨਾ 274)*

ਇਸ ਤਰ੍ਹਾਂ ਦਾ ਮਨੁੱਖ ਆਸਾ ਵਿਚ ਨਿਰਾਸ਼ ਹੈ, ਉਦਾਸੀ ਹੈ ਤੇ ਇਸ ਤਰ੍ਹਾਂ ਦੇ ਉਦਾਸੀ, ਨਿਰਾਸ਼ ਨੂੰ ਪਰਮਾਤਮਾ ਲਾਜ਼ਮੀ ਮਿਲਦਾ ਹੈ:

**ਆਸਾ ਮਾਹਿ ਨਿਰਾਸੁ ਵਲਾਏ ॥**
**ਨਿਹਚਉ ਨਾਨਕ ਕਰਤੇ ਪਾਏ ॥** *(ਰਾਮਕਲੀ ਮ: ੧, ਪੰਨਾ 877)*

ਜਗਤ ਵਿਚ ਹੀ ਲੀਨ ਰਚਿਆ-ਮਿਚਿਆ ਤਾਂ ਮਿਥਿਆ ਜਗਤ ਵਿਚ ਲੀਨ ਆਪ ਵੀ ਮਿਥਿਆ ਹੋ ਜਾਂਦਾ ਹੈ। ਪਰਮਾਤਮਾ ਤੱਤ ਵਿਚ ਲੀਨ, ਜਗਤ ਨੂੰ ਅਸਾਰ ਸਮਝ ਕੇ ਕਰਮ ਕਰਨ ਵਾਲਾ ਉਦਾਸੀ ਤੱਤ ਨੂੰ ਪ੍ਰਾਪਤ ਹੁੰਦਾ ਹੈ।

ਜਿਸ ਦਿਨ ਇਹ ਬੋਧ ਹੋ ਜਾਵੇ ਕਿ ਜਗਤ ਵਿਚ ਐਸਾ ਕੁਛ ਵੀ ਨਹੀਂ ਹੈ, ਜਿਸ ਨਾਲ ਮੇਰੀ ਤ੍ਰਿਪਤੀ ਹੋ ਸਕੇ। ਮੇਰੀ ਪੂਰਤੀ ਹੋ ਸਕਦੀ ਹੈ, ਮੇਰੀ ਤ੍ਰਿਪਤੀ ਨਹੀਂ ਹੋ ਸਕਦੀ। ਬੱਸ ਇਸ ਬੋਧ ਦੇ ਮਿਲਦਿਆਂ ਸੱਚੀ ਉਦ ਾਸੀ ਦਾ ਜਨਮ ਹੁੰਦਾ ਹੈ ਤੇ ਇਸ ਤਰ੍ਹਾਂ ਦੀ ਉਦਾਸੀ ਮਿਲੇ ਬਿਨਾਂ ਸੰਸਾਰ ਤੋਂ ਉੱਚਾ ਉੱਠਣਾ ਔਖਾ ਹੈ।

# ਨਿੰਦ੍ਰਾ

ਸਰੀਰ ਲਈ ਭੋਜਨ ਪਾਣੀ ਜਿਵੇਂ ਜ਼ਰੂਰੀ ਹੈ, ਨੀਂਦ ਵੀ ਉਤਨੀ ਲਾਜ਼ਮੀ ਹੈ। ਭੋਜਨ ਪਾਣੀ ਤਾਂ ਫਿਰ ਵੀ ਸਾਨੂੰ ਲੱਭਣਾ ਪੈਂਦਾ ਹੈ ਪਰ ਨੀਂਦ ਤਾਂ ਆਪਣੇ ਆਪ ਸਰੀਰ ਲੱਭ ਲੈਂਦਾ ਹੈ।

ਗਹਿਰੀ ਨੀਂਦ ਤੋਂ ਬਾਅਦ ਗਹਿਰੀ ਤਾਜ਼ਗੀ ਮਿਲਦੀ ਹੈ ਤੇ ਦਿਨ ਭਰ ਮਨੁੱਖ ਕੰਮ ਕਰਨ ਜੋਗਾ ਹੋ ਜਾਂਦਾ ਹੈ।

ਚੇਤਨਾ ਦੀਆਂ ਤਿੰਨ ਅਵਸਥਾ ਹਨ: ਜਾਗ੍ਰਿਤ, ਸੁਪਨ, ਸਖੋਪਤ (ਸਸ਼ੁਪਤੀ)। ਸੌਣ ਲੱਗਿਆਂ ਇਕ-ਦਮ ਗਹਿਰੀ ਨੀਂਦ ਨਹੀਂ ਆਂਵਦੀ। ਸਰੀਰ ਤਾਂ ਸੌਂ ਜਾਂਦਾ ਹੈ, ਪਰ ਦਿਮਾਗ਼ ਕੰਮ ਕਰਦਾ ਹੈ। ਕਲਪਨਾ ਦੀ ਦੁਨੀਆ ਸ਼ੁਰੂ ਹੋ ਜਾਂਦੀ ਹੈ। ਸੁਪਨੇ ਚੱਲ ਪੈਂਦੇ ਹਨ ਔਰ ਏਹੀ ਸੁਪਨੇ ਅਗਰ ਸਾਰੀ ਰਾਤ ਚੱਲਦੇ ਰਹਿਣ ਤਾਂ ਸਵੇਰੇ ਉਠ ਕੇ ਥਕੇਵਾਂ ਬਣਿਆ ਰਹਿੰਦਾ ਹੈ, ਕਿਉਂਕਿ ਮਨ ਸਾਰੀ ਰਾਤ ਕੰਮ ਕਰਦਾ ਰਿਹਾ ਹੈ, ਜਿਥੇ ਥੋੜੀ ਦੇਰ ਲਈ ਮਨ ਵੀ ਬਿਸਰਾਮ ਵਿਚ ਚਲਾ ਜਾਂਦਾ ਹੈ, ਉਸ ਹਾਲਤ ਨੂੰ ਸਖੋਪਤੀ ਆਖਦੇ ਹਨ। ਉਹ ਗਹਿਰੀ ਨੀਂਦ ਅਗਰ ਪੰਜ ਯਾ ਦਸ ਮਿੰਟ ਲਈ ਨਾ ਆਵੇ ਤਾਂ ਸਰੀਰ ਵਿਚ ਅਨੇਕਾਂ ਰੋਗ ਪੈਦਾ ਹੋ ਸਕਦੇ ਹਨ ਤੇ ਮਾਨਸਿਕ ਸੰਤੁਲਨ ਵੀ ਵਿਗੜਨ ਦਾ ਡਰ ਹੁੰਦਾ ਹੈ। ਸਖੋਪਤੀ ਦੀ ਹਾਲਤ ਵਿਚ ਹੀ ਆਤਮ-ਅਭਿਆਸੀ ਨੂੰ ਸਮਾਧੀ ਦਾ ਬੋਧ ਮਿਲਿਆ ਹੈ। ਸਖੋਪਤੀ ਪਰਮ ਨਿੰਦ੍ਰਾ ਹੈ ਤੇ ਸਮਾਧੀ ਪਰਮ ਜਾਗਣ ਹੈ। ਦਿਨ ਤੋਂ ਰਾਤ ਦੀ ਹੋਂਦ ਸਰੀਰ ਲਈ ਸੌਣ ਤੇ ਜਾਗਣ ਲਈ ਹੈ।

ਸੱਚ ਤਾਂ ਇਹ ਹੈ ਜਿਥੇ ਨੀਂਦ ਪੂਰਨ ਹੈ, ਉਥੇ ਹੀ ਜਾਗਣ ਪੂਰਨ ਹੈ। ਜਿਥੇ ਨੀਂਦ ਅਧੂਰੀ ਹੈ, ਸਾਰੀ ਰਾਤ ਸੁਪਨੇ ਹੀ ਚੱਲਦੇ ਰਹੇ, ਉਥੇ ਜਾਗਣ ਵੀ ਅਧੂਰਾ ਹੋਵੇਗਾ। ਜੀਵਨ-ਵਿਕਾਸ ਲਈ ਜਿਥੇ ਨੀਂਦ ਲਾਜ਼ਮੀ ਹੈ, ਉਤਨਾ ਹੀ ਜਾਗਣ ਲਾਜ਼ਮੀ ਹੈ। ਜਾਗਣ ਨੂੰ ਕੱਢ ਦੇਈਏ ਤਾਂ ਨੀਂਦ ਮੌਤ ਹੈ। ਨੀਂਦ ਵਿਚ ਵਕਤੀ ਤੌਰ 'ਤੇ ਸੰਸਾਰ ਨਾਲ ਸੰਬੰਧ ਟੁੱਟਦਾ ਹੈ, ਮੌਤ ਨਾਲ ਹਮੇਸ਼ਾ ਲਈ ਟੁੱਟ ਜਾਂਦਾ ਹੈ। ਆਮ ਮਨੁੱਖੀ ਜੀਵਨ ਵਿਚ ਅਧੂਰੀ ਨੀਂਦ ਹੈ, ਇਸ ਵਾਸਤੇ ਜਾਗਣ ਵੀ ਅਧੂਰਾ ਹੈ। ਅਧੂਰੇ ਜਾਗਣ ਨਾਲ ਅਧੂਰੇ ਹੀ ਸੰਬੰਧ ਜੁੜਦੇ ਹਨ। ਜਾਗਦੇ

ਜਗਤ ਨਾਲ ਸੰਬੰਧ ਜੁੜ ਗਿਆ ਪਰ ਜਗਤ ਦੇ ਕਰਤੇ ਨਾਲ ਸੰਬੰਧ ਵਛਿਨ ਹੀ ਰਿਹਾ। ਗੁਰਬਾਣੀ ਨੇ ਬਹੁ-ਪੱਖੀ ਸੌਣਾ ਜਾਗਣਾ ਮੰਨਿਆ ਹੈ:

**ਜਾਗੈ ਸੁਕਦੇਉ ਅਰੁ ਅਕੂਰੁ ॥**
**ਹਣਵੰਤੁ ਜਾਗੈ ਧਰਿ ਲੰਕੂਰੁ ॥**
**ਸੰਕਰੁ ਜਾਗੈ ਚਰਨ ਸੇਵ ॥**
**ਕਲਿ ਜਾਗੇ ਨਾਮਾ ਜੈਦੇਵ ॥**
**ਜਾਗਤ ਸੋਵਤ ਬਹੁ ਪ੍ਰਕਾਰ ॥**
**ਗੁਰਮੁਖਿ ਜਾਗੈ ਸੋਈ ਸਾਰੁ ॥** *(ਬਸੰਤ ਕਬੀਰ ਜੀ, ਪੰਨਾ 1193)*

ਅਗਰ ਨਿਰੰਕਾਰ ਨਾਲ ਸੰਬੰਧ ਨਹੀਂ ਤਾਂ ਸਾਡਾ ਜਾਗਣਾ ਅਧੂਰਾ ਹੈ। ਸੌਂ ਕੇ ਤਾਂ ਸਿਰਫ਼ ਬਿਸਰਾਮ ਹੀ ਕਰ ਸਕਦੇ ਹਾਂ। ਸਰੀਰਕ ਵਿਕਾਸ ਲਈ ਸੌਣਾ ਲਾਜ਼ਮੀ ਹੈ, ਪਰ ਚੇਤਨਾ ਦੇ ਵਿਕਾਸ ਲਈ ਤਾਂ ਜਾਗਣ ਲਾਜ਼ਮੀ ਹੈ। ਕੋਈ ਕੰਮ ਪੂਰਨ ਕਰਨ ਲਈ ਜਾਗ੍ਰਤੀ ਚਾਹੀਦੀ ਹੈ। ਸੁੱਤਾ ਮਨੁੱਖ ਕੰਮ-ਧੰਦੇ ਨਹੀਂ ਕਰ ਸਕਦਾ। ਦੁਕਾਨ ਨਹੀਂ ਚਲਾ ਸਕੇਗਾ। ਰੇਲ ਗੱਡੀ ਮੋਟਰ ਵਗ਼ੈਰਾ ਜਾਗਦੇ ਹੀ ਚਲਾਏ ਜਾ ਸਕਦੇ ਹਨ। ਰਾਤ ਸੁੱਤੇ ਪਏ ਸੁਪਨੇ ਵਿਚ ਰੋਟੀ ਯਾ ਪਾਣੀ ਪੀਣ ਨਾਲ ਭੁੱਖ ਤੇ ਪਿਆਸ ਨਹੀਂ ਮਿਟਦੀ। ਜਾਗ੍ਰਤੀ ਵਿਚ ਖਾ ਪੀ ਕੇ ਹੀ ਮਿਟੇਗੀ।

ਪਰਮਾਤਮਾ ਦਾ ਸੰਬੰਧ ਤੇ ਉਸ ਨਾਮ ਦਾ ਰਸ ਆਨੰਦ ਮਾਨਣ ਤੇ ਪੂਰਨ ਤ੍ਰਿਪਤੀ ਰਜੇਵੇਂ ਲਈ ਤਾਂ ਪੂਰਨ ਜਾਗ੍ਰਣ ਚਾਹੀਦਾ ਹੈ। ਸਾਡੀ ਅੱਧੀ ਚੇਤਨਾ ਚੂੰਕਿ ਹਰ ਵਕਤ ਸੁੱਤੀ ਪਈ ਹੈ, ਇਸ ਲਈ ਗਿਆਨ-ਇੰਦਰੇ ਵੀ ਸੁੱਤੇ ਹੀ ਰਹਿੰਦੇ ਹਨ:

**ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥**
**ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥**
**ਰਸਨਾ ਸੋਈ ਲੋਭਿ ਮੀਠੈ ਸਾਦਿ ॥**
**ਮਨੁ ਸੋਇਆ ਮਾਇਆ ਬਿਸਮਾਦਿ ॥੧॥**
**ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥**
**ਸਾਬਤੁ ਵਸਤੁ ਓਹੁ ਅਪਨੀ ਲਹੈ ॥** *(ਗਉੜੀ ਗੁਆਰੇਰੀ ਮ: ੫, ਪੰਨਾ 182)*

ਸਾਬਤ ਵਸਤੂ ਪਰਮਾਤਮਾ ਦਾ ਮਿਲਣ ਹੈ ਤੇ ਪਰਮਾਤਮ-ਰਸ ਲਈ ਪੂਰਨ ਜਾਗ੍ਰਣ ਚਾਹੀਦਾ ਹੈ।

ਅੱਖਾਂ ਨੂੰ ਸੰਸਾਰ ਦਾ ਰੂਪ ਰੰਗ ਤੇ ਧਨ ਦਿਖਾਈ ਦੇਂਦਾ ਹੈ, ਪਰ ਅਕਾਲ ਪੁਰਖ ਨਹੀਂ ਦਿਖਾਈ ਦੇਂਦਾ।

ਕੰਠ ਸੰਸਾਰਕ ਰਸਾਂ ਦੇ ਗੀਤ ਤੇ ਨਿੰਦਾ ਆਦਿਕ ਸੁਣ ਕੇ ਰਸ ਮਾਣਦੇ ਹਨ, ਪਰ ਗੁਰਬਾਣੀ ਤੇ ਕੀਰਤਨ ਰਸ ਤੋਂ ਵਾਂਝੇ ਹਨ।

ਰਸਨਾ ਭੋਜਨ ਦਾ ਰਸ ਤਾਂ ਮਾਣਦੀ ਹੈ, ਪਰ ਭਜਨ ਦਾ ਰਸ ਨਹੀਂ ਮਾਣਦੀ ਤੇ ਮਨ ਸੰਸਾਰ ਦੀ ਲੀਲ੍ਹਾ ਵਿਚ ਹੀ ਸੁੱਤਾ ਰਹਿੰਦਾ ਹੈ, ਇਸ ਤਰ੍ਹਾਂ ਸਾਡੇ ਗਿਆਨ-ਇੰਦਰੇ ਅੱਧੇ ਕੰਮ ਕਰ ਰਹੇ ਹਨ, ਪੂਰਨ ਕੰਮ ਨਹੀਂ ਕਰਦੇ।

ਇਸ ਨੂੰ ਅਧਿਆਤਮ ਅਧਰੰਗ ਵੀ ਆਖ ਸਕਦੇ ਹਾਂ। ਅੱਧੀ ਸ਼ਕਤੀ ਕੰਮ ਕਰ ਰਹੀ ਤੇ ਅੱਧੀ ਸੁੱਤੀ ਪਈ ਹੈ, ਇਸ ਵਾਸਤੇ ਬੋਧ ਵੀ ਅੱਧਾ ਹੈ।

ਸਾਡੇ ਦੇਸ਼ ਦੇ ਧਾਰਮਿਕ ਇਤਿਹਾਸ ਵਿਚ ਕੁੰਭਕਰਨ ਦਾ ਜ਼ਿਕਰ ਹੈ ਜੋ ਰਾਵਣ ਦਾ ਭਾਈ ਸੀ। ਉਹ ਬਹੁਤ ਗਹਿਰੀ ਨੀਂਦ ਸੌਂਦਾ ਸੀ ਤੇ ਸੌਣਾ ਹੀ ਉਸ ਦੀ ਜ਼ਿੰਦਗੀ ਦਾ ਲਕਸ਼ ਸੀ। ਜਦ ਕਦੇ ਰਾਵਣ ਨੂੰ ਆਪਣੇ ਭਰਾ ਦੀ ਲੋੜ ਪਵੇ ਤਾਂ ਉਸ ਨੂੰ ਜਗਾਉਣ ਲਈ ਢੋਲ ਮ੍ਰਿਦੰਗ ਨਗਾਰੇ ਤੇ ਨਰਸਿੰਘੇ ਤੇ ਸੰਖ ਇਤਿਆਦਿਕ ਵਜਾਏ ਜਾਂਦੇ ਸਨ, ਤੇ ਫਿਰ ਕਿਧਰੇ ਉਹ ਜਾਗਦਾ ਸੀ।

ਕੁੰਭਕਰਨ ਧੰਨ ਹੈ, ਜਾਗ ਤਾਂ ਪਿਆ ਹੈ, ਪਰ ਅਸੀਂ ਤਾਂ ਨਹੀਂ ਜਾਗੇ। ਕਿਤਨੀਆਂ ਢੋਲਕਾਂ ਤੇ ਤਬਲੇ ਫਟ ਗਏ। ਗਾ ਗਾ ਕੇ ਕਿਤਨੇ ਰਾਗੀਆਂ ਦੇ ਗਲੇ ਖ਼ਰਾਬ ਹੋ ਗਏ। ਉੱਚੀ ਉੱਚੀ ਪਾਠ ਦੀਆਂ ਕਿਤਨੀਆਂ ਧੁਨੀਆਂ ਸੁਣੀਆਂ ਤੇ ਕਥਾਵਾਂ ਸੁਣੀਆਂ ਪਰ ਨਹੀਂ ਜਾਗੇ। ਜਾਪਦਾ ਹੈ ਨੀਂਦ ਬਹੁਤ ਗਹਿਰੀ ਹੈ ਔਰ ਜਨਮਾਂ-ਜਨਮਾਂ ਦੀ ਹੈ। ਤਦੇ ਤਾਂ ਕੀਰਤਨ ਕਥਾ ਵਿਚ ਉਬਾਸੀਆਂ ਆਵਣ ਲੱਗ ਪੈਂਦੀਆਂ ਹਨ ਤੇ ਨੀਂਦ ਵੀ ਆ ਜਾਂਦੀ ਹੈ। ਕੋਈ ਸੁੱਤਾ ਪਿਆ ਹੈ, ਉਸ ਨੂੰ ਜਗਾਉਣ ਲਈ ਖੜਾਕ (ਆਵਾਜ਼) ਕਰਨੀ ਪੈਂਦੀ ਹੈ। ਗੁਰ-ਸ਼ਬਦ ਦੀ ਗੁੰਜਾਰ ਨਾਲ ਸੁੱਤੇ ਮਨ ਨੂੰ ਜਗਾਉਣਾ ਹੈ:

**ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ॥**

*(ਸੂਹੀ ਅਸਟ ਮ: 4, ਪੰਨਾ 758)*

ਸਰੀਰ ਜਾਗੇਗਾ, ਫਿਰ ਸੌਂਵੇਗਾ। ਇਹ ਸਰੀਰ ਦੀ ਪ੍ਰਕ੍ਰਿਤੀ ਹੈ। ਪਰ ਜੇ ਇਕ ਦਫ਼ਾ ਸੁੱਤੀ ਚੇਤਨਾ ਜਾਗ ਪਵੇ ਤਾਂ ਫਿਰ ਸੌਣਾ ਨਹੀਂ ਹੈ। ਫਿਰ ਅੱਠੇ ਪਹਿਰ ਪਰਮ-ਅਨੰਦ ਦੀ ਬਰਖਾ ਹੈ। ਉਹ ਨਿੱਤ ਦਾ ਜਾਗਣ ਹੈ ਤੇ ਨਿੱਤ ਦੇ ਜਾਗਣ ਦਾ ਉਪਦੇਸ਼ ਸਤਿਗੁਰੂ ਜੀ ਕਰ ਰਹੇ ਹਨ:

**ਨਿਤ ਨਿਤ ਜਾਗਰਣੁ ਕਰਹੁ ਸਦਾ ਸਦਾ ਆਨੰਦੁ ਜਪਿ ਜਗਦੀਸੁੋਰਾ॥**

*(ਸਾਰੰਗ ਮ: 4, ਪੰਨਾ 1201)*

ਨਿੱਤ ਦਾ ਜਾਗ੍ਰਣ ਹੀ ਜੀਵਨ ਹੈ ਤੇ ਧਰਮ ਦੀ ਸਾਧਨਾ ਨਿੱਤ ਜਾਗ੍ਰਣ ਲਈ ਹੈ। ਨਾਮ ਦਾ ਰਸ ਮਿਲਦਿਆਂ ਚੇਤਨਾ ਐਸੀ ਜਾਗਦੀ ਹੈ, ਫਿਰ ਸੌਣਾ ਨਹੀਂ ਹੈ:

**ਸੇ ਜਨ ਜਾਗੇ ਜਿਨ ਨਾਮ ਪਿਆਰਿ॥**

*(ਗਉੜੀ ਗੁਆਰੇਰੀ ਮ: 3, ਪੰਨਾ 160)*

ਗੁਰਬਾਣੀ ਨੇ ਉਨ੍ਹਾਂ ਜਾਗੀਆਂ ਹੋਈਆਂ ਹਸਤੀਆਂ ਦਾ ਬਾਕਾਇਦਾ ਜ਼ਿਕਰ ਕੀਤਾ ਹੈ। ਕੌਣ ਕੌਣ ਜਾਗੇ ਹਨ:

**ਜਾਗੈ ਸੁਕਦੇਉ ਅਰੁ ਅਕੂਰੁ ॥**
**ਹਣਵੰਤੁ ਜਾਗੈ ਧਰਿ ਲੰਕੂਰੁ ॥**
**ਸੰਕਰੁ ਜਾਗੈ ਚਰਨ ਸੇਵ ॥**
**ਕਲਿ ਜਾਗੇ ਨਾਮਾ ਜੈਦੇਵ ॥** *(ਬਸੰਤ ਕਬੀਰ ਜੀ, ਪੰਨੇ 1193-94)*

ਮਨ ਦੇ ਅਧੀਨ ਚੱਲਣ ਵਾਲਾ ਤਾਂ ਸਾਰੀ ਜ਼ਿੰਦਗੀ ਸੁੱਤਾ ਹੀ ਰਹਿ ਜਾਂਦਾ ਹੈ। ਨਾਮ-ਰਸ ਵਿਚ ਜਾਗਣਾ ਹੀ ਅਸਲ ਜਾਗ੍ਰਣ ਤੇ ਪੂਰਨ ਜਾਗ੍ਰਣ ਹੈ:

**ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥**
*(ਮਾਰੂ ਮ: 8, ਪੰਨਾ 1018)*

ਜੀਵਨ ਹਮੇਸ਼ਾ ਲਈ ਸੌਂ ਜਾਵੇ, ਉਸ ਤੋਂ ਪਹਿਲੇ ਇਹ ਜਾਗ੍ਰਣ ਮਿਲ ਜਾਵੇ ਤਾਂ ਜਨਮ-ਜੀਵਨ ਸਫਲ ਸਮਝੋ। ਨਹੀਂ ਤਾਂ:

**...ਸੁਤਿਆ ਰੈਣਿ ਵਿਹਾਇ ॥** *(ਸਿਰੀਰਾਗੁ ਮ: ੩, ਪੰਨਾ 36)*

ਪਸ਼ੂ, ਬਨਸਪਤੀ ਤੇ ਪੱਥਰਾਂ ਵਿਚ ਅਸੀਂ ਕਾਫ਼ੀ ਸੌਂ ਚੁੱਕੇ ਹਾਂ, ਪਰ ਹੁਣ ਮਨੁੱਖਾ-ਦੇਹੀ ਵਿਚ ਅਗਰ ਇਹ ਜਾਗ੍ਰਣ ਨਾ ਮਿਲ ਸਕਿਆ ਤਾਂ ਅਉਸਰ ਗਵਾ ਲਿਆ ਸਮਝੋ।

# ਜੀਵਨ

ਜੀਵਨ ਕੀ ਹੈ ? ਕਿਥੋਂ ਹੈ ? ਤੇ ਕਿਉਂ ਹੈ ? ਬੌਧਿਕ ਪੁਰਸ਼ ਅੰਦਰ ਇਹ ਵਿਚਾਰ ਜ਼ਰੂਰ ਜਨਮ ਲੈਂਦੇ ਹਨ ਤੇ ਉਹ ਆਤਮਾ ਦੇ ਡੂੰਘੇ ਤਲ ਵਿਚ ਜਾ, ਜੀਵਨ ਦਾ ਸਾਰ ਲੱਭਦਾ ਹੈ। ਜੀਵਨ ਦਾ ਆਦਿ ਕੀ ਹੈ ? ਅੰਤ ਕੀ ਹੈ ? ਇਹ ਲਾਲਸਾ ਚਿਰਾਂ ਤੋਂ ਚਲੀ ਆਈ ਹੈ। ਸਭ ਤੋਂ ਪਹਿਲੇ ਪੂਰੇ ਯਤਨ ਨਾਲ ਵੇਦਾਂ ਦੇ ਜਨਮ-ਦਾਤੇ ਬ੍ਰਹਮੇ ਨੇ ਜੀਵਨ ਦਾ ਆਦਿ ਲੱਭਣ ਦੀ ਕੋਸ਼ਿਸ਼ ਕੀਤੀ ਪਰ ਜੀਵਨ-ਯਾਤਰਾ ਇਤਨੀ ਲੰਬੀ ਤੇ ਜੀਵਨ ਦਾ ਇਤਨਾ ਵੱਡਾ ਵਿਸਥਾਰ ਵੇਖ, ਵਿਸਮਾਦ ਹੋ, ਪਿੱਛੇ ਮੁੜਿਆ ਤੇ ਜੋ ਕੁਛ ਖੋਜ ਨਾਲ ਲੱਭਿਆ, ਉਸ ਤੋਂ ਇਨਕਾਰੀ ਹੋਇਆ, ਨੇਤੀ ਨੇਤੀ ਕਹਿ ਉਠਿਆ। ਇਹ ਵੀ ਨਹੀਂ, ਇਹ ਵੀ ਨਹੀਂ, ਕੁਛ ਹੋਰ ਹੈ, ਕੁਛ ਹੋਰ ਹੈ, ਜੋ ਪਕੜ ਵਿਚ ਨਹੀਂ ਆ ਰਿਹਾ। ਪ੍ਰਕ੍ਰਿਤੀ ਦੇ ਖੋਜੀ ਤੇ ਆਤਮ-ਖੋਜੀ ਆਪਣੇ ਆਪਣੇ ਢੰਗ ਨਾਲ ਖੋਜ ਕਰਦੇ ਰਹੇ। ਜੀਵਨ ਕੀ ਹੈ ? ਕਿਉਂ ਹੈ ? ਕਿਥੋਂ ਹੈ ? ਕੁਝ ਝਲਕਾਂ ਪੂਰਨ ਤਾਂ ਨਹੀਂ, ਫਿਰ ਵੀ ਸੰਕੇਤ ਮਿਲਦੇ ਹਨ।

ਈਰਾਨ ਦਾ ਸੂਫ਼ੀ ਸੰਤ ਸ਼ਮਸ ਤਬਰੇਜ਼ ਕਹਿੰਦਾ ਹੈ: ਮੇਰੀ ਜੀਵਨ-ਯਾਤਰਾ ਬਹੁਤ ਲੰਬੀ ਹੈ। ਮੈਂ ਖ਼ੁਦਾ ਦਾ ਖੋਜੀ ਕਦੀਮੀ ਹਾਂ, ਪੁਰਾਣਾ ਹਾਂ, ਪਰ ਫਿਰ ਵੀ ਕਿਤਨੇ ਸਮੇਂ ਤੋਂ ਤਲਾਸ਼ ਹੈ, ਤਾਂ ਕਹਿੰਦਾ ਹੈ ਅਜੇ ਜ਼ਮੀਨ, ਆਸਮਾਨ, ਸੂਰਜ, ਚੰਦ, ਤਾਰੇ ਤੇ ਪਸ਼ੂ-ਪੰਛੀ ਤੇ ਮਨੁੱਖੀ ਜੀਵਨ ਹੋਂਦ ਵਿਚ ਨਹੀਂ ਆਇਆ ਸੀ, ਮੈਂ ਉਦੋਂ ਦਾ ਖ਼ੁਦਾ ਦੀ ਯਾਦ ਵਿਚ ਬੈਠਾ ਹਾਂ ਔਰ ਮੈਂ ਕਦੀਮੀ ਆਸ਼ਿਕ ਹਾਂ। ਪੁਰਾਣਾ ਪ੍ਰੇਮੀ ਹਾਂ :

*ਆਦਮ ਨ ਬੂਦੋ ਮਨ ਬੂਦਮ।*
*ਹੱਵਾ ਨ ਬੂਦੋ ਮਨ ਬੂਦਮ।*
*ਈਂ ਕਸ ਨ ਬੂਦੋ ਮਨ ਬੂਦਮ।*
*ਮਨ ਆਸ਼ਕਿ ਦੇਰੀਨਾਅਮ।* *(ਸ਼ਮਸ ਤਬਰੇਜ਼)*

ਪਰ ਗੁਰੂ-ਘਰ ਦੇ ਅਨਿੰਨ ਭਗਤ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਸੰਨਤਾ ਦੇ ਪਾਤਰ ਭਾਈ ਨੰਦ ਲਾਲ ਜੀ ਦਾ ਕਥਨ ਹੈ ਕਿ ਜ਼ਮੀਨ ਆਸਮਾਨ ਅਜੇ ਵਜੂਦ ਵਿਚ ਨਹੀਂ ਆਏ ਸਨ, ਮੇਰਾ ਮਿਲਣ ਦਾ ਸ਼ੌਕ ਬਹੁਤ ਪੁਰਾਣਾ ਹੈ :

*ਨ ਬੂਦ ਹੇਚ ਜ਼ਮੀਨੋ ਆਸਮਾਂ ਨਿਸ਼ਾਨਹਾ।*
*ਕਿ ਸ਼ੌਕਿ ਯਾਦਿ ਤੋ ਆਵੁਰਦ ਦਰ ਵਜੂਦ ਮਰਾ।*

*(ਭਾਈ ਨੰਦ ਲਾਲ ਜੀ)*

ਇਥੇ ਤਰਕ ਖੜੀ ਹੋ ਸਕਦੀ ਹੈ, ਜਦ ਜ਼ਮੀਨ ਤੇ ਆਸਮਾਨ ਨਹੀਂ ਸੀ ਤਾਂ ਭਾਈ ਸਾਹਿਬ ਕਿਥੇ ਸਨ ? ਤੇ ਕਿਥੇ ਬੈਠ ਕੇ ਪ੍ਰਭੂ ਨੂੰ ਯਾਦ ਕਰ ਰਹੇ ਸਨ ?

ਇਹ ਜੀਵਨ ਦਾ ਪੈਂਡਾ ਬਹੁਤ ਲੰਬਾ ਹੈ। ਇਹ ਧੁੰਧ ਤੋਂ ਚਲਿਆ, ਪਾਣੀ ਬਣਿਆ, ਬਨਸਪਤੀ, ਪਸ਼ੂ-ਪੰਖੀ ਤੇ ਇਸ ਤਰ੍ਹਾਂ ਵਿਕਾਸ ਕਰਦਿਆਂ ਮਨੁੱਖੀ ਦੇਹ ਪ੍ਰਾਪਤ ਹੋਈ ਹੈ :

**ਅਰਬਦ ਨਰਬਦ ਧੁੰਧੂਕਾਰਾ॥** *(ਰਾਗ ਮਾਰੂ ਮ: ੧, ਪੰਨਾ 1035)*

ਸੁਖ ਦੀ ਲਾਲਸਾ ਹਰ ਜੀਵ ਵਿਚ ਹੈ। ਇਹ ਲਾਲਸਾ ਇਤਨੀ ਸੂਖਮ ਵੀ ਹੋ ਸਕਦੀ ਹੈ ਕਿ ਦਿਖਾਈ ਨਾ ਦੇਵੇ, ਮਹਿਸੂਸ ਨਾ ਹੋਵੇ, ਪਰ ਜੀਵਨ ਵਿਚ ਜੋ ਸੁਖ ਲਾਲਸਾ ਛੁਪੀ ਹੈ, ਏਹੀ ਪਰਮਾਤਮਾ ਦੇ ਮਿਲਣ ਦੀ ਲਾਲਸਾ ਹੈ, ਕਿਉਂਕਿ ਸੁਖ ਸਰੂਪ ਤਾਂ ਕੇਵਲ ਅਕਾਲ ਪੁਰਖ ਹੀ ਹੈ।

ਜੀਵਨ ਕੀ ਹੈ ? ਇਸ ਦੇ ਵੱਖ-ਵੱਖ ਪਹਿਲੂ ਗੁਰਬਾਣੀ ਨੇ ਜਗਤ ਦੇ ਸਾਹਮਣੇ ਰੱਖੇ ਹਨ।

ਮਨੁੱਖੀ ਜੀਵਨ ਇਕ ਤੰਤੀ ਸਾਜ਼ ਹੈ, ਇਸ ਵਿੱਚੋਂ ਜੀਵ ਅਨਾਹਦ ਸੰਗੀਤ ਕੱਢ ਸਕੇ, ਕਰਤਾ ਪੁਰਖ ਦੀ ਤਰਫ਼ੋਂ ਇਕ ਅਦੁੱਤੀ ਇਹ ਤੰਤੀ ਸਾਜ਼ ਮਿਲਿਆ ਹੈ, ਇਸ ਸਾਜ਼ ਵਿਚ ਸੁਆਸਾਂ ਦੀ ਗਤੀ ਤਾਰਾਂ ਹਨ।

ਤੰਤੀ ਸਾਜ਼ ਵਿਚ ਸੰਗੀਤ ਕੱਢਣਾ ਹੋਵੇ, ਲੰਬੀ ਸਾਧਨਾ ਕਰਨੀ ਪੈਂਦੀ ਹੈ, ਪਰ ਸਾਜ਼ ਨੂੰ ਤੋੜਨਾ ਆਸਾਨ ਹੈ ਤੇ ਸਾਜ਼ ਇਕ ਦਿਨ ਪੁਰਾਣਾ ਹੋ, ਇਸ ਦੀਆਂ ਤਾਰਾਂ ਕਮਜ਼ੋਰ ਹੋ, ਟੁੱਟ ਜਾਂਦੀਆਂ ਹਨ :

**ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ॥**
**ਜੰਤੁ ਬਿਚਾਰਾ ਕਿਆ ਕਰੈ ਚਲੇ ਬਜਾਵਨਹਾਰ॥**

*(ਸਲੋਕ ਕਬੀਰ ਜੀ, ਪੰਨਾ 1369)*

ਇਸ ਸਾਜ਼ ਦੀਆਂ ਤਾਰਾਂ ਵਿੱਚੋਂ ਰੱਬੀ ਨਗ਼ਮਾ ਕੱਢਣਾ ਹੈ :

**ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ॥**

*(ਬਿਹਾਗੜੇ ਦੀ ਵਾਰ ਮ: ੩, ਪੰਨਾ 556)*

*ਲਬਾ ਲਬ ਬਿਕੁਨ ਦਮ-ਬ-ਦਮ ਨੌਸ਼ ਕੁਨ।*
*ਗ਼ਮੇ ਹਰ ਦੋ ਆਲਮ ਫ਼ਰਾਮੋਸ਼ ਕੁਨ।*

ਜੀਵਨ ਇਕ ਪ੍ਰਭੂ-ਪ੍ਰਾਪਤੀ ਲਈ ਅਉਸਰ ਹੈ। ਇਸ ਅਉਸਰ ਤੋਂ ਲਾਭ ਨਾ ਉਠਾਇਆ ਤਾਂ ਬਾਰ ਬਾਰ ਇਹ ਅਉਸਰ ਮਿਲਣਾ ਔਖਾ ਹੈ :

ਅਉਸਰੁ ਚੁਕਾ ਹਥਿ ਨ ਆਵੈ ॥

*(ਭਾਈ ਗੁਰਦਾਸ ਜੀ, ਵਾਰ 5, ਪਉੜੀ 18)*

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ *(ਆਸਾ ਮ: ੫, ਪੰਨਾ 12)*

ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥
ਘਟ ਭੀਤਰਿ ਤੂ ਦੇਖੁ ਬਿਚਾਰਿ ॥ *(ਸ੍ਰੀ ਕਬੀਰ ਜੀ, ਪੰਨਾ 1159)*

ਜੀਵਨ ਇਕ ਪਦਾਰਥ ਹੈ। ਇਸ ਜੀਵਨ ਦੇ ਥਾਲ ਵਿਚ ਨਉ-ਨਿਧ ਨਾਮ ਦਾ ਅੰਮ੍ਰਿਤ ਹੈ, ਪਰ ਮੂੜ੍ਹ ਅਚੇਤ ਇਹ ਜਨਮ-ਜੀਵਨ ਪਦਾਰਥ ਅਜਾਈਂ ਰੋਲ ਛੱਡਦਾ ਹੈ :

ਜਨਮੁ ਪਦਾਰਥੁ ਖੋਇ ਗਵਾਰਾ ॥ *(ਧਨਾਸਰੀ ਮ: ੫, ਪੰਨਾ 676)*

ਜੀਵਨ ਇਕ ਮਾਰਗ ਹੈ, ਐਸਾ ਮਾਰਗ ਜਿਸ ਵਿਚ ਸੁਆਸਾਂ ਦੇ ਕੀਮਤੀ ਮੋਤੀ ਬਿਖਰੇ ਪਏ ਹਨ। ਅੰਧੇ ਦੀ ਤਰ੍ਹਾਂ ਅਸੀਂ ਇਨ੍ਹਾਂ ਮੋਤੀਆਂ ਤੋਂ ਲੰਘ ਕੇ ਆ ਜਾਂਦੇ ਹਾਂ। ਇਸ ਮਾਰਗ 'ਤੇ ਚੱਲ ਕੇ ਪ੍ਰਭੂ ਤਕ ਪਹੁੰਚਣ ਦੀ ਬਜਾਏ ਰਸਤੇ ਵਿਚ ਹੀ ਬੈਠ ਜਾਂਦੇ ਹਾਂ। ਜੀਵਨ ਦਾ ਇਹ ਮਾਰਗ ਸੰਸਾਰ ਤੋਂ ਸ਼ੁਰੂ ਹੋ ਕੇ ਨਿਰੰਕਾਰ ਤਕ ਪੁੱਜਦਾ ਹੈ।

ਜੀਵਨ ਕੁਛ ਪਦਾਰਥ ਜੜ੍ਹ ਅਸਥੂਲ ਸੰਸਾਰ ਦਾ ਹਿੱਸਾ ਹੈ ਤੇ ਜੀਵਨ-ਚੇਤਨਾ ਪਰਮ-ਪ੍ਰਕਾਸ਼ ਪਰਮਾਤਮਾ ਦਾ ਵੀ ਹਿੱਸਾ ਹੈ। ਸੰਸਾਰ ਤੋਂ ਪਰਮ ਪ੍ਰਕਾਸ਼ ਤਕ ਪੁੱਜਣ ਲਈ ਜੀਵਨ ਇਕ ਮਾਰਗ ਹੈ :

ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ ॥
ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ ॥

*(ਸ੍ਰੀ ਕਬੀਰ ਜੀ, ਪੰਨਾ 1370)*

ਜੀਵਨ ਇਕ ਪੌੜੀ ਹੈ। ਸੰਸਾਰ ਤੋਂ ਨਿਰੰਕਾਰ ਤਕ ਅਪੜਨ ਦਾ ਵਸੀਲਾ ਹੈ।

ਪੌੜੀ ਦਾ ਇਕ ਸਿਰਾ ਥੱਲੇ ਜ਼ਮੀਨ 'ਤੇ ਹੁੰਦਾ ਹੈ ਤੇ ਦੂਜਾ ਕੋਠੇ ਨਾਲ। ਜ਼ਮੀਨ 'ਤੇ ਖੜਾ ਜੀਵ ਪਰਮਾਤਮਾ ਦੇ ਕੋਠੇ ਤਕ ਪੁੱਜ ਸਕੇ, ਪਰਮਾਤਮਾ ਵੱਲੋਂ ਮਿਲੀ ਇਹ ਪੌੜੀ ਹੈ, ਜੇ ਇਸ ਪੌੜੀ 'ਤੇ ਐਤਕੀਂ ਨਾ ਚੜ੍ਹ ਸਕਿਆ ਤਾਂ ਥੱਲੇ ਹੀ ਰਹਿ ਜਾਏਗਾ, ਤੇ ਥੱਲੇ ਦਾ ਜੀਵਨ ਤਾਂ ਅਤੀ ਪੀੜਾਦਾਈ ਹੈ :

ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥

*(ਮਾਰੂ ਮਹਲਾ ੫, ਪੰਨਾ 1075)*

ਅਬ ਕੇ ਛੂਟਕੇ ਠਉਰ ਨ ਠਾਇਓ ॥

*(ਗਉੜੀ ਸ੍ਰੀ ਕਬੀਰ ਜੀਉ, ਪੰਨਾ 337)*

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਕਥਨ ਅਨੁਸਾਰ ਜੀਵਨ ਇਕ ਸੁਪਨਾ ਹੈ, ਇਹ ਹੈ ਵੀ ਤੇ ਨਹੀਂ ਵੀ। ਅਗਿਆਨ ਦੀ ਨਿੰਦ੍ਰਾ ਵਿਚ ਇਹ ਹੈ। ਗਿਆਨ ਹੁੰਦਿਆਂ ਸਭ ਬ੍ਰਹਮ ਹੈ:

**ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥**

*(ਸਲੋਕ ਮ: ੯, ਪੰਨਾ 1427)*

**ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥**

*(ਆਸਾ, ਸ੍ਰੀ ਕਬੀਰ ਜੀ, ਪੰਨਾ 482)*

ਫ਼ਰਕ ਸਿਰਫ਼ ਇਤਨਾ ਹੈ ਕਿ ਇਕ ਸੁਪਨਾ ਅਸੀਂ ਉਦੋਂ ਵੇਖਦੇ ਹਾਂ ਜਦ ਅਸੀਂ ਸੌਂ ਜਾਂਦੇ ਹਾਂ। ਅੱਖਾਂ ਬੰਦ ਹੋ ਜਾਂਦੀਆਂ ਹਨ ਤੇ ਉਹ ਬੰਦ ਅੱਖ ਦਾ ਸੁਪਨਾ ਹੈ। ਇਹ ਖੁੱਲ੍ਹੀ ਅੱਖ ਦਾ ਸੁਪਨਾ ਹੈ।

ਆਦਿ ਕਾਲ ਤੋਂ ਰਸਿਕ ਅਨੁਭਵੀ ਪੁਰਸ਼ ਮਨੁੱਖੀ ਜੀਵਨ ਦੇ ਗੀਤ ਗਾਂਵਦੇ ਆਏ ਹਨ ਕਿਉਂਕਿ ਪ੍ਰਭੂ-ਮਿਲਣ ਏਸੇ ਹੀ ਦੇਹੀ ਵਿਚ ਸੰਭਵ ਹੈ। ਦੇਵਤੇ ਪਵਿੱਤਰ ਰੂਹਾਂ ਹਨ ਤੇ ਜਿਨ੍ਹਾਂ ਨੂੰ ਤਨ ਨਹੀਂ ਮਿਲਿਆ, ਇਸ ਦੇਹੀ ਲਈ ਤੜਫਦੀਆਂ ਹਨ ਤੇ ਇਸੇ ਦੇਹੀ ਦੀ ਮੰਗ ਕਰਦੀਆਂ ਹਨ:

**ਇਸ ਦੇਹੀ ਕਉ ਸਿਮਰਹਿ ਦੇਵ ॥**
**ਸੋ ਦੇਹੀ ਭਜੁ ਹਰਿ ਕੀ ਸੇਵ ॥** *(ਸ੍ਰੀ ਕਬੀਰ ਜੀ, ਪੰਨਾ 1159)*

ਪਿਛਲੇ ਜਨਮ, ਨਾਮ-ਸਾਧਨਾ ਜਿਸ ਦੀ ਅਧੂਰੀ ਰਹਿ ਗਈ ਹੈ, ਉਸ ਨੂੰ ਮਰ ਕੇ ਛੇਤੀ ਜਨਮ ਨਹੀਂ ਮਿਲਦਾ ਕਿਉਂਕਿ ਉਸ ਦਾ ਜਨਮ ਹੋ ਸਕੇ, ਮਾਹੌਲ, ਮਾਂ-ਬਾਪ ਚੰਗੇ ਚਾਹੀਦੇ ਹਨ। ਸੋ ਐਸੇ ਮਾਂ-ਬਾਪ ਦੁਰਲੱਭ ਹਨ ਜਿਥੇ ਐਸੀਆਂ ਪਵਿੱਤਰ ਰੂਹਾਂ ਦੇਹ ਨਾਲ ਜਨਮ ਲੈਂਦੀਆਂ ਹਨ।

ਮਨੁੱਖੀ ਤਨ ਦੀ ਇਹ ਮਹਾਨਤਾ ਹੈ ਕਿ ਇਹ ਪਰਮਾਤਮਾ ਦੇ ਮਿਲਣ ਦਾ ਸਾਧਨ ਹੈ। ਸੋ ਪਵਿੱਤਰ ਰੂਹਾਂ ਮਨੁੱਖੀ ਤਨ ਲਈ ਪ੍ਰਯਤਨਸ਼ੀਲ ਰਹਿੰਦੀਆਂ ਹਨ।

# ਨਾਮ-ਖ਼ੁਮਾਰੀ

ਮਖ਼ਮੂਰੀ, ਸਰੂਰ, ਖ਼ੁਮਾਰੀ ਸਿਰਫ਼ ਮਨੁੱਖ ਦੇ ਅਨਭਵ ਵਿਚ ਆਈ ਹੈ, ਬਾਕੀ ਜੂਨਾਂ ਇਸ ਤੋਂ ਅਨਜਾਣ ਹਨ। ਖ਼ੁਮਾਰੀ ਉਸ ਵਕਤ ਤਾਰੀ ਹੁੰਦੀ ਹੈ, ਸਰੂਰ ਓਦੋਂ ਮਿਲਦਾ ਹੈ ਜਦ ਚਿੰਤਾ ਫ਼ਿਕਰ ਦਾ ਬੋਝ ਲੱਥਦਾ ਹੈ। ਭਵਿੱਖ ਤੇ ਭੂਤਕਾਲ ਖੋਹ ਜਾਂਦਾ ਹੈ, ਸਿਰਫ਼ ਵਰਤਮਾਨ ਹੀ ਰਹਿ ਜਾਂਦਾ ਹੈ। ਇਸ ਵਾਸਤੇ ਕਵੀ (ਸ਼ਾਇਰ) ਲੋਕਾਂ ਤੇ ਮਹਾਂਪੁਰਸ਼ਾਂ ਨੇ ਸਰੂਰ, ਮਸਤੀ, ਖ਼ੁਮਾਰੀ ਦੀ ਚਰਚਾ ਬਹੁਤ ਕੀਤੀ ਹੈ। ਆਪਣੇ ਗੀਤਾਂ ਅੰਦਰ ਮਖ਼ਮੂਰੀ ਦੇ ਵਿਸ਼ੇ ਨੂੰ ਖ਼ਾਸ ਥਾਂ ਦਿੱਤੀ ਹੈ। ਫ਼ਿਕਰ ਚਿੰਤਾਵਾਂ ਜਦ ਇਕ ਪਾਸੇ ਹੋਣ, ਨੇਤਰਾਂ ਵਿਚ ਇਕ ਅਜੀਬ ਪਵਿੱਤਰਤਾ ਝਲਕਦੀ ਹੈ ਤੇ ਮਸਤਕ ਦਾ ਰੰਗ ਨਿਖਰਦਾ ਹੈ, ਇਸ ਵਾਸਤੇ ਖ਼ੁਮਾਰੀ ਸਰੂਰ ਛੁਪਾਇਆ ਨਹੀਂ ਜਾ ਸਕਦਾ। ਮਨੁੱਖੀ ਮਨ ਦਾ ਸੁਭਾਉ ਤ੍ਰਿਸ਼ਨਾਲੂ ਹੈ, ਵਾਸ਼ਨਾ ਵਿਚ ਰਹਿਣਾ ਹੈ ਤੇ ਤ੍ਰਿਸ਼ਨਾ ਵਾਸ਼ਨਾ ਚਿੰਤਾ ਨੂੰ ਜਨਮ ਦੇਂਦੀ ਹੈ ਤੇ ਚਿੰਤਾ ਚਿਹਰੇ ਨੂੰ ਕਰੂਪ ਕਰ ਦੇਂਦੀ ਹੈ। ਪਥਰੇਲਾ-ਪਨ ਅੱਖਾਂ ਵਿਚ ਪ੍ਰਗਟ ਹੋਣ ਲੱਗ ਪੈਂਦਾ ਹੈ। ਸਰੂਰ ਦੀ ਤੜਪ ਤਾਂ ਪ੍ਰਾਣਾਂ ਵਿਚ ਹੁੰਦੀ ਹੈ, ਪਰ ਵਿਗੜੀ ਹੋਈ ਮਾਨਸਿਕ ਦਸ਼ਾ ਕਰਕੇ ਸਰੂਰ ਮਿਲਦਾ ਨਹੀਂ, ਤਾਂ ਫਿਰ ਮਨੁੱਖ ਮਸਨੂਈ (ਬਨਾਵਟੀ) ਸਰੂਰ-ਖ਼ੁਮਾਰੀ ਨਸ਼ਿਆਂ ਵਿਚ ਲੱਭਦਾ ਹੈ।

ਜੈਸੇ ਜੈਸੇ ਮਨੁੱਖ ਅੰਦਰ ਤ੍ਰਿਸ਼ਨਾ ਵਧੀ ਹੈ ਤੇ ਫ਼ਿਕਰ-ਚਿੰਤਾਵਾਂ ਕਰਕੇ ਸਿਰ ਬੋਝਲ ਹੋਇਆ ਹੈ, ਨਸ਼ਿਆਂ ਦੀ ਵਰਤੋਂ ਵੀ ਵਧ ਗਈ ਹੈ ਤੇ ਐਸਾ ਦਿਖਾਈ ਦੇ ਰਿਹਾ ਹੈ ਕਿ ਨਸ਼ਿਆਂ ਤੋਂ ਬਿਨਾ ਜੀਵਨ ਔਖਾ ਹੁੰਦਾ ਜਾ ਰਿਹਾ ਹੈ। ਜੋ ਜਿਤਨਾ ਜ਼ਿਆਦਾ ਬੌਧਿਕ ਹੈ, ਦਿਮਾਗ਼ੀ ਤਲ 'ਤੇ ਜੀਵਨ ਵਾਲਾ ਹੈ, ਉਸ ਨੂੰ ਆਪਣੀਆਂ ਚਿੰਤਾਵਾਂ, ਉਲਝਣਾਂ ਖ਼ਾਸ ਕਰਕੇ ਦਿਖਾਈ ਦੇਂਦੀਆਂ ਹਨ, ਕਿਉਂਕਿ ਇਨ੍ਹਾਂ ਨੂੰ ਵੇਖਣ ਵਾਲੀ ਅੱਖ ਉਸ ਕੋਲ ਹੈ। ਇਸ ਵਾਸਤੇ ਅਕਸਰ ਦਾਰਸ਼ਨਿਕ, ਕਵੀ, ਸ਼ਾਇਰ ਸ਼ਰਾਬੀ ਹੋ ਜਾਂਦੇ ਹਨ ਤੇ ਐਸੇ ਬੰਦੇ ਨੂੰ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਇਤਨਾ ਸਿਆਣਾ ਬੰਦਾ ਤੇ ਸ਼ਰਾਬ ਪੀ ਕੇ ਬੇਹੋਸ਼ ਫਿਰਦਾ ਹੈ ?

ਸਾਧਾਰਨ-ਜਨ ਕੋਲ ਬਹੁਤ ਗਹਿਰੀ ਦ੍ਰਿਸ਼ਟੀ ਨਹੀਂ ਹੁੰਦੀ, ਇਸ ਵਾਸਤੇ ਜੀਵਨ ਦੀਆਂ ਮਹੀਨ ਉਲਝਣਾਂ ਉਸ ਨੂੰ ਦਿਖਾਈ ਨਹੀਂ ਦੇਂਦੀਆਂ, ਜਿਸ ਕਰਕੇ

ਸਾਧਾਰਨ-ਜਨ ਉਤਨਾ ਚਿੰਤਾਤੁਰ ਤੇ ਪਰੇਸ਼ਾਨ ਨਹੀਂ ਹੁੰਦਾ, ਜਿਤਨਾ ਕਿ ਸ਼ਾਇਰ, ਦਾਰਸ਼ਨਿਕ ਹੁੰਦਾ ਹੈ।

ਕੁਛ ਹਿੰਦੀ ਦੇ ਕਵੀ ਤੇ ਉਰਦੂ ਭਾਸ਼ਾ ਦੇ ਸ਼ਾਇਰ ਜਿਨ੍ਹਾਂ ਕੋਲ ਬਹੁਤ ਗਹਿਰੀ ਦ੍ਰਿਸ਼ਟੀ ਸੀ, ਇਸ ਮਹਾਨ ਦ੍ਰਿਸ਼ਟੀ ਦੇ ਹੁੰਦਿਆਂ ਹੋਇਆਂ ਵੀ ਉਨ੍ਹਾਂ ਦਾ ਜੀਵਨ ਨਸ਼ਿਆਂ ਦੇ ਦਲਦਲ ਵਿੱਚੋਂ ਲੰਘਿਆ ਹੈ। ਉਰਦੂ ਸ਼ਾਇਰੀ ਦੇ ਰੂਹੇ-ਰਵਾਂ ਮਿਰਜ਼ਾ ਗ਼ਾਲਿਬ ਦੇ ਹੱਥੋਂ ਤਾਂ ਜਾਮ ਛੁੱਟਦਾ ਹੀ ਨਹੀਂ ਸੀ ਤੇ ਆਂਤ੍ਰਿਕ ਬੇਚੈਨੀ ਉਸ ਦੀ ਸਿਖਰ 'ਤੇ ਪੁੱਜੀ ਹੋਈ ਸੀ :

*ਬੇਚੈਨੀਆਂ ਸਾਰੇ ਜਹਾਂ ਕੀ ਸਮੇਟ ਕਰ,*
*ਜਬ ਕੁਛ ਨ ਬਨਾ ਤੋ ਮੇਰਾ ਦਿਲ ਬਨਾ ਦੀਆ।*

ਇਤਨੀ ਬੇਚੈਨ ਤਬੀਅਤ ਵਾਲਾ ਅਗਰ ਨਸ਼ਾ ਨਾ ਲਵੇ ਤਾਂ ਪਾਗਲ ਹੋ ਜਾਵੇਗਾ। ਅੰਦਰ ਦਾ ਤਨਾਉ ਘੱਟ ਹੋਵੇ, ਉਸ ਨੂੰ ਭੁੱਲ ਜਾਈਏ, ਇਕੋ ਇਕ ਬਾਹਰੀ ਸਾਧਨ ਹੈ ਕਿ ਕੋਈ ਨਸ਼ਾ ਲੈ ਕੇ ਬੇਹੋਸ਼ ਹੋ ਜਾਈਏ। ਪੱਛਮ ਦੇ ਮਹਾਨ ਦਾਰਸ਼ਨਿਕ ਤੇ ਮਨੋਵਿਗਿਆਨੀ 'ਨੀਤਸ਼ੇ' ਤੇ 'ਫ਼ਰਾਈਡ' ਪਾਗਲ ਹੋ ਕੇ ਮਰੇ। ਜੋ ਜਿਤਨਾ ਸਿਆਣਾ ਹੋਵੇਗਾ ਉਤਨਾ ਹੀ ਜਗਤ ਅਸਾਰ ਦਿਖਾਈ ਦੇਵੇਗਾ ਤੇ ਉਹ ਸੁਭਾਵਕ ਹੀ ਬੇਚੈਨ ਹੋ ਜਾਵੇਗਾ।

ਪਸ਼ੂ ਪਾਗਲ ਨਹੀਂ ਹੁੰਦੇ, ਕਿਉਂਕਿ ਬੇਚੈਨੀ ਉਨ੍ਹਾਂ ਵਿਚ ਬਿਲਕੁਲ ਨਹੀਂ ਹੈ। ਖਾਣ ਪੀਣ ਨੂੰ ਮਿਲ ਜਾਵੇ, ਸਰੀਰ ਦੀਆਂ ਲੋੜਾਂ ਦੇ ਪੂਰਨ ਹੁੰਦਿਆਂ ਹੀ ਪਸ਼ੂ ਸੰਤੁਸ਼ਟ ਹੋ ਜਾਂਦਾ ਹੈ, ਇਸ ਵਾਸਤੇ ਪਸ਼ੂਆਂ ਵਿਚ ਤਨਾਉ ਨਹੀਂ ਦਿਖਾਈ ਦੇਂਦਾ। ਹਾਂ, ਜੋ ਪਸ਼ੂ ਮਨੁੱਖੀ ਬੰਦਿਸ਼ ਵਿਚ ਰਹਿੰਦੇ ਹਨ ਤੇ ਉਨ੍ਹਾਂ ਦੀ ਪ੍ਰਕ੍ਰਿਤੀ ਵਿਚ ਕੋਈ ਮਨੁੱਖ ਨੇ ਬਾਧਾ ਖੜੀ ਕੀਤੀ ਹੋਵੇ ਤਾਂ ਉਹ ਪਾਗਲ ਹੋ ਜਾਂਦੇ ਹਨ।

ਪਰ ਫਿਰ ਵੀ ਪਸ਼ੂਆਂ ਵਿਚ ਪਾਗਲਪਨ ਨਾਮ-ਮਾਤਰ ਹੈ। ਮਨੁੱਖ ਤਾਂ ਆਪਣਾ ਮਾਨਸਿਕ ਸੰਤੁਲਨ ਇਤਨਾ ਡਾਵਾਂ-ਡੋਲ ਕਰ ਬੈਠਾ ਹੈ ਕਿ ਸੰਸਾਰ ਭਰ ਦੇ ਪਾਗਲਖ਼ਾਨੇ ਮਨੁੱਖਾਂ ਨਾਲ ਭਰੇ ਪਏ ਹਨ। ਸੰਸਾਰਕ ਲੋੜਾਂ ਦੇ ਪੂਰਨ ਹੁੰਦਿਆਂ ਜਿਥੇ ਪਸ਼ੂ ਸੰਤੁਸ਼ਟ ਹੋ ਜਾਂਦਾ ਹੈ, ਉਥੇ ਮਨੁੱਖ ਅਤਿਅੰਤ ਬੇਚੈਨ ਹੋ ਉਠਦਾ ਹੈ ਤੇ ਜੀਵਨ ਯਾਂਤ੍ਰਿਕ ਦਿਖਾਈ ਦੇਣ ਲੱਗ ਪੈਂਦਾ ਹੈ।

ਸਭ ਕੁਛ ਦੇ ਮਿਲਦਿਆਂ ਹੀ ਪਤਾ ਚੱਲਦਾ ਹੈ ਕਿ ਮਿਲਿਆ ਤਾਂ ਕੁਛ ਵੀ ਨਹੀਂ, ਇਸ ਵਾਸਤੇ ਸੰਪੰਨ ਦੇਸ਼ਾਂ ਵਿਚ ਮਾਨਸਿਕ ਰੋਗੀ ਵਧਦੇ ਜਾ ਰਹੇ ਹਨ।

ਮਿਰਜ਼ਾ ਗ਼ਾਲਿਬ ਜਿਸ ਦੀ ਸੋਚਣੀ ਗਗਨ ਚੁੰਭੀ ਹੈ—ਕਹਿੰਦਾ ਹੈ ਕਿ ਦੁਨੀਆ ਤਾਂ ਮੇਰੇ ਲਈ ਇਕ ਬੱਚੇ ਦਾ ਖੇਲ ਹੈ।

ਇਥੇ ਤਖ਼ਤ ਸੁਲੇਮਾਨੀ ਤੇ ਹਜ਼ਰਤ ਈਸਾ ਦੇ ਮੁਅਜਿਜ਼ੇ (ਕਰਾਮਾਤਾਂ) ਇਕ ਬੱਚਿਆਂ ਦਾ ਖੇਲ ਹਨ:

*ਬਾਜ਼ੀਚਾ ਏ ਇਤਫ਼ਾਲ ਹੈ ਦੁਨੀਆ ਮੇਰੇ ਆਗੇ।*
*ਹੋਤਾ ਹੈ ਸ਼ਬੋ ਰੋਜ਼ ਤਮਾਸ਼ਾ ਮੇਰੇ ਆਗੇ।*
*ਇਕ ਖੇਲ ਹੈ ਔਰੰਗੇ ਸੁਲੇਮਾਂ ਮੇਰੇ ਨਜ਼ਦੀਕ,*
*ਇਕ ਬਾਤ ਹੈ ਇਜਾਜ਼ੇ ਮਸੀਹਾ ਮੇਰੇ ਆਗੇ।*

ਜਦ ਸਭ ਕੁਛ ਖੇਲ ਹੈ, ਕੁਛ ਤੁਛ ਹੈ ਤਾਂ ਮਾਨਸਿਕ ਬੇਚੈਨੀ ਪ੍ਰਗਾੜ ਰੂਪ ਧਾਰਨ ਕਰ ਲੈਂਦੀ ਹੈ ਤੇ ਉਸ ਬੇਚੈਨੀ ਨੂੰ ਕਾਬੂ ਕਰਨ ਲਈ ਬਾਹਰੋਂ ਸਿਰਫ਼ ਨਸ਼ਿਆਂ ਦਾ ਹੀ ਆਸਰਾ ਰਹਿ ਜਾਂਦਾ ਹੈ।

ਪੁਰਾਣਾ ਮਨੁੱਖ, ਆਦਿ ਮਨੁੱਖ ਜੰਗਲਾਂ ਵਿਚ ਰਹਿਣ ਵਾਲਾ ਆਪਣੇ ਆਪ ਵੀ ਸੰਤੁਸ਼ਟ ਸੀ, ਭਾਵੇਂ ਉਸ ਪੁਰਾਣੇ ਸਮੇਂ ਵਿਚ ਵੀ ਨਸ਼ੇ ਸਨ, ਪਰ ਬਹੁਤ ਥੋੜੇ। ਬੌਧਿਕ ਵਿਕਾਸ, ਰਹਿਣ-ਸਹਿਣ ਮਨੁੱਖ ਦਾ ਉੱਚਾ ਹੋਇਆ ਪਰ ਆਂਤ੍ਰਿਕ ਪੀੜਾ ਵੀ ਵਧ ਗਈ।

ਜੈਸੇ ਜੈਸੇ ਅੱਧੀ ਦੁਨੀਆ ਵਿਚ ਵਿੱਦਿਆ ਵਧ ਰਹੀ ਹੈ ਤੇ ਮਨੁੱਖ ਬੌਧਿਕ ਹੁੰਦਾ ਜਾਂਦਾ ਹੈ, ਵੈਸੇ ਵੈਸੇ ਇਸ ਦੀ ਮਾਨਸਿਕ ਪੀੜਾ ਵੀ ਵਧਦੀ ਜਾਂਦੀ ਹੈ, ਤੇ ਹਾਲਾਤ ਇਥੋਂ ਤਕ ਹੋ ਗਏ ਹਨ ਕਿ ਛੋਟੇ ਛੋਟੇ ਸਕੂਲ ਦੇ ਬੱਚੇ ਤੇ ਕਾਲਜ ਵਿਚ ਪੜ੍ਹਨ ਵਾਲੇ ਵਿਦਿਆਰਥੀ ਤੇ ਪੜ੍ਹਾਵਨ ਵਾਲੇ ਸਿਖਸ਼ਕ ਵੀ ਨਸ਼ਿਆਂ ਦੀ ਦੁਰ-ਵਰਤੋਂ ਕਰਨ ਲੱਗ ਪਏ ਹਨ। ਨਸ਼ਿਆਂ ਤੋਂ ਬਿਨਾਂ ਫ਼ਿਕਰਾਂ ਦੇ ਜਾਲ ਵਿੱਚੋਂ ਆਜ਼ਾਦੀ ਨਹੀਂ ਮਿਲਦੀ ਤੇ ਪੂਰਨ ਆਜ਼ਾਦੀ ਬਿਨਾਂ ਸਰੂਰ ਕਿਥੇ?

ਸੋ ਖ਼ੁਮਾਰੀ-ਸਰੂਰ ਪ੍ਰਾਣਾਂ ਦੀ ਮੰਗ ਹੈ। ਕੋਈ ਉਤਸਵ ਹੋਵੇ, ਘਰ ਵਿਚ ਵਿਵਾਹ ਸ਼ਾਦੀ ਹੋਵੇ ਤਾਂ ਸ਼ਰਾਬ ਦੀ ਵਰਤੋਂ ਲਾਜ਼ਮੀ ਹੈ। ਨਸ਼ਾ ਹੀ ਉਤਸਵ ਬਣਦਾ ਜਾ ਰਿਹਾ ਹੈ। ਬੇਹੋਸ਼ੀ ਹੀ ਰਸ ਬਣਦੀ ਜਾ ਰਹੀ ਹੈ ਤੇ ਜਦ ਵੀ ਕੋਈ ਵੱਡੀ ਖ਼ੁਸ਼ੀ ਮਨਾਉਣੀ ਹੈ ਤਾਂ ਬੇਹੋਸ਼ੀ ਚਾਹੀਦੀ ਹੈ, ਤੇ ਬੇਹੋਸ਼ ਹੋ ਸਕੀਏ, ਕੋਈ ਨਸ਼ਾ ਚਾਹੀਦਾ ਹੈ ਤੇ ਬੇਹੋਸ਼ੀ ਤਾਂ ਜੀਵਨ ਦੀ ਬਰਬਾਦੀ ਹੈ। ਇਸ ਨਾਲ ਪਰੇਸ਼ਾਨੀਆਂ ਦਾ ਅੰਤ ਨਹੀਂ ਹੁੰਦਾ, ਸਿਰਫ਼ ਵਕਤੀ ਤੌਰ 'ਤੇ ਪਰੇਸ਼ਾਨੀਆਂ ਭੁੱਲਦੀਆਂ ਹਨ। ਆਦਿ ਕਾਲ ਤੋਂ ਸੰਤ-ਜਨ ਨਸ਼ਿਆਂ ਦੀ ਨਿਖੇਧੀ ਕਰਦੇ ਆਏ ਹਨ, ਕਿਉਂਕਿ ਨਸ਼ਿਆਂ ਨਾਲ ਬੇਹੋਸ਼ੀ ਵਧਦੀ ਹੈ ਤੇ ਬੇਹੋਸ਼ੀ ਤੋਂ ਜ਼ਿਆਦਾ ਕੋਈ ਅਵਗੁਣ ਨਹੀਂ ਹੈ। ਮਤਿ ਹੀ ਤਾਂ ਮਨੁੱਖ ਕੋਲ ਪ੍ਰਭੂ ਵੱਲੋਂ ਮਿਲੀ ਸੌਗਾਤ ਹੈ ਤੇ ਸ਼ਰਾਬ ਪੀ ਕੇ ਹੀ ਮਤਿ ਤੋਂ ਥੱਲੇ ਮਨੁੱਖ ਆ ਜਾਂਦਾ ਹੈ:

**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥...**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥**

*(ਬਿਹਾਗੜੇ ਦੀ ਵਾਰ, ਸਲੋਕ ਮ: ੩, ਪੰਨਾ 554)*

ਪਰ ਮਨੁੱਖ ਨੂੰ ਜੋ ਸਰੂਰ ਚਾਹੀਦਾ ਹੈ, ਉਸ ਦਾ ਕੀ ਬਣੇਗਾ ? ਕਿਉਂਕਿ ਖ਼ੁਮਾਰੀ-ਮਖ਼ਮੂਰੀ ਤਾਂ ਮਨੁੱਖ ਨੂੰ ਚਾਹੀਦੀ ਹੈ। ਸੋ ਇਕ ਐਸੀ ਵੀ ਖ਼ੁਮਾਰੀ ਹੈ ਜੋ ਬੇਹੋਸ਼ੀ ਤੋਂ ਨਹੀਂ ਮਿਲਦੀ ਬਲਕਿ ਪਰਮ-ਹੋਸ਼ ਤੋਂ ਮਿਲਦੀ ਹੈ। ਪਰਮ ਹੋਸ਼ ਦੇ ਮਿਲਦਿਆਂ ਸੱਚਾਈ ਦਿੱਸ ਪੈਂਦੀ ਹੈ। ਹੋਸ਼ ਸਾਧਨ ਦੀ ਸਾਧਨਾ ਨੂੰ ਹੀ ਧਰਮ ਦੀ ਸਾਧਨਾ ਆਖਦੇ ਹਨ। ਸੰਤ ਮਹਾਂਪੁਰਸ਼ਾਂ ਤੋਂ ਜ਼ਿਆਦਾ ਕੋਈ ਹੋਰ ਹੋਸ਼ ਵਿਚ ਨਹੀਂ ਹੁੰਦਾ, ਇਸ ਵਾਸਤੇ ਸੰਤ ਕੋਲ ਵੀ ਇਕ ਖ਼ੁਮਾਰੀ ਹੁੰਦੀ ਹੈ।

ਅਗਰ ਇਕ ਸ਼ਰਾਬੀ ਤੇ ਇਕ ਸੰਤ ਨੂੰ ਇਕੱਠੇ ਇਕ ਹੀ ਥਾਂ 'ਤੇ ਬਿਠਾਈਏ ਤਾਂ ਦੋਹਾਂ ਦੀ ਅੱਖਾਂ ਦੀ ਖ਼ੁਮਾਰੀ ਵੇਖਦਿਆਂ ਪਹਿਚਾਨ ਕਰਨੀ ਔਖੀ ਹੋ ਜਾਵੇਗੀ ਕਿ ਸੰਤ ਕਿਹੜਾ ਹੈ ਤੇ ਸ਼ਰਾਬੀ ਕਿਹੜਾ ਹੈ।

ਸ਼ਰਾਬ ਦੀ ਖ਼ੁਮਾਰੀ ਵਿਚ ਤਾਂ ਸ਼ਰਾਬੀ ਆਪਣਾ ਧਾਮ ਵੀ ਭੁੱਲ ਜਾਂਦਾ ਹੈ ਪਰ ਨਾਮ ਦੀ ਖ਼ੁਮਾਰੀ ਪਰਮ ਹੋਸ਼ ਦੀ ਖ਼ੁਮਾਰੀ ਵਿਚ ਭਗਤ ਤਿੰਨ ਲੋਕਾਂ ਦੀਆਂ ਗੱਲਾਂ ਕਰਦਾ ਹੈ। ਸ਼ਰਾਬੀ ਨੂੰ ਇਕ ਜ਼ੋਰ ਨਾਲ ਥੱਪੜ ਲੱਗ ਜਾਵੇ ਤਾਂ ਸਾਰਾ ਨਸ਼ਾ ਕਾਫ਼ੂਰ ਹੋ ਜਾਂਦਾ ਹੈ, ਪਰ ਸੰਤ ਨੂੰ ਤੱਤੀ ਤਵੀ 'ਤੇ ਬਿਠਾ ਦੇਈਏ ਤਾਂ ਨਸ਼ਾ-ਖ਼ੁਮਾਰੀ ਦੂਰ ਨਹੀਂ ਹੁੰਦੀ। ਉਹ ਤਾਂ ਉਸ ਮਸਤੀ ਵਿਚ ਬੰਦ ਬੰਦ ਕਟਵਾ ਲੈਂਦਾ ਹੈ। ਔਰ ਉਸ ਹੋਸ਼ ਦੀ ਖ਼ੁਮਾਰੀ ਵਿਚ ਉਬਲਦੀ ਦੇਗ ਵਿਚ ਬੈਠ ਜਾਂਦਾ ਹੈ।

ਕਹਿੰਦੇ ਹਨ ਅਫ਼ੀਮਚੀ ਇਸ਼ਨਾਨ ਤੋਂ ਸੰਗਦਾ ਹੈ। ਠੰਡੇ ਪਾਣੀ ਦੀ ਬੂੰਦ ਪੈਂਦਿਆਂ ਅਫ਼ੀਮ ਦਾ ਸਾਰਾ ਨਸ਼ਾ ਲਹਿ ਜਾਂਦਾ ਹੈ ਪਰ ਉਬਲਦਾ ਪਾਣੀ ਵੀ ਸੰਤ ਦੀ ਖ਼ੁਮਾਰੀ ਨੂੰ ਖੋਹ ਨਹੀਂ ਸਕਦਾ।

ਸਾਰੇ ਨਸ਼ੇ ਬੇਹੋਸ਼ੀ ਦੀ ਖ਼ੁਮਾਰੀ ਹਨ। ਨਾਮ ਹੋਸ਼ ਦੀ ਖ਼ੁਮਾਰੀ ਹੈ। ਬੇਹੋਸ਼ੀ ਦੀ ਖ਼ੁਮਾਰੀ ਤਾਂ ਚੰਦ ਪੈਸਿਆਂ ਬਦਲੇ ਮਿਲ ਜਾਂਦੀ ਹੈ। ਸ਼ਰਾਬ ਅਫ਼ੀਮ ਤਾਂ ਰੁਪਇਆਂ ਬਦਲੇ ਮਿਲ ਜਾਵੇਗੀ, ਪਰ ਨਾਮ ਦੀ ਖ਼ੁਮਾਰੀ ਧਨ ਨਾਲ ਨਹੀਂ ਮਿਲਦੀ। ਇਹ ਸ਼ਰਾਬ, ਇਹ ਹੋਸ਼ ਦੀ ਖ਼ੁਮਾਰੀ ਤਾਂ ਖ਼ੁਦ ਬਣਾਉਣੀ ਪਵੇਗੀ, ਬਣੀ ਬਣਾਈ ਨਹੀਂ ਮਿਲੇਗੀ। ਇਸ ਹੋਸ਼ ਦੀ ਸ਼ਰਾਬ ਲਈ ਸਾਰਾ ਸਾਮਾਨ ਵੀ ਆਪਣੇ ਵਿੱਚੋਂ ਹੀ ਇਕੱਠਾ ਕਰਨਾ ਪਵੇਗਾ।

ਸ਼ਰਾਬ ਕੀ ਹੈ ? ਮਿੱਠੇ ਨੂੰ ਕੌੜਾ ਕਰਨਾ। ਨਾਮ-ਰਸ ਕੀ ਹੈ ? ਜਗਤ ਦੀ ਤਮਾਮ ਕੁੜੱਤਣ ਨੂੰ ਮਿਠਾਸ ਵਿਚ ਬਦਲ ਦੇਣਾ।

ਨਾਮ ਦੀ ਮਦਰਾ ਕਿਵੇਂ ਬਣਾਈਦੀ ਹੈ, ਉਸ ਦਾ ਢੰਗ ਗੁਰਬਾਣੀ ਨੇ ਇਹ ਦੱਸਿਆ ਹੈ :

**ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ॥**
**ਸੁਖਮਨ ਨਾਰੀ ਸਹਜ ਸਮਾਨੀ ਪੀਵੈ ਪੀਵਨਹਾਰਾ॥੧॥**

ਅਉਧੂ ਮੇਰਾ ਮਨੁ ਮਤਵਾਰਾ ॥
ਉਨਮਦ ਚਢਾ ਮਦਨ ਰਸੁ ਚਾਖਿਆ ਤ੍ਰਿਭਵਨ ਭਇਆ ਉਜਿਆਰਾ ॥੧॥ਰਹਾਉ॥
ਦੁਇ ਪੁਰ ਜੋਰਿ ਰਸਾਈ ਭਾਠੀ ਪੀਉ ਮਹਾ ਰਸੁ ਭਾਰੀ ॥
ਕਾਮੁ ਕ੍ਰੋਧੁ ਦੁਇ ਕੀਏ ਜਲੇਤਾ ਛੂਟਿ ਗਈ ਸੰਸਾਰੀ ॥੨॥
ਪ੍ਰਗਟ ਪ੍ਰਗਾਸ ਗਿਆਨ ਗੁਰ ਗੰਮਿਤ ਸਤਿਗੁਰ ਤੇ ਸੁਧਿ ਪਾਈ ॥
ਦਾਸੁ ਕਬੀਰੁ ਤਾਸੁ ਮਦ ਮਾਤਾ ਉਚਕਿ ਨ ਕਬਹੂ ਜਾਈ ॥੩॥

*(ਰਾਮਕਲੀ ਕਬੀਰ ਜੀਉ, ਪੰਨਾ 969)*

ਧਿਆਨ ਸਾਧਨਾ ਨੂੰ ਮਹੂਆ ਬਣਾਇਆ ਤੇ ਪ੍ਰਭੂ-ਗਿਆਨ ਨੂੰ ਗੁੜ ਬਣਾਇਆ, ਪਰਮਾਤਮਾ ਨੇ ਇਸ ਨੂੰ ਭੱਠੀ ਬਣਾਇਆ, ਮਨ ਨੂੰ ਸੁਖ ਦੇਣ ਵਾਲੀ ਪ੍ਰੇਮਾ-ਭਗਤੀ ਨੂੰ ਨਲੀ ਬਣਾਇਆ, ਜਿਸ ਵਿੱਚੋਂ ਭੱਠੀ 'ਚੋਂ ਨਿਕਲ ਕੇ ਸ਼ਰਾਬ ਬਾਹਰ ਆਂਵਦੀ ਹੈ, ਉਹ ਨਲੀ ਭਗਤੀ ਹੈ। ਨਿਰਗੁਣ ਸਰਗੁਣ ਦਾ ਜੋੜ ਚੁੱਲ੍ਹਾ ਹੈ ਤੇ ਇਸ ਚੁੱਲ੍ਹੇ ਵਿਚ ਕਾਮ ਕ੍ਰੋਧ ਦਾ ਬਾਲਣ ਡਾਹਿਆ ਹੈ, ਭਾਵ ਕਾਮ ਕ੍ਰੋਧ ਸਾੜਿਆ ਹੈ। ਇਸ ਤਰ੍ਹਾਂ ਦੀ ਸ਼ਰਾਬ ਬਣਾਉਣ ਦੀ ਜਾਚ ਗੁਰੂ ਦੱਸਦਾ ਹੈ :

ਪ੍ਰਗਟ ਪ੍ਰਗਾਸ ਗਿਆਨ ਗੁਰ ਗੰਮਿਤ ਸਤਿਗੁਰ ਤੇ ਸੁਧਿ ਪਾਈ ॥
ਦਾਸੁ ਕਬੀਰੁ ਤਾਸੁ ਮਦ ਮਾਤਾ ਉਚਕਿ ਨ ਕਬਹੂ ਜਾਈ ॥੩॥

*(ਰਾਮਕਲੀ ਕਬੀਰ ਜੀਉ, ਪੰਨਾ 969)*

ਸ਼ਰਾਬ ਦਾ ਨਸ਼ਾ ਬਾਰ ਬਾਰ ਲੈਣਾ ਪੈਂਦਾ ਹੈ, ਪਰ ਨਾਮ-ਖ਼ੁਮਾਰੀ ਇਕ ਦਫ਼ਾ ਤਾਰੀ ਹੋ ਜਾਵੇ, ਫਿਰ ਇਹ ਨਸ਼ਾ ਤਾ-ਜ਼ਿੰਦਗੀ ਰਹਿੰਦਾ ਹੈ।

ਇਸ ਤਰ੍ਹਾਂ ਦੀ ਖ਼ੁਮਾਰੀ ਦਾ ਬੋਧ ਗੁਰ-ਸ਼ਬਦ ਤੋਂ ਮਿਲਦਾ ਹੈ। ਇਸ ਲਈ ਗੁਰੂ ਨੂੰ ਭਾਈ ਨੰਦ ਲਾਲ ਜੀ ਸਾਕੀ ਆਖਦੇ ਹਨ।

ਇਕਬਾਲ ਨੇ ਵੀ ਧਰਮ ਦੇ ਰੂਪ ਨੂੰ ਖ਼ੁਮਾਰੀ ਨਾਲ, ਨਸ਼ੇ ਨਾਲ ਤੁਲਨਾ ਦਿੱਤੀ ਹੈ।

ਇਕਬਾਲ ਜਦ ਯੌਰਪ ਦੀ ਫੇਰੀ ਤੋਂ ਬਾਅਦ ਭਾਰਤ ਪਰਤ ਆਏ ਤਾਂ ਆਪ ਕੋਲੋਂ ਪੁੱਛਿਆ ਗਿਆ ਕਿ ਪੂਰਬ ਤੇ ਪੱਛਮ (ਯੌਰਪ ਤੇ ਭਾਰਤ) ਵਿਚ ਧਰਮ ਦੀ ਰੂਪ-ਰੇਖਾ ਦੀ ਤੁਲਨਾਤਮਿਕ ਗੱਲ ਸੁਣਾਓ ਤਾਂ ਆਪ ਦੇ ਮੂੰਹੋਂ ਇਹ ਸ਼ੇਅਰ ਨਿਕਲਿਆ :

*ਬਹੁਤ ਦੇਖੇ ਹੈਂ ਮੈਂਨੇ ਮਗ਼ਰਬ ਮਸ਼ਰਕ ਕੇ ਮੈਖ਼ਾਨੇ,*
*ਜਹਾਂ ਸਾਕੀ ਨਹੀਂ ਮਿਲਤਾ ਵਹਾਂ ਬੇਜ਼ੌਕ ਹੈ ਕਾਅਬਾ।*

ਆਪ ਦਾ ਕਹਿਣਾ ਹੈ ਯੌਰਪ ਦੀ ਸ਼ਰਾਬ ਤਾਂ ਕਿਸੇ ਕੰਮ ਦੀ ਨਹੀਂ, ਉਸ ਵਿਚ ਤਾਂ ਸਰੂਰ ਹੀ ਨਹੀਂ, ਕੋਈ ਗਹਿਰਾ ਨਸ਼ਾ ਹੀ ਨਹੀਂ, ਪਰ ਸਾਕੀ (ਪਿਲਾਉਣ ਵਾਲਾ) ਦਾ ਢੰਗ ਬੜਾ ਪ੍ਰਭਾਵਸ਼ਾਲੀ ਹੈ। ਉਸ ਦਾ ਸ਼ਰਾਬ ਪੇਸ਼ ਕਰਨ ਦਾ

ਅੰਦਾਜ਼ ਬੜਾ ਨਿਰਾਲਾ ਹੈ, ਜਿਸ ਕਰਕੇ ਆਮ ਲੋਕ ਪ੍ਰਭਾਵਿਤ ਹੁੰਦੇ ਹਨ ਤੇ ਪੀਣ ਨੂੰ ਜੀ ਕਰਦਾ ਹੈ। ਹਿੰਦੁਸਤਾਨ ਦੀ ਮਦਰਾ ਬੜੀ ਪਵਿੱਤਰ ਹੈ, ਨਸ਼ਾ ਹੈ, ਗਹਿਰਾਈ ਹੈ, ਪਰ ਸਾਕੀ ਕਿਸੇ ਕੰਮ ਦਾ ਨਹੀਂ ਹੈ। ਇਸ ਦੇ ਪੇਸ਼ ਕਰਨ ਦਾ ਢੰਗ ਕਠੋਰ ਹੈ, ਬਹੁਤ ਗੰਦਾ ਹੈ, ਇਸ ਵਾਸਤੇ ਪੀਣ ਨੂੰ ਜੀ ਨਹੀਂ ਕਰਦਾ।

ਯੌਰਪ ਦਾ ਪਾਦਰੀ ਹਲੇਮ ਨਿਰਮਾਣ ਹੈ, ਮਿੱਠ-ਬੋਲੜਾ ਹੈ, ਪੜ੍ਹਿਆ-ਲਿਖਿਆ ਹੈ, ਸਭਿਅ ਹੈ, ਇਸ ਵਾਸਤੇ ਉਸ ਦੀਆਂ ਧਰਮ ਸੰਬੰਧੀ ਵਿਚਾਰਾਂ ਪ੍ਰਭਾਵਿਤ ਕਰਦੀਆਂ ਹਨ, ਭਾਵੇਂ ਉਨ੍ਹਾਂ ਵਿਚਾਰਾਂ ਵਿਚ ਗਹਿਰਾਈ ਨਹੀਂ ਹੈ।

ਹਿੰਦੁਸਤਾਨ ਦੀ ਧਾਰਮਿਕ ਵਿਚਾਰ ਬਹੁਤ ਗਹਿਰੀ ਹੈ ਤੇ ਆਪਣੇ ਵਿਚ ਮਸਤੀ-ਸਰੂਰ ਵੀ ਰੱਖਦੀ ਹੈ ਪਰ ਸਾਕੀ ਅਸਭਿਅ ਹੈ।

ਮੁੱਦਤਾਂ ਬਾਅਦ ਇਕ ਪਵਿੱਤਰ ਸਾਕੀ ਪਵਿੱਤਰ ਮਦਰਾ ਲੈ ਕੇ ਆਇਆ। ਵਡਭਾਗੀ ਨੇ ਉਸ ਦਾ ਸਰੂਰ ਮਾਣਿਆ। ਉਹ ਸਾਕੀ ਸੀ—ਸ੍ਰੀ ਗੁਰੂ ਗੋਬਿੰਦ ਸਿੰਘ ਜੀ।

ਤਦੇ ਤਾਂ ਐਸੇ ਮਹਾਨ ਸਾਕੀ ਕੋਲੋਂ ਨਾਮ ਦੀ ਖ਼ੁਮਾਰੀ ਭਾਈ ਨੰਦ ਲਾਲ ਜੀ ਮੰਗ ਰਹੇ ਹਨ :

*ਬਦਹਿ ਸਾਕੀ ਮਰਾ ਯਕ ਜਾਮਿ ਜਾਂ ਰੰਗੀਨੀਏ ਦਿਲਹਾ।*
*ਬ-ਚਸ਼ਮਿ ਪਾਕ ਬੀਂ ਸਾਂਅ ਕੁਨਮ ਈਂ ਜੁਮਲਾ ਮੁਸ਼ਕਿਲ-ਹਾ।*

*(ਭਾਈ ਨੰਦ ਲਾਲ ਜੀ)*

ਐ ਮੇਰੇ ਸਾਕੀ! ਮੈਨੂੰ ਐਸੀ ਪਾਵਨ ਮਦਰਾ ਪਿਲਾ, ਐਸਾ ਜਾਮ ਦੇਹ, ਜਿਸ ਦੇ ਪੀਂਦਿਆਂ ਦੋ ਜਹਾਨਾਂ ਦੀਆਂ ਮੁਸ਼ਕਲਾਂ ਆਸਾਨ ਹੋ ਜਾਵਣ ਤੇ ਉਸ ਪਾਵਨ-ਪਿਆਰੇ ਪ੍ਰਭੂ ਨੂੰ ਇਨ੍ਹਾਂ ਖ਼ੁਮਾਰ-ਭਰੀਆਂ ਅੱਖਾਂ ਨਾਲ ਤੱਕ ਸਕਾਂ।

ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵਿਚ ਇਕ ਪੰਗਤੀ ਬਹੁਤ ਸੁੰਦਰ ਤੇ ਜਗਤ-ਪ੍ਰਸਿੱਧ ਆਈ ਹੈ :

*ਅਫ਼ੀਮ ਮਦਿ ਭਾਂਗ ਚਰਸ ਉਤਰ ਜਾਏ ਪ੍ਰਭਾਤ।*
*ਨਾਮ ਖ਼ੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।*

# ਭੇਟਾ

ਇਕ ਅਟੱਲ ਨਿਯਮ ਹੈ ਕਿ ਕੁਛ ਦੇ ਕੇ ਹੀ ਮਿਲਦਾ ਹੈ। ਇਸ ਵਾਸਤੇ ਸੰਸਾਰ ਨੂੰ ਦੇਣ-ਲੈਣ ਦਾ ਸੰਬੰਧ ਆਖਦੇ ਹਨ। ਭੇਟਾ ਕੋਈ ਦੇਣ-ਲੈਣ ਦਾ ਸੰਬੰਧ ਨਹੀਂ ਹੈ ਤੇ ਨਾ ਹੀ ਇਹ ਦਾਨ ਕਹਿਲਾ ਸਕਦਾ ਹੈ। ਜਦ ਕਿਸੇ ਦੀ ਮਹਾਨਤਾ, ਗੁਣ ਕਲਾ ਤੋਂ ਇਤਨੀ ਪ੍ਰਭਾਵਿਤ ਹੋਵੇ ਕਿ ਕੁਛ ਨਿਛਾਵਰ ਕਰਨ ਦਾ ਮਨ ਹੋਇਆ ਹੈ।

ਦਾਨ ਭੀ ਦਇਆ-ਭਾਵ ਤੋਂ ਪੈਦਾ ਹੁੰਦਾ ਹੈ ਤੇ ਦਇਆ ਤਾਂ ਉਨ੍ਹਾਂ 'ਤੇ ਆਵੇ ਜੋ ਪੱਛੜੇ ਹੋਏ ਹਨ, ਜੀਵਨ ਦੇ ਕਿਸੇ ਨਾ ਕਿਸੇ ਪੱਖ ਤੋਂ ਪਿੱਛੇ ਰਹਿ ਗਏ ਹਨ।

ਜੀਵਨ ਦੀ ਮਹਾਨਤਾ ਦਾ ਰਾਜ਼ ਵੀ ਇਨ੍ਹਾਂ ਦੋ ਵਿਚਾਰਾਂ ਵਿਚ ਛੁਪਿਆ ਪਿਆ ਹੈ ਕਿ ਜੋ ਪੱਛੜ ਗਏ ਹਨ, ਉਨ੍ਹਾਂ 'ਤੇ ਦਇਆ ਕਰ ਕੇ ਅਸੀਂ ਐਸਾ ਦਾਨ ਦੇਈਏ ਕਿ ਉਹ ਅੱਗੇ ਵਧ ਸਕਣ।

ਜੀਵਨ ਦੇ ਜਿਸ ਕਿਸੇ ਪੱਖ ਤੋਂ ਜੋ ਪੱਛੜੇ ਹਨ: ਧਨ, ਗੁਣ, ਕਲਾ, ਗਿਆਨ, ਰਾਜਨੀਤੀ ਤੇ ਧਰਮ ਕਰਕੇ ਜੋ ਪੱਛੜ ਗਏ ਹਨ, ਬਹੁਤ ਪਿੱਛੇ ਰਹਿ ਗਏ ਹਨ, ਉਨ੍ਹਾਂ ਦਾ ਸਹਾਰਾ ਬਣੀਏ ਤੇ ਜੋ ਅੱਗੇ ਲੰਘ ਗਏ ਹਨ, ਉਨ੍ਹਾਂ ਦਾ ਸਨਮਾਨ। ਪਿੱਛੇ ਰਹਿ ਗਇਆਂ 'ਤੇ ਜਦ ਦਇਆ ਕਰਾਂਗੇ ਤਾਂ ਉਹ ਅੱਗੇ ਵਧ ਸਕਣਗੇ ਤੇ ਅਗਾਂਹਾਂ ਜੋ ਨਿਕਲ ਗਏ ਹਨ, ਉਨ੍ਹਾਂ ਦਾ ਸਨਮਾਨ ਕਰੀਏ ਤੇ ਸਨਮਾਨ ਕਰਨ ਵਾਲਾ ਵੀ ਅੱਗੇ ਨਿਕਲ ਜਾਂਦਾ ਹੈ।

ਮਨੁੱਖ ਜੀਵਨ ਦੇ ਹਰ ਪੱਖ ਵਿਚ ਅੱਗੇ ਨਹੀਂ ਹੋ ਸਕਦਾ। ਸੰਤ-ਜਨ ਦਇਆ ਕਰ ਕੇ ਪੱਛੜ ਗਇਆਂ ਨੂੰ ਗਿਆਨ-ਭਗਤੀ ਦ੍ਰਿੜ੍ਹ ਕਰਾਉਂਦੇ ਰਹੇ ਹਨ, ਜਿਸ ਦਾ ਬਹੁਤ ਸਮਾਂ ਭਜਨ ਬੰਦਗੀ ਤੇ ਗਿਆਨ ਸਾਧਨਾ ਵਿਚ ਲੀਨ ਹੋਵੇਗਾ, ਉਹ ਧਨ ਕਰਕੇ ਪੱਛੜ ਜਾਏਗਾ।

ਸੋ ਧਨਵਾਨ ਧਨ ਅਰਪਨ ਕਰਦੇ ਹਨ, ਵਿਸ਼ੇਸ਼ ਤੌਰ 'ਤੇ ਦਇਆ ਉਨ੍ਹਾਂ 'ਤੇ ਚਾਹੀਦੀ ਹੈ ਜੋ ਜੀਵਨ ਦੇ ਹਰ ਪੱਖ ਤੋਂ ਪੱਛੜ ਗਏ ਹਨ। ਅਰਥ, ਧਰਮ, ਗੁਣ, ਕਲਾ, ਨੀਤੀ ਕਰਕੇ ਜੋ ਪੱਛੜ ਗਏ ਹਨ, ਇਸ ਨੀਤੀ ਨੂੰ ਇਸ ਵਿਚਾਰਧਾਰਾ ਨਾਲ ਅਗਰ ਮਨੁੱਖੀ ਜੀਵਨ ਬਤੀਤ ਹੋਵੇ ਤਾਂ ਧਰਤੀ 'ਤੇ ਹੀ ਸਵਰਗ ਦਾ ਜਨਮ ਹੋ ਸਕਦਾ ਹੈ।

ਅਕਸਰ ਮਨੁੱਖ ਉਦੋਂ ਜੀਵਨ ਨੂੰ ਨਰਕ ਬਣਾ ਲੈਂਦਾ ਹੈ ਜੋ ਅਗਾਂਹਾਂ ਨਿਕਲ ਗਇਆਂ ਦਾ ਸਨਮਾਨ ਨਹੀਂ ਕਰਦਾ।

ਜਿਸ ਤੋਂ ਬਿਨਾਂ ਜੀਵਨ ਸੁੰਨਾ ਪ੍ਰਤੀਤ ਹੋਵੇ, ਜੀਵਨ ਵਿਚ ਕੋਈ ਅਰਥ ਨਾ ਦਿਖਾਈ ਦੇਵੇ, ਤੇ ਜਿਸ ਦਾ ਚਿੰਤਨ ਹਰ ਵਕਤ ਚੱਲੇ, ਉਸ ਲਈ ਕੁਛ ਭੇਟ ਕਰਨ ਦਾ ਮਨ ਹੁੰਦਾ ਹੈ। ਕੁਛ ਨਿਛਾਵਰ ਕਰਨਾ, ਕੁਰਬਾਨ ਕਰਨਾ, ਇਹ ਭਾਵਨਾ ਅੰਦਰੋਂ ਉਪਜਦੀ ਹੈ।

ਇਸਲਾਮ ਵਿਚ ਜਾਨਵਰਾਂ ਦੀ ਕੁਰਬਾਨੀ ਦਿੱਤੀ ਜਾਂਦੀ ਹੈ। ਜੀਵਨ (ਜਿੰਦ) ਸਭ ਤੋਂ ਵਡਮੁੱਲੀ ਹੈ, ਸੱਚ ਤਾਂ ਇਹ ਹੈ ਕਿ ਜਿੰਦ ਅਮੁੱਲ ਹੈ, ਇਸ ਦਾ ਕੋਈ ਮੁੱਲ ਪਾਇਆ ਹੀ ਨਹੀਂ ਜਾ ਸਕਦਾ ਤੇ ਜਿੰਦ ਭੇਟ ਕਰਨਾ ਸਭ ਤੋਂ ਵੱਡੀ ਭੇਟਾ ਹੈ। ਪਰ ਜਿੰਦ ਦੂਜੇ ਦੀ ਭੇਟ ਕਰਨਾ ਤੇ ਆਪਣੀ ਬਚਾ ਲੈਣਾ, ਇਹ ਭੇਟਾ ਨਹੀਂ ਹੈ, ਕੁਰਬਾਨੀ ਨਹੀਂ ਹੈ, ਤੇ ਇਸ ਤਰ੍ਹਾਂ ਦੀ ਕੁਰਬਾਨੀ ਨਾਲ ਜੀਵਨ ਅੰਦਰ ਕੋਈ ਗਿਆਨ-ਪ੍ਰਕਾਸ਼ ਦੀ ਕਿਰਨ ਫੁਟਦੀ ਨਹੀਂ ਦਿਖਾਈ ਦੇਂਦੀ।

ਸਾਡੇ ਦੇਸ਼ ਅੰਦਰ ਵੀ ਬੱਕਰੇ, ਗਊਆਂ, ਘੋੜੇ ਤੇ ਮਨੁੱਖ ਦੀ ਵੀ ਬਲੀ ਚੜ੍ਹਾਈ ਜਾਂਦੀ ਰਹੀ ਹੈ ਤੇ ਇਸ ਤਰ੍ਹਾਂ ਦੀ ਕੁਰਬਾਨੀ ਕਰਨ ਵਾਲਾ ਮਹਾਨ ਸਮਝਿਆ ਜਾਂਦਾ ਰਿਹਾ ਹੈ। ਸਭਿਅਤਾ ਦੇ ਵਿਕਾਸ ਤੇ ਬੌਧਿਕ ਬਲ ਦੀ ਉੱਨਤੀ ਨਾਲ ਸੰਸਾਰ ਵਿਚ ਪਰਮਾਤਮਾ ਦੇ ਨਾਮ 'ਤੇ ਜੀਵਾਂ ਨੂੰ ਭੇਟ ਕਰਨਾ, ਕੁਰਬਾਨ ਕਰਨਾ ਬੰਦ ਹੁੰਦਾ ਜਾ ਰਿਹਾ ਹੈ।

ਸਰਬ ਗੁਣ ਸਮਰੱਥ ਤੇ ਸਰਬ ਸ਼ਕਤੀਮਾਨ ਅਕਾਲ ਪੁਰਖ ਅੱਗੇ ਕੀ ਭੇਟਾ ਰੱਖੀਏ ਤੇ ਇਹ ਚੇਤੇ ਰੱਖਣਾ ਚਾਹੀਦਾ ਹੈ, ਭੇਟ ਦਾਨ ਨਹੀਂ ਹੈ, ਦਾਨ ਉਨ੍ਹਾਂ ਵਾਸਤੇ ਹੈ ਜੋ ਪੱਛੜ ਗਏ ਹਨ। ਪਿੱਛੇ ਰਹਿ ਗਇਆਂ ਨੂੰ ਜੋ ਕੁਛ ਵੀ ਦੇਣਾ ਹੈ, ਉਹ ਦਾਨ ਹੈ। ਅੰਨ ਦਾਨ, ਧਨ ਦਾਨ, ਵਿੱਦਿਆ ਦਾਨ, ਕਲਾ ਦਾਨ ਤੇ ਧਰਮ ਦਾਨ ਇਤਿਆਦਿਕ।

ਪਰ ਭੇਟਾ ਤਾਂ ਉਸ ਅੱਗੇ ਰੱਖੀਦੀ ਹੈ ਜੋ ਹਰ ਪੱਖ ਤੋਂ ਅੱਗੇ ਹੈ। ਸਰਬ-ਕਲਾ ਸਮਰੱਥ ਗੁਰੂ ਅਕਾਲ ਪੁਰਖ ਅੱਗੇ ਹਨ ਤੇ ਜੋ ਹਰ ਪੱਖ ਤੋਂ ਅੱਗੇ ਹਨ, ਉਸ ਅੱਗੇ ਕੀ ਭੇਟ ਰੱਖੀਏ:

**ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥**
**ਅਵਰੁ ਨ ਫੂਲੁ ਅਨੂਪੁ ਨ ਪਾਵਉ ॥** *(ਗੂਜਰੀ ਰਵਿਦਾਸ ਜੀ, ਪੰਨਾ 525)*

ਉਸ ਸਮਰੱਥ ਗੋਬਿੰਦ ਅੱਗੇ ਕੀ ਭੇਟ ਚੜ੍ਹਾਈਏ? ਕਿਉਂਕਿ ਜਗਤ ਵਿਚ ਉਸ ਅੱਗੇ ਭੇਟ ਕਰਨ ਲਈ ਮੈਨੂੰ ਕੋਈ ਹੋਰ (ਸੁੱਚਾ) ਫੁੱਲ ਦਿਖਾਈ ਨਹੀਂ ਦੇਂਦਾ, ਤਾਂ ਭਗਤ ਰਵਿਦਾਸ ਜੀ ਫ਼ੁਰਮਾਨ ਕਰਦੇ ਹਨ ਕਿ ਹਾਂ, ਇਕ ਵਸਤੂ ਐਸੀ ਹੈ ਅਗਰ ਭੇਟ ਕਰ ਦਈਏ ਤਾਂ ਪਰਮਾਤਮਾ ਅਕਾਲ ਪੁਰਖ ਦੀ ਖ਼ੁਸ਼ੀ ਮਿਲ ਸਕਦੀ ਹੈ, ਉਹ ਭੇਟ ਹੈ, ਆਪਣਾ ਮਨ।

ਉਸ ਅਕਾਲ ਪੁਰਖ ਅੱਗੇ ਆਪਣਾ ਮਨ ਭੇਟ ਕਰਨਾ ਹੈ, ਆਪਣੀ ਮਤ ਭੇਟ ਕਰਨੀ ਹੈ :

**ਤਨੁ ਮਨੁ ਅਰਪਉ ਪੂਜ ਚਰਾਵਉ ॥**
**ਗੁਰ ਪਰਸਾਦਿ ਨਿਰੰਜਨੁ ਪਾਵਉ ॥** *(ਗੂਜਰੀ ਰਵਿਦਾਸ ਜੀ, ਪੰਨਾ 525)*

ਮਨ ਤੋਂ ਵੱਡੀ ਕੋਈ ਭੇਟਾ ਨਹੀਂ ਹੈ। ਮਨ ਅਰਪਨ ਕਰ ਦਿੱਤਾ, ਮਾਨੋ ਸਭ ਕੁਛ ਭੇਟ ਹੋ ਗਿਆ। ਮਨ ਭੇਟ ਕਰਨ ਨਾਲ ਹੀ ਨਾਮ-ਰਸ ਪਰਮਾਤਮ ਸਿੱਧੀ ਪ੍ਰਾਪਤ ਹੁੰਦੀ ਹੈ, ਪਰ ਇਕਦਮ ਮਨ ਭੇਟ ਕਰਨਾ ਅਤਿਅੰਤ ਔਖਾ ਹੈ। ਜੋ ਦਿਨ ਰਾਤ ਨਾਮ-ਸਾਧਨਾ ਵਿਚ ਜੁੜੇ ਹੋਏ ਹਨ, ਉਨ੍ਹਾਂ ਵਾਸਤੇ ਵੀ ਸਭ ਤੋਂ ਵੱਡੀ ਔਕੜ ਇਹੀ ਹੈ ਕਿ ਬਾਕੀ ਸਭ ਕੁਛ ਭੇਟ ਕਰ ਦੇਂਦੇ ਹਾਂ ਪਰ ਮਨ ਭੇਟ ਕਰਨਾ ਔਖਾ ਹੋ ਜਾਂਦਾ ਹੈ।

ਅੰਨ ਭੇਟ ਕਰਨਾ, ਧਨ ਭੇਟ ਕਰਨਾ, ਬਸਤਰ ਤੇ ਫਲ ਫੁੱਲ ਮਿਸ਼ਟਾਨ ਆਦਿ ਭੇਟ ਕਰਨਾ ਤਾਂ ਮਨ ਨੂੰ ਭੇਟ ਕਰਨ ਲਈ ਇਕ ਤਿਆਰੀ ਹੈ। ਜਿਨ੍ਹਾਂ ਚੀਜ਼ਾਂ ਵਿਚ ਰੁਚੀ ਹੈ, ਜੋ ਚੀਜ਼ਾਂ ਮਨਭਾਉਂਦੀਆਂ ਹਨ, ਪਹਿਲੇ ਭੇਟ ਕਰਨੀਆਂ ਹਨ ਤਾਕਿ ਇਕ ਦਿਨ ਮਨ ਖ਼ੁਦ ਭੇਟ ਹੋਣ ਵਿਚ ਰਾਜ਼ੀ ਹੋ ਜਾਵੇ।

ਧਨ-ਸੰਪਦਾ ਭੇਟ ਕਰ ਕੇ ਅਗਰ ਮਨ ਨਾ ਭੇਟ ਕਰ ਸਕੇ ਤਾਂ ਰਾਮ-ਰਸ ਅਕਾਲ ਪੁਰਖ ਦੀ ਪ੍ਰਸੰਨਤਾ ਤੋਂ ਵਾਂਝੇ ਰਹਿ ਜਾਵਾਂਗੇ :

**ਕੰਚਨ ਸਿਉ ਪਾਈਐ ਨਹੀ ਤੋਲਿ ॥**
**ਮਨੁ ਦੇ ਰਾਮੁ ਲੀਆ ਹੈ ਮੋਲਿ ॥** *(ਗਉੜੀ ਕਬੀਰ ਜੀ, ਪੰਨਾ 327)*

ਇਕ ਕਰੋੜਾਂਪਤੀ ਕਰੋੜਾਂ ਦੀ ਭੇਟ ਕਰੇ ਤਾਂ ਵੀ ਇਹ ਬਹੁਤ ਵੱਡੀ ਭੇਟ ਨਹੀਂ ਹੈ। ਇਕ ਮੁਫ਼ਲਿਸ ਜਿਸ ਦਾ ਕੁੱਲ ਸਰਮਾਇਆ ਚੰਦ ਦਮੜੀਆਂ ਹੋਵਣ, ਅਗਰ ਉਹ ਭੇਟ ਕਰ ਦੇਵੇ ਤਾਂ ਉਸ ਨੇ ਆਪਣਾ ਸਭ ਕੁਛ ਭੇਟ ਕਰ ਦਿੱਤਾ ਤੇ ਸਿੱਖ ਗੁਰੂ ਦੀ ਪ੍ਰਸੰਨਤਾ ਦਾ ਪਾਤਰ ਬਣ ਜਾਂਦਾ ਹੈ :

**ਭਾਵਨੀ ਭਗਤਿ ਭਾਇ ਕਉਡੀ ਅਗ੍ਰਭਾਗ ਰਾਖੈ,**
**ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ ॥**
*(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)*

ਭਾਈ ਨੰਦ ਲਾਲ ਜੀ ਤਾਂ ਕਹਿੰਦੇ ਹਨ ਕਿ ਤੇਰੀ ਇਕ ਮਿਹਰ ਦੀ ਨਿਗ੍ਹਾ ਤੋਂ ਮੈਂ ਆਪਣੀ ਜਾਨ ਸਦਕੇ ਕਰ ਸਕਦਾ ਹਾਂ, ਪਰ ਮਿਹਰ ਦੀ ਨਿਗ੍ਹਾ ਤਾਂ ਜਾਨ ਦੇ ਬਦਲੇ ਵੀ ਮਿਲਣੀ ਔਖੀ ਹੈ :

*ਗੁ.ਫ਼ਤਮ ਕਿ: ਜਾਂ ਦਹੰਮ, ਇਵਜ਼ਿ ਯਕ ਨਿਗਾਹਿ ਤੋ।*
*ਗੁ.ਫ਼ਤਾ, ਮਿਆਨੇ ਮਾ ਓ ਤੋ, ਸੌਦਾ ਨਮੇ ਸ਼ਵਦ।*
*(ਭਾਈ ਨੰਦ ਲਾਲ ਜੀ)*

ਮਨ ਦਾ ਜਿਤਨਾ ਹਿੱਸਾ ਜਿਸ ਕਾਰਜ ਵਿਚ ਲਾਈਏ ਉਤਨੀ ਕਾਰਜ ਦੀ ਸਿੱਧੀ ਹੁੰਦੀ ਹੈ, ਪਰ ਪੂਰਨ ਪਰਮਾਤਮਾ ਤਾਂ ਉਦੋਂ ਪ੍ਰਾਪਤ ਹੁੰਦਾ ਹੈ, ਜਦ ਮਨ ਪੂਰਨ ਭੇਟ ਕਰੀਏ। ਮਨ ਦੇ ਅਰਪਣ ਕੀਤਿਆਂ ਬਾਕੀ ਸਭ ਕੁਛ ਅਰਪਣ ਹੋ ਜਾਂਦਾ ਹੈ:

**ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥**

*(ਗਉੜੀ ਮ: ੫, ਪੰਨਾ 204)*

ਮਨ ਤੋਂ ਵੱਡੀ ਕੋਈ ਭੇਟਾ ਨਹੀਂ ਹੈ।

ਮਨ ਭੇਟ ਕਰਨ ਤੋਂ ਵੱਡਾ ਕੋਈ ਤਿਆਗ ਨਹੀਂ ਹੈ।

ਮਨ ਦੇ ਭੇਟ ਕੀਤਿਆਂ ਹੀ ਅਧਿਆਤਮ ਕਾਰਜ ਰਾਸ ਆਂਵਦਾ ਹੈ, ਭਾਵ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ:

**ਮਨੁ ਬੇਚੈ ਸਤਿਗੁਰ ਕੈ ਪਾਸਿ ॥**
**ਤਿਸੁ ਸੇਵਕ ਕੇ ਕਾਰਜ ਰਾਸਿ ॥**

*(ਗਉੜੀ ਸੁਖਮਨੀ ਮਹਲਾ ੫, ਪੰਨਾ 286)*

ਧਰਮ ਦੇ ਸਮੱਗਰ ਸਾਧਨ ਮਨ ਭੇਟ ਕਰਨ ਵਾਸਤੇ ਹਨ ਤੇ ਮਨ ਦੀ ਕੁਰਬਾਨੀ ਦੇਂਦਿਆਂ ਅਕਾਲ ਪੁਰਖ ਫਿਰ ਕੁਰਬਾਨੀ ਦੇਣ ਵਾਲੇ ਤੋਂ ਕੁਰਬਾਨ ਹੁੰਦਾ ਹੈ, ਤੇ ਇਸ ਤਰ੍ਹਾਂ ਕੁਰਬਾਨੀ ਦੇਣ ਵਾਲਾ, ਭੇਟਾ ਕਰਨ ਵਾਲਾ ਆਪਣਾ ਜੀਵਨ ਸਫਲ ਕਰ ਲੈਂਦਾ ਹੈ।

•



## ਗਿ. ਸੰਤ ਸਿੰਘ ਮਸਕੀਨ
## ਰਚਨਾਵਲੀ

- ਗੁਰੂ-ਚਿੰਤਨ
- ਗੁਰੂ-ਜੋਤੀ
- ਤੀਜਾ ਨੇਤ੍ਰ
- ਚੌਥਾ ਪਦੁ
- ਪੰਚ ਪ੍ਰਵਾਨ
- ਖਟਿ ਦਰਸ਼ਨ
- ਰਮਜ਼ ਤੇ ਰਹੱਸ
- ਰਸ-ਧਾਰਾ
- ਗੁਰਦੁਆਰਿਆਂ ਦਾ ਪ੍ਰਬੰਧਕੀ ਢਾਂਚਾ ਤੇ ਪ੍ਰਚਾਰਕ
- ਸਬਦ ਗੁਰੂ ਸੁਰਤਿ ਧੁਨਿ ਚੇਲਾ
- ਰਤਨਾਗਰ (ਅੰਮ੍ਰਿਤ ਮੰਥਨ)
- ਪੰਜ ਵਿਕਾਰ ਤੇ ਚਾਰ ਯੁਗ

*ਛਪਣ ਯੋਗ :*

- ਸਪਤ ਦੀਪ
- ਨੌ ਰਸ
- ਅਸ਼ਟ ਧਾਤ